People's Herald



Rs- 100/month

# "ਇਕੁਐਲਿਟੀ ਐਂਡ ਜਸਟਿਸ"

https://www.facebook.com/profile.php?id=161037521061610

"Equality and Justice" स्वतंत्रता, समानता, भाईचारा

People's Herald



PATIALA On line paper 03 ਮਈ 2025 ਸਨਿੱਚਰਵਾਰ "ਰੋਜ਼ਾਨਾ" ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸ਼ੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



"ਇਕੁਐਲਿਟੀ ਐਂਡ ਜਸਟਿਸ"

# ਭਾਖੜਾ ਨਹਿਰ ਦੇ ਪਾਣੀ ਵਿਵਾਦ ਨੂੰ ਲੈ ਕੇ ਪੰਜਾਬ ਭਵਨ ਵਿਖੇ ਸਰਬ ਪਾਰਟੀ ਮੀਟਿੰਗ ਜਾਰੀ

## ਚਾਰ ਸੂਬਿਆਂ ਦੇ ਮੁੱਖ ਸਕੱਤਰਾਂ ਦੀ ਮੀਟਿੰਗ ਵਿੱਚ ਹਰਿਆਣਾ ਠੋਸ ਪੱਖ ਰੱਖਣ 'ਚ ਨਾਕਾਮ, ਕੇਂਦਰ ਵੱਲੋਂ ਸਿੱਧੇ ਦਖ਼ਲ ਤੋਂ ਇਨਕਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com

ਪਿਛਲੇ 3 ਦਿਨਾਂ ਤੋਂ ਭਾਖੜਾ ਨਹਿਰ ਦੇ ਪਾਣੀ ਦੀ ਵੰਡ ਨੂੰ ਲੈ ਕੇ ਹਰਿਆਣਾ ਅਤੇ ਪੰਜਾਬ ਸਰਕਾਰ ਵਿਚਕਾਰ ਘਮਸਾਣ ਚੱਲ ਰਿਹਾ ਹੈ। ਇਸ ਸਬੰਧ ਵਿੱਚ ਪੰਜਾਬ ਸਰਕਾਰ ਵੱਲੋਂ ਚੰਡੀਗੜ੍ਹ ਦੇ ਪੰਜਾਬ ਭਵਨ ਵਿਖੇ ਬੁਲਾਈ ਗਈ ਸਰਬ ਪਾਰਟੀ ਮੀਟਿੰਗ ਹੋ ਗਈ ਹੈ। ਇਸ ਸਬੰਧੀ ਕੁਝ ਸਮੇਂ ਬਾਅਦ ਇੱਕ ਸਾਂਝੀ ਪ੍ਰੈਸ ਕਾਨਫਰੰਸ ਕੀਤੀ ਗਈ।

ਸਾਰੀਆਂ ਵਿਰੋਧੀ ਪਾਰਟੀਆਂ ਦੇ ਪ੍ਰਧਾਨਾਂ ਨੂੰ ਸੱਦਾ ਦਿੱਤਾ ਗਿਆ ਸੀ ਪਰ ਭਾਜਪਾ ਨੂੰ ਛੱਡ ਕੇ ਹੋਰ ਪਾਰਟੀਆਂ ਦੇ ਪ੍ਰਧਾਨਾਂ ਨੇ ਸ਼ਿਰਕਤ ਨਹੀਂ ਕੀਤੀ। ਭਾਜਪਾ ਵੱਲੋਂ ਸਿਰਫ਼ ਸੂਬਾ ਪ੍ਰਧਾਨ ਸੁਨੀਲ ਜਾਖੜ ਹੀ ਪਹੁੰਚੇ। ਬਾਕੀ ਪਾਰਟੀਆਂ ਨੇ ਮੀਟਿੰਗ ਵਿੱਚ ਆਪਣੇ ਨੁਮਾਇੰਦੇ ਭੇਜੇ। ਮੀਟਿੰਗ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਰੇ ਆਗੂਆਂ ਨੂੰ ਪੰਜਾਬ



ਵਿੱਚ ਪਾਣੀ ਦੀ ਸਥਿਤੀ ਬਾਰੇ ਜਾਣਕਾਰੀ ਦਿੱਤੀ।

### ਮੀਟਿੰਗ ਵਿੱਚ ਸ਼ਾਮਲ ਆਗੂ

ਆਮ ਆਦਮੀ ਪਾਰਟੀ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਕੈਬਨਿਟ ਮੰਤਰੀ ਅਤੇ ਪੰਜਾਬ ਪਰਦੇਸ਼ ਪ੍ਰਧਾਨ ਅਮਨ ਅਰੋੜਾ ਮੀਟਿੰਗ ਦੀ ਅਗਵਾਈ ਕਰ ਰਹੇ ਸਨ।

ਬਹੁਜਨ ਸਮਾਜ ਪਾਰਟੀ (ਬਸਪਾ) ਵੱਲੋਂ ਵਿਧਾਇਕ ਅਵਤਾਰ ਸਿੰਘ ਕਰੀਮਪੁਰੀ ਨੇ ਹਾਜ਼ਰੀ ਲਗਾਈ ਅਤੇ ਦਾਅਵਾ ਕੀਤਾ ਕਿ ਪਾਣੀ ਪੰਜਾਬ ਦਾ ਸਵੈਭਾਵਿਕ ਹੱਕ ਹੈ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਬਲਵਿੰਦਰ ਸਿੰਘ ਭੂੰਦੜ ਅਤੇ ਡਾ. ਦਲਜੀਤ ਸਿੰਘ ਚੀਮਾ ਨੇ ਹਿੱਸਾ ਲਿਆ। ਦੋਹਾਂ ਆਗੂਆਂ ਨੇ ਪੰਜਾਬ ਦੇ ਪਾਣੀ ਹੱਕਾਂ ਦੀ ਰੱਖਿਆ ਲਈ ਇੱਕਜੁੱਟਤਾ 'ਤੇ ਜ਼ੋਰ ਦਿੱਤਾ।

ਕਾਂਗਰਸ ਪਾਰਟੀ ਵੱਲੋਂ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅਤੇ ਰਾਣਾ ਕੇਪੀ ਮੀਟਿੰਗ ਵਿੱਚ ਪਹੁੰਚੇ। ਉਨ੍ਹਾਂ ਨੇ ਮੰਗ ਕੀਤੀ ਕਿ ਕੇਂਦਰ ਸਰਕਾਰ ਨੂੰ ਵੀ ਇਸ ਵਿਵਾਦ 'ਚ ਸਿਧੇ ਤੌਰ 'ਤੇ ਸ਼ਾਮਲ ਕਰਕੇ ਹੱਲ ਲੱਭਿਆ ਜਾਵੇ।

ਭਾਰਤੀ ਜਨਤਾ ਪਾਰਟੀ (ਭਾਜਪਾ) ਵੱਲੋਂ ਪੰਜਾਬ ਪ੍ਰਧਾਨ ਸੁਨੀਲ ਕੁਮਾਰ ਜਾਖੜ ਅਤੇ ਮਨੋਰੰਜਨ ਕਾਲੀਆ ਨੇ ਵਿਚਾਰ ਪ੍ਰਸਤੁਤ ਕੀਤੇ। ਉਨ੍ਹਾਂ ਨੇ ਸਰਕਾਰ ਨੂੰ ਹਕੀਕਤਾਂ ਅਧਾਰਿਤ ਹੱਲ ਲੱਭਣ ਦੀ ਸਲਾਹ ਦਿੱਤੀ।

ਤ੍ਰਿਪਤ ਬਾਜਵਾ ਨੇ ਸਰਬ ਪਾਰਟੀ ਮੀਟਿੰਗ ਬੁਲਾਉਣ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ

ਉਨ੍ਹਾਂ ਕਿਹਾ ਕਿ ਇਸ ਮੁੱਦੇ 'ਤੇ ਪ੍ਰਧਾਨ ਮੰਤਰੀ ਤੋਂ ਸਮਾਂ ਮੰਗਿਆ ਜਾਣਾ ਚਾਹੀਦਾ ਹੈ ਅਤੇ ਇੱਕ ਸਰਬ-ਪਾਰਟੀ ਵਫ਼ਦ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ। ਉਧਰ, ਸੁਨੀਲ ਜਾਖੜ ਅਜੇ ਵੀ ਪਾਣੀ ਦੇਣ ਦੇ ਹੱਕ ਵਿੱਚ, ਕਿਹਾ: ਸਾਨੂੰ ਗੁਆਂਢੀ ਰਾਜਾਂ ਨਾਲ ਸਬੰਧ ਨਹੀਂ ਵਿਗਾੜਨੇ ਚਾਹੀਦੇ।

ਸੂਤਰਾਂ ਅਨੁਸਾਰ ਗ੍ਰਹਿ ਸਕੱਤਰ ਨੇ ਕਿਹਾ ਕਿ ਜੇਕਰ ਹਰਿਆਣਾ ਦੀ ਵਾਧੂ ਪਾਣੀ ਦੀ ਮੰਗ ਬਰਕਰਾਰ ਰਹਿੰਦੀ ਹੈ, ਤਾਂ ਹਰਿਆਣਾ ਆਪਣੀ ਲੋੜ ਅਨੁਸਾਰ ਬਿਨਾਂ ਸ਼ਰਤ ਪੰਜਾਬ ਤੋਂ ਪਾਣੀ ਉਧਾਰ ਲੈ ਲਵੇਗਾ ਅਤੇ ਪੰਜਾਬ ਨੂੰ ਜਦੋਂ ਵੀ ਲੋੜ ਪਵੇਗੀ, ਇਹ ਪਾਣੀ ਹਰਿਆਣਾ ਨੂੰ ਵਾਪਸ ਕਰਨਾ ਪਵੇਗਾ।

# ਮਾਇਆਵਤੀ ਨੇ ਜਾਤੀ ਜਨਗਣਨਾ ਨੂੰ ਲੈ ਕੇ ਭਾਜਪਾ-ਕਾਂਗਰਸ ਦੀ ਨਿੰਦਾ ਕੀਤੀ, ਕਿਹਾ ਕਿ ਓਬੀਸੀ ਦਾ ਕਲਿਆਣ ਸਿਰਫ ਬਸਪਾ ਦੇ ਹੱਥ ਵਿੱਚ ਹੈ

## ਬਸਪਾ ਮੁਖੀ ਨੇ ਕੇਂਦਰ ਦੇ ਫੈਸਲੇ ਨੂੰ ਦੇਰੀ ਨਾਲ ਅਤੇ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਦੱਸਿਆ, ਕਿਹਾ ਕਿ ਓਬੀਸੀ, ਦਲਿਤ ਅਸਲ ਸਸ਼ਕਤੀਕਰਨ ਲਈ ਭਾਜਪਾ ਜਾਂ ਕਾਂਗਰਸ 'ਤੇ ਭਰੋਸਾ ਨਹੀਂ ਕਰ ਸਕਦੇ।

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com

ਲਖਨਊ: ਬਸਪਾ ਪ੍ਰਧਾਨ ਮਾਇਆਵਤੀ ਨੇ ਸ਼ੁੱਕਰਵਾਰ ਨੂੰ ਭਾਜਪਾ ਅਤੇ ਕਾਂਗਰਸ 'ਤੇ ਜਾਤੀ ਗਣਨਾ ਦੇ ਮੁੱਦੇ ਦਾ ਰਾਜਨੀਤੀਕਰਨ ਕਰਨ ਦਾ ਦੋਸ਼ ਲਗਾਇਆ, ਦਾਅਵਾ ਕੀਤਾ ਕਿ ਉਨ੍ਹਾਂ ਦਾ ਬਹੁਜਨ ਵਿਰੋਧੀ ਕਿਰਦਾਰ ਓਬੀਸੀ ਭਾਈਚਾਰਿਆਂ ਨੂੰ ਉਨ੍ਹਾਂ ਦੇ ਬਣਦੇ ਅਧਿਕਾਰਾਂ ਤੋਂ ਵਾਂਝਾ ਕਰ ਰਿਹਾ ਹੈ।

ਕੇਂਦਰ ਵੱਲੋਂ ਆਉਣ ਵਾਲੀ ਜਨਗਣਨਾ ਵਿੱਚ ਜਾਤੀ ਗਣਨਾ ਨੂੰ ਸ਼ਾਮਲ ਕਰਨ ਦੇ ਫੈਸਲੇ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਕੇਂਦਰ ਨੇ ਇਹ ਫੈਸਲਾ "ਲੰਬੀ ਦੇਰੀ" ਅਤੇ "ਬਹੁਤ ਝਿਜਕ" ਤੋਂ ਬਾਅਦ ਲਿਆ ਹੈ।

ਐਕਸ 'ਤੇ ਪੋਸਟਾਂ ਦੀ ਇੱਕ ਲੜੀ ਵਿੱਚ, ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਨੇ ਕਿਹਾ, "ਭਾਜਪਾ ਅਤੇ ਕਾਂਗਰਸ ਹੁਣ ਇਸਦਾ ਸਿਹਰਾ ਲੈਣ ਲਈ ਕਾਹਲੀ ਕਰ ਰਹੀਆਂ ਹਨ, ਆਪਣੇ ਆਪ ਨੂੰ ਓਬੀਸੀ ਦੇ ਚੈਂਪੀਅਨ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਹਾਲਾਂਕਿ, ਉਨ੍ਹਾਂ ਦਾ ਟਰੈਕ ਰਿਕਾਰਡ ਬਹੁਜਨ ਭਾਈਚਾਰਿਆਂ ਦੇ ਜ਼ੁਲਮ ਅਤੇ ਬਾਹਰ ਕੱਢਣ ਦਾ ਇੱਕ ਨਮੂਨਾ ਦਰਸਾਉਂਦਾ ਹੈ।"

ਮਾਇਆਵਤੀ ਨੇ ਅੱਗੇ ਕਿਹਾ ਕਿ ਜੇਕਰ ਭਾਜਪਾ ਅਤੇ ਕਾਂਗਰਸ ਦੇ ਇਰਾਦੇ ਅਤੇ ਨੀਤੀਆਂ ਸੱਚਮੁੱਚ ਇਮਾਨਦਾਰ ਅਤੇ ਸਮਾਵੇਸ਼ੀ ਹੁੰਦੀਆਂ, ਤਾਂ ਓਬੀਸੀ ਭਾਈਚਾਰੇ ਦਾ ਦੇਸ਼ ਦੇ ਵਿਕਾਸ ਵਿੱਚ ਪਹਿਲਾਂ ਹੀ ਸਹੀ ਅਤੇ ਅਨੁਪਾਤ ਵਾਲਾ ਹਿੱਸਾ ਹਾਸਲ ਹੋਇਆ ਹੁੰਦਾ।

"ਉਸ ਸਥਿਤੀ ਵਿੱਚ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੁਆਰਾ ਸ਼ੁਰੂ ਕੀਤੇ ਗਏ ਸਵੈ-ਮਾਣ ਅਤੇ ਮਾਣ ਦੇ ਮਿਸ਼ਨ ਨੂੰ ਅਸਲ ਸਫਲਤਾ ਮਿਲਦੀ," ਉਨ੍ਹਾਂ ਅੱਗੇ ਕਿਹਾ।

ਇਸ ਕਦਮ ਪਿੱਛੇ "ਰਾਜਨੀਤਿਕ ਪ੍ਰੇਰਣਾਵਾਂ" ਨੂੰ ਉਜਾਗਰ ਕਰਦੇ ਹੋਏ, ਬਸਪਾ ਮੁਖੀ ਨੇ ਕਿਹਾ ਕਿ ਦਲਿਤਾਂ ਵਾਂਗ ਓਬੀਸੀ ਭਾਈਚਾਰਾ ਵੀ ਬਾਬਾ ਸਾਹਿਬ ਅੰਬੇਡਕਰ ਅਤੇ ਬਸਪਾ ਦੇ ਨਿਰੰਤਰ ਸੰਘਰਸ਼ ਕਾਰਨ ਰਾਜਨੀਤਿਕ ਤੌਰ 'ਤੇ ਜਾਗਰੂਕ ਹੋ ਗਿਆ ਹੈ।

"ਅੱਜ, ਓਬੀਸੀ ਆਪਣੇ ਅਧਿਕਾਰਾਂ ਪ੍ਰਤੀ ਬਹੁਤ ਹੱਦ ਤੱਕ ਸੁਚੇਤ ਹਨ। ਦੂਜੀਆਂ ਪਾਰਟੀਆਂ ਤੋਂ ਉਨ੍ਹਾਂ ਨੂੰ ਮਿਲਣ ਵਾਲਾ ਸਪੱਸ਼ਟ ਸਮਰਥਨ ਸਿਰਫ਼ ਚੋਣ ਮਜਬੂਰੀਆਂ ਦੁਆਰਾ ਪ੍ਰੇਰਿਤ ਹੈ, ਅਸਲ ਚਿੰਤਾ ਦੁਆਰਾ ਨਹੀਂ। ਇਹ ਸਪੱਸ਼ਟ ਹੈ ਕਿ ਓਬੀਸੀ ਦਾ ਅਸਲ ਕਲਿਆਣ ਸਿਰਫ਼ ਬਸਪਾ ਕੋਲ ਹੈ," ਉਸਨੇ ਜ਼ੋਰ ਦੇ ਕੇ ਕਿਹਾ। ਮਾਇਆਵਤੀ ਨੇ ਕਿਹਾ ਕਿ ਸਮਾਂ ਆ ਗਿਆ ਹੈ ਕਿ ਬਹੁਜਨ ਭਾਈਚਾਰੇ 'ਵੋਟ ਹਮਾਰਾ, ਰਾਜ ਤੁਮਹਾਰਾ ਨਹੀਂ ਚਲੇਗਾ' (ਸਾਡੀ ਵੋਟ, ਤੁਹਾਡਾ ਰਾਜ - ਇਹ ਕੰਮ ਨਹੀਂ ਕਰੇਗਾ) ਦੇ ਨਾਅਰੇ ਨੂੰ ਅਸਲ ਅਰਥ ਦੇਣ।

"ਇਹ ਸਮਾਂ ਆ ਗਿਆ ਹੈ ਕਿ ਹਾਸ਼ੀਏ 'ਤੇ ਧੱਕੇ ਗਏ ਲੋਕਾਂ ਲਈ ਮਨੁੱਖੀ ਅਤੇ ਨਤੀਜਾ-ਅਧਾਰਤ ਸੰਘਰਸ਼ ਰਾਹੀਂ ਉੱਠਣ। ਭਾਜਪਾ, ਕਾਂਗਰਸ ਅਤੇ ਹੋਰ ਪਾਰਟੀਆਂ ਦੁਆਰਾ ਲਗਾਤਾਰ ਲਾਪਰਵਾਹੀ ਅਤੇ ਪ੍ਰਤੀਕਵਾਦ ਖ਼ਤਰਨਾਕ ਹਨ, ਅਤੇ ਉਨ੍ਹਾਂ 'ਤੇ ਦਲਿਤਾਂ, ਓਬੀਸੀ ਅਤੇ ਵੱਡੇ ਬਹੁਜਨ ਸਮਾਜ ਦੀ ਭਲਾਈ ਅਤੇ ਉੱਨਤੀ ਲਈ ਭਰੋਸਾ ਨਹੀਂ ਕੀਤਾ ਜਾ ਸਕਦਾ," ਉਸਨੇ ਕਿਹਾ।

ਇੱਕ ਵੱਡੇ ਫੈਸਲੇ ਵਿੱਚ, ਸਰਕਾਰ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਆਉਣ ਵਾਲੀ ਜਨਗਣਨਾ ਅਭਿਆਸ ਵਿੱਚ ਜਾਤੀ



ਗਣਨਾ ਨੂੰ "ਪਾਰਦਰਸ਼ੀ" ਢੰਗ ਨਾਲ ਸ਼ਾਮਲ ਕੀਤਾ ਜਾਵੇਗਾ।

ਐਲਾਨ ਕਰਦੇ ਸਮੇਂ, ਸਰਕਾਰ ਨੇ ਵਿਰੋਧੀ ਪਾਰਟੀਆਂ ਨੂੰ ਜਾਤੀ ਸਰਵੇਖਣਾਂ ਨੂੰ "ਰਾਜਨੀਤਿਕ ਸਾਧਨ" ਵਜੋਂ ਵਰਤਣ ਲਈ ਆਲੋਚਨਾ ਕੀਤੀ।

ਕਾਂਗਰਸ ਸਮੇਤ ਵਿਰੋਧੀ ਪਾਰਟੀਆਂ ਦੇਸ਼ ਵਿਆਪੀ ਜਾਤੀ ਜਨਗਣਨਾ ਦੀ ਮੰਗ ਕਰ ਰਹੀਆਂ ਹਨ, ਇਸਨੂੰ ਇੱਕ ਵੱਡਾ ਚੋਣ ਮੁੱਦਾ ਬਣਾ ਰਹੀਆਂ ਹਨ, ਅਤੇ ਬਿਹਾਰ, ਤੇਲੰਗਾਨਾ ਅਤੇ ਕਰਨਾਟਕ ਵਰਗੇ ਕੁਝ ਰਾਜ ਪਹਿਲਾਂ ਹੀ ਅਜਿਹੇ ਸਰਵੇਖਣ ਕਰਵਾ ਚੁੱਕੇ ਹਨ।

### ਕਾਂਗਰਸ ਭਾਜਪਾ ਦੇ ਦੋਹਰੇ ਚ੍ਰਿਤਰ ਦੀ ਤਸ਼ਵੀਰ ਦੇਖੋ!

ਇਸ ਪੇਪਰ ਨੇ ਲਗਾਤਾਰ ਜਿਕਰ ਕੀਤਾ ਹੈ ਕਾਂਗਰਸ ਭਾਜਪਾ ਸਰਕਾਰਾਂ ਨੇ ਓਬੀਸੀ ਭਾਈਚਾਰਿਆਂ ਨੂੰ ਉਹਨਾ ਦਾ ਬਣਦਾ ਅਬਾਦੀ ਦੇ ਅਨੁਪਾਤ ਤੋਂ ਅੱਧਾ 27% ਰਾਖਵਾਂਕਰਨ ਦਾ ਲਾਭ ਵੀ ਨਹੀ ਦਿਤਾ ਇਹ ਵੀ ਕੇਂਦਰ ਦੀ ਵੀ, ਪੀ, ਸਿੰਘ ਦੀ ਸਰਕਾਰ ਦੇ ਕਾਰਨ ਲਾਭ ਮਿਲਿਆ ਸੀ।

2022 ਸਾਲ ਦੇ ਆਖਰ ਵਿੱਚ ਮਾਨਯੋਗ ਸੁਰੀਮਕੋਰਟ ਨੇ ਈਡਬਲਿਊਐਸ ਨੂੰ 10% ਰਾਖਵਾਂ ਕਰਨ ਦਿੰਦੇ ਹੋਏ ਰਾਖਵੇਂਕਰਨ ਦੀ 50% ਹੱਦ ਨੂੰ ਬੇਮਾਹਨਾ ਕਰਾਰ ਦੇ ਕੇ 10% ਕੋਟਾ ਲਾਗੂ ਕਰ ਦਿੱਤਾ ਸੀ। ਜਿਸ ਕਾਰਨ ਝਾਰਖੰਡ ਅਤੇ ਛੱਤੀਸਗੜ੍ਹ ਰਾਜਾਂ ਨੇ ਅਬਾਦੀ ਦੇ ਅਨੁਪਾਤ ਅਨੁਸਾਰ 77% ਅਤੇ 76% ਰਾਖਵੇਂਕਰਨ ਦਾ ਸਰਬਸਮਤੀ ਨਾਲ ਬਿਲ ਪਾਸ ਕੀਤਾ ਸੀ ਜਿਸ ਨੂੰ ਅੱਜ ਤੱਕ ਰਾਜਾਂ ਦੇ ਗਵਰਨਰਾਂ ਨੇ ਰੋਕ ਕੇ ਰੱਖਿਆ ਹੋਇਆ ਹੈ।

ਦੂਜੇ ਪਾਸੇ ਬਿਹਾਰ ਰਾਜ ਨੇ ਜਾਤੀ ਜਨਗਣਨਾ ਕਰਵਾ ਕੇ ਸਰਬਸਮਤੀ ਨਾਲ ਅਬਾਦੇ ਅਨੁਪਾਤ ਅਨੁਸਾਰ 65% ਰਾਖਵੇਕਰਨ ਦਾ ਬਿਲ ਪਾਸ ਕੀਤਾ ਅਤੇ ਗਵਰਨਰ ਅੱਗੇ ਪੇਸ਼ ਕੀਤਾ। ਸ਼ਾਇਦ ਗਵਰਨਰ ਤੋਂ ਬਿਲ ਪਾਸ ਕਰਵਾਉਣ ਬਦਲੇ ਹੀ ਨਤੀਸ਼ ਕੁਮਾਰ ਨੇ ਵਫਾਦਾਰੀ ਦਾ ਪਾਲਾ ਬਦਲ ਕੇ ਭਾਜਪਾ ਦੀ ਹਮਾਇਤ ਨਾਲ ਰਾਜ ਸਰਕਾਰ ਬਣਾਉਣ ਦਾ ਫੈਸ਼ਲਾ ਕੀਤਾ ਅਤੇ ਗਵਰਨਰ ਤੋਂ ਬਿਲ ਪਾਸ ਕਰਵਾ ਰਾਜ ਵਿੱਚ ਲਾਗੂ ਕਰਵਾ ਲਿਆ ਅਤੇ ਭਾਜਪਾ ਦੀ ਮਦਦ ਨਾਲ ਫੇਰ ਤੋਂ ਮੁੱਖ ਮੰਤਰੀ ਵੀ ਬਣ ਗਿਆ। ਪਰ ਹੁਣ ਬਿਹਾਰ ਰਾਜ ਦਾ ਇਹ ਬਿਲ ਅਦਾਲਤਾਂ ਦੀ ਘੁੰਮਣਘੇਰੀ ਵਿੱਚ ਹੈ।

ਅਗਰ ਕੇਂਦਰ ਦੀ ਸਰਕਾਰ ਸੱਚਮੁੱਚ ਓਬੀਸੀ ਅਤੇ ਐਸਸੀ ਐਸਟੀ ਲਈ ਇਮਾਨਦਾਰ ਹੁੰਦੀ ਤਾਂ ਝਾਰਖੰਡ, ਛੱਤੀਸਗੜ੍ਹ ਅਤੇ ਬਿਹਾਰ ਦੇ ਰਾਜਾਂ ਦੇ ਬਿਲ ਪਾਸ ਕੀ ਕਰਵਾਉਂਦੀ ਅਤੇ 9ਵੇ ਸਡਿਊਲ ਵਿੱਚ ਵੀ ਸਾਮਿਲ ਕਰਵਾ ਦਿੰਦੀ।

### ਕੁਮਾਰੀ ਮਾਇਆਵਤੀ ਦਾ ਕਹਿਣਾ ਸਹੀ

ਇਸ ਕਾਰਨ ਜੋ ਵੀ ਕੁਮਾਰੀ ਮਾਇਆਵਤੀ ਨੇ ਜਿਕਰ ਕੀਤਾ ਹੈ ਉਹ ਸਹੀ ਹੈ, ਭਾਜਪਾ ਅਤੇ ਕਾਂਗਰਸ ਜਾਤੀ ਜਨਗਣਨਾ ਨੂੰ ਲੈ ਕੇ ਕੇਵਲ ਸਿਆਸਤ ਹੀ ਕਰ ਰਹੀਆਂ ਹਨ। ਅਜਿਹੇ ਕਾਰਨਾ ਕਰਕੇ ਮਨੀਪਰ ਸਾਲਾਂ ਤੋ ਰਾਖਵੇਂਕਰਨ ਦੀ ਸਿਆਸਤ ਵਿੱਚ ਜਲ ਰਿਹਾ ਹੈ। ਔਰਤ ਨੂੰ ਨੰਗਿਆਂ ਘੁਮਾਇਆ, ਬਲਾਤਕਰਾ ਕੀਤੇ, ਹਤਿਆ ਕੀਤੀ, ਘਰ ਜਲਾਏ, ਪ੍ਰਧਾਨ ਮੰਤਰੀ ਨੇ ਜੁਬਾਨ ਚੱਕ ਨਹੀ ਖੋਲੀ। ਜਿਵੇ ਪਹਿਲਗਾਂਵ ਲਈ ਜੁਬਾਨ ਖੋਲੀ ਹੈ ਮਨੀਪੁਰ ਲਈ ਵੀ ਖੋਲਣੀ ਬਣਦੀ ਸੀ।

# ਕੇਂਦਰੀ ਮੀਟਿੰਗ: ਹਰਿਆਣਾ ਠੋਸ ਪੱਖ ਰੱਖਣ ’ਚ ਨਾਕਾਮ, ਕੇਂਦਰ ਵੱਲੋਂ ਸਿੱਧੇ ਦਖ਼ਲ ਤੋਂ ਇਨਕਾਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਮਈ
INTERNATIONAL PAPER, 9463601616
hardipchumber57@gmail.com

ਪੰਜਾਬ ਅਤੇ ਹਰਿਆਣਾ ਦੇ ਪਾਣੀ ਵਿਵਾਦ ਬਾਰੇ ਕੇਂਦਰੀ ਗ੍ਰਹਿ ਸਕੱਤਰ ਗੋਬਿੰਦ ਮੋਹਨ ਦੀ ਪ੍ਰਧਾਨਗੀ ਹੇਠ ਹੋਈ ਅੱਜ ਚਾਰ ਸੂਬਿਆਂ ਦੇ ਮੁੱਖ ਸਕੱਤਰਾਂ ਦੀ ਮੀਟਿੰਗ ਵਿੱਚ ਹਰਿਆਣਾ ਵਾਧੂ ਪਾਣੀ ਦੀ ਮੰਗ ਬਾਰੇ ਕੋਈ ਠੋਸ ਦਲੀਲ ਪੇਸ਼ ਕਰਨ ਵਿੱਚ ਫ਼ੇਲ੍ਹ ਰਿਹਾ। ਕੇਂਦਰੀ ਗ੍ਰਹਿ ਸਕੱਤਰ ਨੇ ਪੰਜਾਬ ਤੇ ਹਰਿਆਣਾ ਨੂੰ ਮੌਜੂਦਾ ਮਾਮਲੇ ’ਤੇ ਜ਼ਿੱਦ ਛੱਡਣ ਦੀ ਨਸੀਹਤ ਦਿੱਤੀ ਅਤੇ ਹਰਿਆਣਾ ਨੂੰ ਵਾਧੂ ਪਾਣੀ ਦੀ ਲੋੜ ਬਾਰੇ ਬੀਬੀਐੱਮਬੀ ਕੋਲ ਵਿਸਥਾਰ ਵਿੱਚ ਤਰਕ ਪੇਸ਼ ਕਰਨ ਲਈ ਕਿਹਾ।



ਗ੍ਰਹਿ ਸਕੱਤਰ ਨੇ ਕਿਹਾ ਜੇ ਹਰਿਆਣਾ ਦੀ ਵਾਧੂ ਪਾਣੀ ਦੀ ਮੰਗ ਵਿੱਚ ਵਜ਼ਨ ਹੋਇਆ ਤਾਂ ਹਰਿਆਣਾ ਬਿਨਾਂ ਸ਼ਰਤ ਤੋਂ ਲੋੜ ਮੁਤਾਬਿਕ ਪੰਜਾਬ ਤੋਂ ਉਧਾਰ ਪਾਣੀ ਲੈ ਲਵੇ ਅਤੇ ਪੰਜਾਬ ਦੀ ਲੋੜ ਵੇਲੇ ਹਰਿਆਣਾ ਨੂੰ ਇਹ ਪਾਣੀ ਵਾਪਸ ਕਰਨਾ ਪਵੇਗਾ। ਪੰਜਾਬ ਤਰਫ਼ੋਂ ਮੀਟਿੰਗ ਵਿੱਚ ਵਧੀਕ ਮੁੱਖ ਸਕੱਤਰ (ਗ੍ਰਹਿ) ਅਲੋਕ ਸ਼ੇਖਰ ਅਤੇ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਮੌਜੂਦ ਸਨ। ਕੇਂਦਰੀ ਗ੍ਰਹਿ ਸਕੱਤਰ ਨੇ ਪੰਜਾਬ ਤੇ ਹਰਿਆਣਾ ਦੇ ਮੌਜੂਦਾ ਵਿਵਾਦ ਵਿੱਚ ਕੋਈ ਸਿੱਧਾ ਦਖ਼ਲ ਦੇਣ ਤੋਂ ਇਨਕਾਰ ਕੀਤਾ ਅਤੇ ਮਸ਼ਵਰਾ ਦਿੱਤਾ ਕਿ ਆਉਂਦੇ ਦਿਨਾਂ ਵਿੱਚ ਦੋਵੇਂ ਸੂਬੇ ਮੁੜ ਮੀਟਿੰਗ ਕਰਨ। ਪੰਜਾਬ ਨੂੰ ਇਹ ਨਿਰਦੇਸ਼ ਦਿੱਤੇ ਕਿ ਪੰਜਾਬ ਸਰਕਾਰ ਆਪਣੀ ਪਾਣੀ ਦੀ ਲੋੜ ਨੂੰ ਵਾਜਬ ਠਹਿਰਾਉਣ ਬਾਰੇ ਠੋਸ ਤੱਥ ਪੇਸ਼ ਕਰੇ।

ਜਾਣਕਾਰੀ ਅਨੁਸਾਰ ਹਰਿਆਣਾ 8500 ਕਿਊਸਿਕ ਵਾਧੂ ਪਾਣੀ ਦੀ ਮੰਗ ਬਾਰੇ ਕੇਂਦਰੀ ਗ੍ਰਹਿ ਸਕੱਤਰ ਨੂੰ ਸਹਿਮਤ ਨਹੀਂ ਕਰ ਸਕਿਆ। ਹਰਿਆਣਾ ਦੇ ਅਧਿਕਾਰੀ ਮੀਟਿੰਗ ਵਿੱਚ ਇਹੋ ਆਖਦੇ ਰਹੇ ਕਿ ਪਿਛਲੇ ਦਸ ਸਾਲ ਤੋਂ ਵਾਧੂ ਪਾਣੀ ਮਿਲ ਰਿਹਾ ਸੀ। ਗ੍ਰਹਿ ਸਕੱਤਰ ਨੇ ਕਿਹਾ ਕਿ ਬੀਬੀਐੱਮਬੀ ਦੋਵੇਂ ਸੂਬਿਆਂ ਨੂੰ ਪਾਣੀ ਦੀਆਂ ਲੋੜਾਂ ਅਤੇ ਡੈਮਾਂ ਵਿੱਚ ਪਾਣੀ ਦੀ ਉਪਲਬਧਤਾ ਨੂੰ ਦੇਖਦਿਆਂ ਫ਼ੈਸਲਾ ਲਵੇ।

# ਭਾਖੜਾ ਨਹਿਰ ਦੇ ਪਾਣੀ ਨੂੰ ਲੈ ਕੇ ਹਰਿਆਣਾ ਸਰਕਾਰ ਜਾਵੇਗੀ ਸੁਪਰੀਮ ਕੋਰਟ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਮਈ
INTERNATIONAL PAPER, 9463601616
hardipchumber57@gmail.com

ਪੰਜਾਬ ਸਰਕਾਰ ਵੱਲੋਂ ਭਾਖੜਾ ਨਹਿਰ ਦਾ ਪਾਣੀ ਰੋਕਣ ਨੂੰ ਲੈ ਕੇ ਹਰਿਆਣਾ ਸਰਕਾਰ ਸੁਪਰੀਮ ਕੋਰਟ ਜਾਵੇਗੀ। ਭਾਖੜਾ ਬਿਆਸ ਬੋਰਡ ਮੈਨੇਜਮੈਂਟ (ਬੀਬੀਐਮਬੀ) ਦੇ ਅਧਿਕਾਰੀਆਂ ਅਤੇ ਪੰਜਾਬ ਅਤੇ ਹਰਿਆਣਾ ਦੇ ਮੁੱਖ ਸਕੱਤਰਾਂ ਵਿਚਕਾਰ ਸ਼ੁੱਕਰਵਾਰ ਨੂੰ ਦਿੱਲੀ ਵਿੱਚ ਹੋਈ ਮੀਟਿੰਗ ਵਿੱਚ, ਪਾਣੀ ਦੇਣ ’ਤੇ ਕੋਈ ਸਹਿਮਤੀ ਨਹੀਂ ਬਣ ਸਕੀ। ਮੀਟਿੰਗ ਵਿੱਚ ਪੰਜਾਬ ਸਿਰਫ਼ 4 ਹਜ਼ਾਰ ਕਿਊਸਿਕ ਪਾਣੀ ਦੇਣ ਲਈ ਸਹਿਮਤ ਹੋਇਆ, ਜਦੋਂ ਕਿ ਹਰਿਆਣਾ ਨੇ 8500 ਕਿਊਸਿਕ ਪਾਣੀ ਦੀ ਮੰਗ ਕੀਤੀ।

ਇਸ ਤੋਂ ਪਹਿਲਾਂ, ਦਿੱਲੀ ਵਿੱਚ ਹੀ, ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ, ਹਰਿਆਣਾ, ਹਿਮਾਚਲ ਅਤੇ ਰਾਜਸਥਾਨ ਦੇ ਅਧਿਕਾਰੀਆਂ ਨਾਲ ਇੱਕ ਮੀਟਿੰਗ ਕੀਤੀ। ਸੂਤਰਾਂ ਅਨੁਸਾਰ ਕੇਂਦਰੀ ਗ੍ਰਹਿ ਸਕੱਤਰ ਗੋਵਿੰਦ ਮੋਹਨ ਨੇ ਪੰਜਾਬ ਅਤੇ ਹਰਿਆਣਾ ਨੂੰ ਇਸ ਮਾਮਲੇ ਵਿੱਚ ਆਪਣੀ ਜ਼ਿੱਦ ਛੱਡਣ ਲਈ ਕਿਹਾ। ਨਾਲ ਹੀ, ਹਰਿਆਣਾ ਨੂੰ ਆਪਣੀ ਪਾਣੀ ਦੀ ਲੋੜ ਬਾਰੇ ਬੀਬੀਐਮਬੀ ਅੱਗੇ ਆਪਣੇ ਤਰਕ ਪੇਸ਼ ਕਰਨ ਲਈ ਕਿਹਾ ਗਿਆ।

ਸੂਤਰਾਂ ਅਨੁਸਾਰ ਗ੍ਰਹਿ ਸਕੱਤਰ ਨੇ ਕਿਹਾ ਕਿ ਜੇਕਰ ਹਰਿਆਣਾ ਦੀ ਵਾਧੂ ਪਾਣੀ ਦੀ ਮੰਗ ਬਰਕਰਾਰ ਰਹਿੰਦੀ ਹੈ, ਤਾਂ ਹਰਿਆਣਾ ਆਪਣੀ ਲੋੜ ਅਨੁਸਾਰ ਬਿਨਾਂ ਸ਼ਰਤ



ਪੰਜਾਬ ਤੋਂ ਪਾਣੀ ਉਧਾਰ ਲੈ ਲਵੇਗਾ ਅਤੇ ਪੰਜਾਬ ਨੂੰ ਜਦੋਂ ਵੀ ਲੋੜ ਪਵੇਗੀ, ਇਹ ਪਾਣੀ ਹਰਿਆਣਾ ਨੂੰ ਵਾਪਸ ਕਰਨਾ ਪਵੇਗਾ।

# ਚੋਣ ਸਾਖਰਤਾ: ਪੰਜਾਬ ’ਚ 22000 ਤੋਂ ਵੱਧ ਬੂਥ ਪੱਧਰੀ ਜਾਗਰੂਕਤਾ ਸਮੂਹ ਸਰਗਰਮ: ਸਿਬਿਨ ਸੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਮਈ
INTERNATIONAL PAPER, 9463601616
hardipchumber57@gmail.com

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਅੱਜ ਦੱਸਿਆ ਹੈ ਕਿ ਵੋਟਰ ਜਾਗਰੂਕਤਾ ਅਤੇ ਚੋਣ ਪ੍ਰਕਿਰਿਆ ਵਿੱਚ ਵੋਟਰਾਂ ਦੀ ਸ਼ਮੂਲੀਅਤ ਵਧਾਉਣ ਦੇ ਮੱਦੇਨਜ਼ਰ ਪੂਰੇ ਪੰਜਾਬ ਵਿੱਚ 22,520 ਬੂਥ ਪੱਧਰੀ ਜਾਗਰੂਕਤਾ ਸਮੂਹ ਸਰਗਰਮ ਹਨ। ਇਹ ਸਮੂਹ ਜ਼ਮੀਨੀ ਪੱਧਰ ’ਤੇ ਚੋਣ ਸਾਖਰਤਾ ਫੈਲਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ।

ਉਨ੍ਹਾਂ ਕਿਹਾ ਕਿ ਬੂਥ ਪੱਧਰੀ ਜਾਗਰੂਕਤਾ ਸਮੂਹ ਹਰੇਕ ਪੋਲਿੰਗ ਬੂਥ ’ਤੇ ਬੂਥ ਲੈਵਲ ਅਫ਼ਸਰ (ਬੀ.ਐਲ.ਓ.) ਵੱਲੋਂ ਗਠਿਤ ਕੀਤੇ ਜਾਂਦੇ ਹਨ ਅਤੇ ਇਨ੍ਹਾਂ ਸਮੂਹਾਂ ਵਿੱਚ ਬੂਥ ਖੇਤਰ ਦੇ ਸਕੂਲ/ਕਾਲਜਾਂ ਦੇ ਮੁਖੀ/ਨੁਮਾਇੰਦੇ, ਸਥਾਨਕ ਵਾਲੰਟੀਅਰ, ਸਿੱਖਿਅਕ, ਵਿਦਿਆਰਥੀ ਅਤੇ ਐਨ.ਜੀ.ਓ./ਸਵੈ-ਸਹਾਇਤਾ ਸਮੂਹ ਦੇ ਮੈਂਬਰ ਸ਼ਾਮਲ ਹੁੰਦੇ ਹਨ। ਇਨ੍ਹਾਂ ਦਾ ਮੁੱਖ ਉਦੇਸ਼ ਵੋਟਰਾਂ ਨੂੰ ਵੋਟ ਪਾਉਣ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ, ਵੋਟਰ ਵਜੋਂ ਰਜਿਸਟਰ ਕਿਵੇਂ ਕਰਨਾ ਹੈ ਅਤੇ ਵੋਟਰ ਸੂਚੀ ਵਿੱਚ ਆਪਣੇ ਵੇਰਵਿਆਂ ਦੀ ਪੁਸ਼ਟੀ ਕਰਨ ਸਬੰਧੀ ਜਾਣਕਾਰੀ ਅਤੇ ਚੋਣਾਂ ਦੌਰਾਨ ਵੋਟਰਾਂ ਦੀ ਸਹੂਲਤ ਨੂੰ ਯਕੀਨੀ ਬਣਾਉਣਾ ਹੈ।

ਇਸ ਪਹਿਲਕਦਮੀ ਬਾਰੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਬੂਥ ਪੱਧਰੀ ਜਾਗਰੂਕਤਾ ਸਮੂਹ ਸਾਡੇ ਵੋਟਰ ਜਾਗਰੂਕਤਾ ਪ੍ਰੋਗਰਾਮ ਦੀ ਮੁੱਖ ਕੜੀ ਹਨ। ਪੰਜਾਬ ਭਰ ਵਿੱਚ 22,000 ਤੋਂ ਵੱਧ ਸਮੂਹ ਸਰਗਰਮ ਹੋਣ ਦੇ ਨਾਲ ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਹਰੇਕ ਯੋਗ ਵੋਟਰ ਨੂੰ ਜਾਗਰੂਕ ਕਰਕੇ ਸਸ਼ਕਤ ਬਣਾਇਆ ਜਾਵੇ ਅਤੇ ਚੋਣ ਪ੍ਰਕਿਰਿਆ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ ਜਾਵੇ। ਇਹ ਸਮੂਹ ਚੋਣ ਕਮਿਸ਼ਨ ਅਤੇ ਵੋਟਰਾਂ ਵਿਚਲੇ ਪਾੜੇ ਨੂੰ ਪੂਰਨ ਦਾ ਕੰਮ ਕਰਨਗੇ ਅਤੇ ਜ਼ਿਆਦਾ ਤੋਂ ਜ਼ਿਆਦਾ ਵੋਟਰਾਂ ਨੂੰ ਨਾਲ ਲੈ ਕੇ ਲੋਕਤੰਤਰ ਦੀ ਮਜ਼ਬੂਤੀ ਵਿੱਚ ਅਹਿਮ ਯੋਗਦਾਨ ਪਾਉਣਗੇ।

ਮੁੱਖ ਚੋਣ ਅਧਿਕਾਰੀ ਨੇ ਇਸ ਗੱਲ ’ਤੇ ਵੀ ਜ਼ੋਰ ਦਿੱਤਾ ਕਿ ਸਿਸਟਮੈਟਿਕ ਵੋਟਰਜ਼ ਐਜੂਕੇਸ਼ਨ ਐਂਡ ਇਲੈਕਟੋਰਲ ਪਾਰਟੀਸੀਪੇਸ਼ਨ (ਸਵੀਪ) ਪ੍ਰੋਗਰਾਮ ਤਹਿਤ ਵੱਡੀ ਗਿਣਤੀ ਵਿੱਚ ਬੂਥ ਜਾਗਰੂਕਤਾ ਸਮੂਹਾਂ ਦੀ ਸਰਗਰਮੀ ਚੋਣਾਂ ਦੌਰਾਨ ਵਿਆਪਕ ਪੱਧਰ ਉਤੇ ਗਤੀਵਿਧੀਆਂ ਚਲਾਉਣ ਵਿੱਚ ਵੀ ਮਦਦ ਕਰੇਗੀ। ਇਨ੍ਹਾਂ ਗਤੀਵਿਧੀਆਂ ਵਿੱਚ ਵੋਟਰਾਂ ਦੀ ਗਿਣਤੀ ਨੂੰ ਵਧਾਉਣ ਲਈ ਘਰ-ਘਰ ਜਾਗਰੂਕਤਾ ਮੁਹਿੰਮਾਂ, ਨੁੱਕੜ ਨਾਟਕ, ਪੋਸਟਰ ਪ੍ਰਦਰਸ਼ਨੀਆਂ ਅਤੇ ਕਮਿਊਨਿਟੀ ਮੀਟਿੰਗਾਂ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ ਭਾਰਤੀ ਚੋਣ ਕਮਿਸ਼ਨ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਕੋਈ ਵੀ ਵੋਟਰ ਆਪਣੀ ਵੋਟ ਦੇ ਹੱਕ ਤੋਂ ਵਾਂਝਾ ਨਾ ਰਹਿ ਜਾਵੇ ਅਤੇ ਬੂਥ ਪੱਧਰੀ ਜਾਗਰੂਕਤਾ ਸਮੂਹ ਪੰਜਾਬ ਵਿੱਚ ਇਸ ਦ੍ਰਿਸ਼ਟੀਕੋਣ ਨੂੰ ਹਕੀਕਤ ਬਣਾਉਣ ਦਾ ਅਹਿਮ ਹਿੱਸਾ ਹਨ।

# Apple ਨੇ ਬਦਲੀ ਰਣਨੀਤੀ, ਹੁਣ ਅਮਰੀਕਾ ’ਚ ਵਿਕਣ ਵਾਲੇ ਜ਼ਿਆਦਾਤਰ ਆਈਫੋਨ ਚੀਨ ਦੀ ਬਜਾਏ ਬਣਨਗੇ ਭਾਰਤ ’ਚ ਮੰਗਾਵੇਗਾ

## ਟੈਕਸ ਟੈਰਿਫ ਨੂੰ ਲੈ ਕੇ ਅਨਿਸ਼ਚਿਤਤਾ ਦੇ ਮੱਦੇਨਜ਼ਰ ਕੀਤਾ ਫੈਸਲਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਮਈ
INTERNATIONAL PAPER, 9463601616
hardipchumber57@gmail.com

ਨਵੀਂ ਦਿੱਲੀ : ਟੈਕਸ ਟੈਰਿਫ ਨੂੰ ਲੈ ਕੇ ਅਨਿਸ਼ਚਿਤਤਾ ਦੇ ਮੱਦੇਨਜ਼ਰ ਐਪਲ ਜੂਨ ਤਿਮਾਹੀ ’ਚ ਅਮਰੀਕਾ ’ਚ ਵਿਕਣ ਵਾਲੇ ਜ਼ਿਆਦਾਤਰ ਆਈਫੋਨ ਭਾਰਤ ਤੋਂ ਮੰਗਵਾਏਗਾ, ਜਦਕਿ ਚੀਨ ਹੋਰ ਬਾਜ਼ਾਰਾਂ ਲਈ ਜ਼ਿਆਦਾਤਰ ਡਿਵਾਈਸਾਂ ਦਾ ਉਤਪਾਦਨ ਕਰੇਗਾ। ਐਪਲ ਦੇ ਸੀ.ਈ.ਓ. ਟਿਮ ਕੁਕ ਨੇ ਕਿਹਾ ਕਿ ਕੰਪਨੀ ਨੇ ਭਾਰਤ ਸਮੇਤ ਕਈ ਦੇਸ਼ਾਂ ’ਚ ਤਿਮਾਹੀ ਰੀਕਾਰਡ ਬਣਾਏ ਹਨ। ਹਾਲਾਂਕਿ ਕੰਪਨੀ ਨੇ ਚੀਨ ’ਚ ਵਿਕਰੀ ’ਚ ਲਗਾਤਾਰ ਸੱਤਵੀਂ ਤਿਮਾਹੀ ਦੌਰਾਨ ਗਿਰਾਵਟ ਦਰਜ ਕੀਤੀ।

ਕੁਕ ਨੇ ਕਿਹਾ, ‘‘ਜੂਨ ਤਿਮਾਹੀ ਲਈ ਅਸੀਂ ਉਮੀਦ ਕਰਦੇ ਹਾਂ ਕਿ ਅਮਰੀਕਾ ਵਿਚ ਵੇਚੇ ਜਾਣ ਵਾਲੇ ਜ਼ਿਆਦਾਤਰ ਆਈਫੋਨ ਭਾਰਤ ਤੋਂ ਆਉਣਗੇ ਅਤੇ ਵੀਅਤਨਾਮ ਅਮਰੀਕਾ ਵਿਚ ਵੇਚੇ ਜਾਣ ਵਾਲੇ ਲਗਭਗ ਸਾਰੇ ਆਈਪੈਡ, ਮੈਕ, ਐਪਲ ਵਾਚ ਅਤੇ ਏਅਰਪੌਡਸ ਉਤਪਾਦਾਂ ਦਾ ਮੂਲ ਦੇਸ਼ ਹੋਵੇਗਾ। ਅਮਰੀਕਾ ਤੋਂ ਬਾਹਰ ਕੁਲ ਉਤਪਾਦਾਂ ਦੀ



ਵਿਕਰੀ ਦਾ ਵੱਡਾ ਹਿੱਸਾ ਚੀਨ ਮੂਲ ਦੇਸ਼ ਬਣਿਆ ਰਹੇਗਾ।’’

ਐਸ.ਪੀ. ਗਲੋਬਲ ਦੇ ਇਕ ਵਿਸ਼ਲੇਸ਼ਣ ਮੁਤਾਬਕ ਅਮਰੀਕਾ ਵਿਚ ਐਪਲ ਦੇ ਆਈਫੋਨ ਦੀ ਵਿਕਰੀ 2024 ਵਿਚ 7.59 ਕਰੋੜ ਇਕਾਈ ਰਹੀ ਅਤੇ ਮਾਰਚ ਵਿਚ ਭਾਰਤ ਤੋਂ ਨਿਰਯਾਤ 31 ਲੱਖ ਇਕਾਈਆਂ ਦੇ ਬਰਾਬਰ ਰਿਹਾ, ਜਿਸ ਦਾ ਮਤਲਬ ਹੈ ਕਿ ਕੰਪਨੀ ਨੂੰ ਸਮਰਥਾ ਵਧਾ ਕੇ ਜਾਂ ਘਰੇਲੂ ਬਾਜ਼ਾਰ ਲਈ ਸ਼ਿਪਮੈਂਟ ਪਹਿਲਾਂ ਭਾਰਤ ਪਹੁੰਚਾ ਕੇ ਉਥੋਂ ਅਮਰੀਕਾ ਭੇਜਣ ਦੀ ਜ਼ਰੂਰਤ ਹੋਵੇਗੀ।

ਐਪਲ ਦਾ ਭਾਰਤੀ ਨਿਰਯਾਤ ਪਹਿਲਾਂ ਹੀ ਮੁੱਖ ਤੌਰ ’ਤੇ ਅਮਰੀਕਾ ਵਲ ਜਾ ਰਿਹਾ ਹੈ, ਜੋ 28 ਫ਼ਰਵਰੀ, 2025 ਤਕ ਦੇ ਤਿੰਨ ਮਹੀਨਿਆਂ ’ਚ ਫਰਮ ਵਲੋਂ ਨਿਰਯਾਤ ਕੀਤੇ ਗਏ ਫੋਨਾਂ ਦਾ 81.9 ਫ਼ੀ ਸਦੀ ਹੈ। ਐਸ.ਪੀ. ਗਲੋਬਲ ਮਾਰਕੀਟ ਇੰਟੈਲੀਜੈਂਸ ਦੀ ਰੀਪੋਰਟ ਵਿਚ ਕਿਹਾ ਗਿਆ ਹੈ ਕਿ ਨਿਰਯਾਤ ਵਿਚ 219 ਫ਼ੀ ਸਦੀ ਦੇ ਵਾਧੇ ਦੇ ਨਤੀਜੇ ਵਜੋਂ ਮਾਰਚ 2025 ਵਿਚ ਇਹ ਵਧ ਕੇ 97.6 ਫ਼ੀ ਸਦੀ ਹੋ ਗਿਆ।

ਕੁਕ ਨੇ ਕਿਹਾ ਕਿ ਵੀਅਤਨਾਮ ਅਮਰੀਕਾ ਵਿਚ ਵਿਕਣ ਵਾਲੇ ਲਗਭਗ ਸਾਰੇ ਆਈਪੈਡ, ਮੈਕ, ਐਪਲ ਵਾਚ ਅਤੇ ਏਅਰਪੌਡਸ ਉਤਪਾਦਾਂ ਦਾ ਮੂਲ ਦੇਸ਼ ਬਣ ਜਾਵੇਗਾ। ਉਨ੍ਹਾਂ ਕਿਹਾ ਕਿ ਜੂਨ ਤਿਮਾਹੀ ਲਈ ਐਪਲ ਲਈ ਜ਼ਿਆਦਾਤਰ ਟੈਰਿਫ 20 ਫ਼ੀ ਸਦੀ ਦੀ ਦਰ ਨਾਲ ਹੈ ਤੇ ਉਨ੍ਹਾਂ ਉਤਪਾਦਾਂ ਲਈ ਅਮਰੀਕਾ ਨੂੰ ਆਯਾਤ ’ਤੇ ਲਾਗੂ ਹੁੰਦਾ ਹੈ ਜਿਨ੍ਹਾਂ ਦਾ ਮੂਲ ਦੇਸ਼ ਚੀਨ ਹੈ।

ਇਸ ਤੋਂ ਇਲਾਵਾ ਚੀਨ ਲਈ ਅਪ੍ਰੈਲ ਵਿਚ ਐਲਾਨੇ ਗਏ ਕੁੱਝ ਸ਼੍ਰੇਣੀਆਂ ਦੇ ਉਤਪਾਦਾਂ ਦੀ ਆਯਾਤ ਲਈ 125 ਫ਼ੀ ਸਦੀ ਵਾਧੂ ਟੈਰਿਫ ਸੀ। ਕੁਕ ਨੇ ਕਿਹਾ, ‘‘ਸਾਡੇ ਲਈ ਇਹ ਸਾਡੇ ਕੁੱਝ ਅਮਰੀਕੀ ਐਪਲ ਕੇਅਰ ਅਤੇ ਐਕਸੈਸਰੀਜ਼ ਕਾਰੋਬਾਰ ਹਨ ਅਤੇ ਚੀਨ ਵਿਚ ਇਨ੍ਹਾਂ ਉਤਪਾਦਾਂ ਦੀ ਕੁਲ ਦਰ ਘੱਟੋ-ਘੱਟ 145 ਫ਼ੀ ਸਦੀ ਹੈ।’’

ਕੁਕ ਨੇ ਕਿਹਾ ਕਿ ਆਈਫੋਨ ਮੈਕ, ਆਈਪੈਡ, ਐਪਲ ਵਾਚ ਅਤੇ ਵਿਜ਼ਨ ਪ੍ਰੋ ਸਮੇਤ ਐਪਲ ਦੇ ਜ਼ਿਆਦਾਤਰ ਉਤਪਾਦ ਇਸ ਸਮੇਂ ਅਪ੍ਰੈਲ ਵਿਚ ਐਲਾਨੇ ਗਏ ਆਲਮੀ ਪਾਰਸਪਰਿਕ ਟੈਰਿਫ ਦੇ ਅਧੀਨ ਨਹੀਂ ਹਨ ਕਿਉਂਕਿ ਵਣਜ ਵਿਭਾਗ ਨੇ ਸੈਮੀਕੰਡਕਟਰ ਨਿਰਮਾਣ ਉਪਕਰਣਾਂ ਅਤੇ ਸੈਮੀਕੰਡਕਟਰ ਵਾਲੇ ਡਾਊਨਸਟ੍ਰੀਮ ਉਤਪਾਦਾਂ ਦੀ ਆਯਾਤ ਦੀ ਧਾਰਾ 232 ਜਾਂਚ ਸ਼ੁਰੂ ਕੀਤੀ ਹੈ।

ਆਈਫੋਨ ਦੀ ਵਿਕਰੀ ਮਾਰਚ 2024 ਦੀ ਤਿਮਾਹੀ ਦੇ 45.96 ਅਰਬ ਡਾਲਰ ਤੋਂ 2 ਫ਼ੀ ਸਦੀ ਘੱਟ ਕੇ 46.84 ਅਰਬ ਡਾਲਰ ਰਹਿ ਗਈ। ਐਪਲ ਮੈਕ ਦੀ ਵਿਕਰੀ 7.4 ਅਰਬ ਡਾਲਰ ਤੋਂ 6.6 ਫ਼ੀ ਸਦੀ ਵਧ ਕੇ 7.94 ਅਰਬ ਡਾਲਰ ਹੋ ਗਈ, ਜੋ ਸਾਲਾਨਾ ਆਧਾਰ ’ਤੇ 5.55 ਅਰਬ ਡਾਲਰ ਤੋਂ 15 ਫ਼ੀ ਸਦੀ ਵਧ ਕੇ 6.4 ਅਰਬ ਡਾਲਰ ਅਤੇ ਸੇਵਾਵਾਂ ਦੀ ਵਿਕਰੀ 11.63 ਫ਼ੀ ਸਦੀ ਵਧ ਕੇ 26.64 ਅਰਬ ਡਾਲਰ ਹੋ ਗਈ, ਜੋ ਸਾਲ-ਦਰ-ਸਾਲ ਆਧਾਰ ’ਤੇ 23.86 ਅਰਬ ਡਾਲਰ ਸੀ।

# ਪੰਜਾਬ ਸਰਕਾਰ ਵੱਲੋਂ ਪੱਛੜੀਆਂ ਤੇ ਆਰਥਿਕ ਤੌਰ ‘ਤੇ ਕਮਜ਼ੋਰ ਵਰਗਾਂ ਲਈ 7 ਕਰੋੜ ਰੁਪਏ ਦੇ ਕਰਜੇ ਜਾਰੀ: ਡਾ. ਬਲਜੀਤ ਕੌਰ

## ਪੰਜਾਬ ਸਰਕਾਰ ਵੱਲੋਂ ਪੱਛੜੀਆਂ ਤੇ ਆਰਥਿਕ ਤੌਰ ‘ਤੇ ਕਮਜ਼ੋਰ ਵਰਗਾਂ ਲਈ 7 ਕਰੋੜ ਰੁਪਏ ਦੇ ਕਰਜੇ ਜਾਰੀ: ਡਾ. ਬਲਜੀਤ ਕੌਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਮਈ
INTERNATIONAL PAPER, 9463601616
hardipchumber57@gmail.com

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਵੱਡੇ ਪੱਧਰ ‘ਤੇ ਕੰਮ ਕਰ ਰਹੀ ਹੈ। ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੂਬੇ ਵਿੱਚ ਪੱਛੜੀਆਂ ਸ਼੍ਰੇਣੀਆਂ, ਘੱਟ ਗਿਣਤੀ ਤੇ ਆਰਥਿਕ ਤੌਰ ‘ਤੇ ਕਮਜ਼ੋਰ ਵਰਗਾਂ ਦੇ ਨੌਜਵਾਨਾਂ ਨੂੰ ਆਤਮ ਨਿਰਭਰ ਬਣਾਉਣ ਲਈ 2024-25 ਦੌਰਾਨ 7 ਕਰੋੜ ਰੁਪਏ ਦੇ ਕਰਜ਼ੇ ਜਾਰੀ ਕੀਤੇ ਗਏ ਹਨ।

ਵਧੇਰੇ ਜਾਣਕਾਰੀ ਦਿੰਦਿਆਂ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ ਬਲਜੀਤ ਕੌਰ ਨੇ ਕਿਹਾ ਕਿ ਬੈਕਫਿੰਕੋ ਵੱਲੋਂ ਵੱਖ-ਵੱਖ ਸਕੀਮਾਂ ਰਾਹੀਂ ਹੁਣ ਤੱਕ 248 ਲਾਭਪਾਤਰੀਆਂ ਨੂੰ ਕਰਜਾ ਦਿੱਤਾ ਗਿਆ ਹੈ, ਜਿਸ ਨਾਲ ਉਹ ਆਪਣਾ ਰੋਜ਼ਗਾਰ ਜਾਂ ਕਾਰੋਬਾਰ ਸ਼ੁਰੂ ਕਰਕੇ ਆਪਣੇ ਪਰਿਵਾਰ ਦੀ ਆਮਦਨ ਵਧਾ ਰਹੇ ਹਨ।

ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਕੋਸ਼ਿਸ਼ ਹੈ ਕਿ ਪਛੜੇ ਅਤੇ ਘੱਟ ਗਿਣਤੀ ਵਰਗਾਂ ਨੂੰ ਆਰਥਿਕ, ਸਮਾਜਿਕ ਤੇ ਸਿੱਖਿਆ ਖੇਤਰ ਵਿੱਚ ਅੱਗੇ ਲਿਆਂਦਾ ਜਾਵੇ, ਤਾਂ ਜੋ ਉਹ ਵੀ ਮੁੱਖ ਧਾਰਾ ਵਿੱਚ ਸ਼ਾਮਲ ਹੋ ਸਕਣ।

ਉਨ੍ਹਾਂ ਦੱਸਿਆ ਕਿ 18 ਤੋਂ 55 ਸਾਲ ਦੀ ਉਮਰ ਵਾਲਾ ਕੋਈ ਵੀ ਵਿਅਕਤੀ, ਜਿਸ ਦੀ ਸਾਲਾਨਾ ਆਮਦਨ 3 ਲੱਖ ਰੁਪਏ ਤੱਕ ਹੋਵੇ, ਉਹ ਸਵੈ-ਰੋਜ਼ਗਾਰ, ਉਚੇਰੀ ਸਿੱਖਿਆ ਜਾਂ ਹੋਰ ਲੋੜਾਂ ਲਈ ਕਰਜ਼ਾ ਲੈ ਸਕਦਾ ਹੈ।

ਸੂਬਾ ਸਰਕਾਰ ਵੱਲੋਂ ਪਿੱਛੜੇ ਤੇ ਘੱਟ ਗਿਣਤੀ ਵਰਗਾਂ ਦੀ ਤਰੱਕੀ ਲਈ ਨਵੇਂ ਉਪਰਾਲੇ ਕੀਤੇ ਜਾ ਰਹੇ ਹਨ, ਜੋ ਪੰਜਾਬ ਨੂੰ ਖੁਸ਼ਹਾਲ ਅਤੇ ਰੰਗਲਾ ਬਣਾਉਣ ਵੱਲ ਇੱਕ ਵਧੀਆ ਕਦਮ ਹੈ।

ਅੰਤ ਵਿੱਚ, ਮੰਤਰੀ ਜੀ



ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਵੀ ਲੋੜਵੰਦ ਪੱਛੜੀਆਂ ਜਾਂ ਘੱਟ ਗਿਣਤੀ ਵਰਗਾਂ ਨਾਲ ਸੰਬੰਧਤ ਵਿਅਕਤੀਆਂ ਨੂੰ ਇਸ ਸਕੀਮ ਦਾ ਲਾਭ ਲੈਣਾ ਹੋਵੇ, ਉਹ ਆਪਣਾ ਨਜ਼ਦੀਕੀ ਸਮਾਜਿਕ ਨਿਆਂ ਵਿਭਾਗ ਜਾਂ ਬੈਕਫਿੰਕੋ ਦਫ਼ਤਰ ਸੰਪਰਕ ਕਰਨ। ਵਧੇਰੇ ਜਾਣਕਾਰੀ ਲਈ ਵਿਭਾਗ ਦੀ ਵੈੱਬਸਾਈਟ www.backfinco.punjab.gov.in ਤੇ ਵੀ ਜਾ ਸਕਦੇ ਹਨ।

# ਮਨਜੀਤ ਕੌਰ ਕਤਲ ਮਾਮਲੇ 'ਚ CPI ਵਰਕਰਾਂ ਨੇ ਥਾਣਾ ਘੇਰਿਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com

ਮਾਨਸਾ ਜ਼ਿਲ੍ਹੇ ਦੇ ਬੋਹਾ ਵਿੱਚ ਸੀਪੀਆਈ ਆਗੂ ਮਨਜੀਤ ਕੌਰ ਦੇ ਕਤਲ ਮਾਮਲੇ ਵਿੱਚ ਇਨਸਾਫ਼ ਦੀ ਮੰਗ ਤੇਜ਼ ਹੋ ਗਈ ਹੈ। ਪੀੜਤ ਪਰਿਵਾਰ ਅਤੇ ਸੀਪੀਆਈ ਵਰਕਰਾਂ ਨੇ ਬੋਹਾ ਪੁਲਿਸ ਸਟੇਸ਼ਨ ਦਾ ਘਿਰਾਓ ਕੀਤਾ। ਪਰਿਵਾਰਕ ਮੈਂਬਰਾਂ ਅਤੇ ਸੀਪੀਆਈ ਵਰਕਰਾਂ ਨੇ ਰੋਸ ਪ੍ਰਦਰਸ਼ਨ ਕਰਦਿਆਂ ਕਿਹਾ ਕਿ ਪੁਲਿਸ ਨੇ ਦੋ ਮੁਲਜ਼ਮਾਂ ਨੂੰ ਛੱਡ ਦਿੱਤਾ ਹੈ।



ਜਿਕਰਯੋਗ ਹੈ ਕਿ 8 ਮਾਰਚ ਨੂੰ ਗਾਮੀ ਵਾਲਾ ਵਿੱਚ ਪਲਾਟ ਦੇ ਵਿਵਾਦ ਵਿੱਚ ਮਨਜੀਤ ਕੌਰ ਦਾ ਕਤਲ ਕਰ ਦਿੱਤਾ ਗਿਆ ਸੀ। ਪੁਲਿਸ ਨੇ ਪੰਜ ਲੋਕਾਂ ਵਿਰੁੱਧ ਮਾਮਲਾ ਦਰਜ ਕੀਤਾ ਸੀ। ਉਨ੍ਹਾਂ ਵਿੱਚੋਂ ਚਾਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਵਿਸ਼ੇਸ਼ ਜਾਂਚ ਟੀਮ ਨੇ ਦੋ ਮੁਲਜ਼ਮਾਂ ਨੂੰ ਮਾਮਲੇ ਵਿੱਚੋਂ ਬਾਹਰ ਕਰ ਦਿੱਤਾ। ਮ੍ਰਿਤਕ ਦੀ ਧੀ ਵੀਰਪਾਲ ਕੌਰ, ਕਾਮਰੇਡ ਹਰਦੇਵ ਸਿੰਘ ਅਰਸ਼ੀ ਅਤੇ ਕਾਮਰੇਡ ਕ੍ਰਿਸ਼ਨਾ ਚੌਹਾਨ ਨੇ ਪੁਲਿਸ 'ਤੇ ਪੱਖਪਾਤ ਦਾ ਦੋਸ਼ ਲਗਾਇਆ।

ਉਨ੍ਹਾਂ ਦਾ ਕਹਿਣਾ ਹੈ ਕਿ ਪੁਲਿਸ ਨੇ ਜਾਣਬੁੱਝ ਕੇ ਕੁਝ ਲੋਕਾਂ ਨੂੰ ਬਚਾਇਆ ਹੈ। ਪ੍ਰਦਰਸ਼ਨਕਾਰੀਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਇਨਸਾਫ਼ ਨਾ ਮਿਲਿਆ ਤਾਂ ਅੰਦੋਲਨ ਹੋਰ ਤੇਜ਼ ਕੀਤਾ ਜਾਵੇਗਾ। ਥਾਣਾ ਇੰਚਾਰਜ ਅਮਰੀਕ ਸਿੰਘ ਨੇ ਦੱਸਿਆ ਕਿ ਵਿਸ਼ੇਸ਼ ਜਾਂਚ ਟੀਮ ਨੇ ਸਬੂਤਾਂ ਦੇ ਆਧਾਰ 'ਤੇ ਦੋ ਲੋਕਾਂ ਨੂੰ ਬੇਕਸੂਰ ਪਾਇਆ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਪਰਿਵਾਰ ਨੂੰ ਪੂਰਾ ਇਨਸਾਫ਼ ਦਿੱਤਾ ਜਾਵੇਗਾ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਝੱਖੜ ਨਾਲ ਘਰ 'ਤੇ ਡਿੱਗਿਆ ਦਰਖਤ, ਪਰਿਵਾਰ ਦੇ 4 ਮੈਂਬਰਾਂ ਦੀ ਮੌਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com

ਅੱਜ ਤੇਜ਼ ਹਨ੍ਹੇਰੀ ਇਕ ਪਰਿਵਾਰ ਉਤੇ ਕਾਲ ਬਣਕੇ ਆਈ। ਹਨ੍ਹੇਰੀ ਕਾਰਨ ਇਕ ਘਰ ਉਤੇ ਦਰਖਤ ਡਿੱਗਣ ਕਾਰਨ ਪਰਿਵਾਰ ਦੇ 4 ਮੈਂਬਰਾਂ ਦੀ ਮੌਤ ਹੋ ਗਈ ਅਤੇ ਇਕ ਜ਼ਖਮੀ ਹੋ ਗਿਆ। ਦਿੱਲੀ ਦੇ ਨਜਫਗੜ੍ਹ ਇਲਾਕੇ ਵਿੱਚ ਖੇਤਾਂ ਵਿੱਚ ਬਦੇ ਕਮਰੇ ਉਤੇ ਹਨ੍ਹੇਰੀ ਨਾਲ ਦਰਖਤ ਡਿੱਗ ਗਿਆ। ਕਮਰੇ ਵਿੱਚ ਮੌਜੂਦ ਔਰਤ ਅਤੇ ਤਿੰਨ ਬੱਚਿਆਂ ਦੀ ਮੌਤ ਹੋ ਗਈ ਅਤੇ ਪਤੀ ਨੂੰ ਸੱਟ ਲੱਗੀ ਹੈ।



ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਪਰਿਵਾਰ ਕਮਰੇ ਵਿੱਚ ਸੋ ਰਿਹਾ ਸੀ। ਅਚਾਨਕ ਹਨ੍ਹੇਰੀ ਕਾਰਨ ਦਰਖਤ ਕਮਰੇ ਉਤੇ ਡਿੱਗ ਗਿਆ, ਜਿਸ ਕਾਰਨ ਪਰਿਵਾਰ ਵਿੱਚ ਦਬਿਆ ਗਿਆ। ਇਸ ਹਾਦਸੇ ਵਿੱਚ 26 ਸਾਲਾ ਜੋਤੀ ਅਤੇ ਉਸਦੇ ਤਿੰਨ ਬੱਚਿਆਂ ਦੀ ਮੌਤ ਹੋ ਗਈ ਅਤੇ ਪਤੀ ਅਜੇ ਨੂੰ ਮਾਮੂਲੀ ਸੱਟ ਲੱਗੀ ਹੈ।

# ਪੁੱਤ ਨੂੰ ਵਿਦੇਸ਼ ਰਵਾਨਾ ਕਰ ਕੇ ਆ ਰਹੇ ਪਰਿਵਾਰ ਦੇ 4 ਜੀਆਂ ਦੀ ਹਾਦਸੇ 'ਚ ਮੌਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com

ਅੰਮ੍ਰਿਤਸਰ ਵਿਚ ਇਕ ਦਰਦਨਾਕ ਹਾਦਸਾ ਵਾਪਰਿਆ ਹੈ। ਇਥੇ ਵਾਪਰੇ ਸੜਕ ਹਾਦਸੇ ਵਿਚ 4 ਲੋਕਾਂ ਦੀ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਪੁੱਤ ਨੂੰ ਵਿਦੇਸ਼ ਭੇਜਣ ਲਈ ਸ੍ਰੀ ਗੁਰੂ ਰਾਮਦਾਸ ਏਅਰਪੋਰਟ ਤੋਂ ਜਹਾਜ਼ ਚੜ੍ਹਾ ਕੇ ਵਾਪਸ ਆ ਰਹੇ ਸਨ ਕਿ ਮਹਿਤਾ ਰੋਡ ਪਿੰਡ ਜੀਵਨ ਪੰਧੇਰ ਨਜ਼ਦੀਕ ਵਰਨਾ ਕਾਰ ਤੇ ਟਿੱਪਰ ਦੀ ਆਪਸ ਵਿਚ ਭਿਆਨਕ ਟੱਕਰ ਹੋ ਗਈ।



ਮ੍ਰਿਤਕਾਂ ਵਿਚ ਦੋ ਔਰਤਾਂ ਤੇ ਦੋ ਵਿਅਕਤੀ ਸ਼ਾਮਲ ਹਨ। ਮ੍ਰਿਤਕਾਂ ਦੀ ਪਛਾਣ ਗੁਰਦੇਵ ਸਿੰਘ (60) ਪੁੱਤਰ ਜਗੀਰ ਸਿੰਘ ਵਾਸੀ ਪਿੰਡ ਬੋਜਾ ਥਾਣਾ ਘੁਮਾਣ, ਧਰਮਿੰਦਰ ਸਿੰਘ (38) ਪੁੱਤਰ ਅਜਮੇਰ ਸਿੰਘ ਪਿੰਡ ਬੋਜਾ, ਮਲਕੀਅਤ ਕੌਰ (65) ਪਤਨੀ ਗੁਰਦੇਵ ਸਿੰਘ, ਪਰਮਜੀਤ ਕੌਰ (45) ਪਤਨੀ ਭੁਪਿੰਦਰ ਸਿੰਘ ਵਾਸੀ ਪਿੰਡ ਬੱਲਪੁਰੀਆਂ ਵਜੋਂ ਹੋਈ ਹੈ। ਥਾਣਾ ਤਰਸਿੱਕਾ ਦੀ ਪੁਲਿਸ ਪਾਰਟੀ ਸਮੇਤ ਬਚਨ ਸਿੰਘ ਏ. ਐਸ. ਆਈ. ਤੁਰੰਤ ਮੌਕੇ 'ਤੇ ਪਹੁੰਚੇ ਤੇ ਲਾਸ਼ਾਂ ਕਬਜ਼ੇ 'ਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਫੰਡਾਂ ਦੀ ਹੇਰਾਫੇਰੀ ਦੇ ਦੋਸ਼ ਹੇਠ ਸਾਬਕਾ ਵਿਧਾਇਕ ਦੇ ਪੁੱਤਰ, ਨੂੰਹ, EO ਤੇ ਹੋਰਨਾਂ ਵਿਰੁੱਧ ਪਰਚਾ ਦਰਜ

## ਵਿਜੀਲੈਂਸ ਬਿਊਰੋ ਨੇ ਕਾਰਜਕਾਰੀ ਅਧਿਕਾਰੀ, ਕਲਰਕ ਅਤੇ ਪ੍ਰਾਈਵੇਟ ਫਰਮ ਮਾਲਕ ਨੂੰ ਕੀਤਾ ਗ੍ਰਿਫ਼ਤਾਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com

ਪੰਜਾਬ ਵਿਜੀਲੈਂਸ ਬਿਊਰੋ ਨੇ ਰਾਜ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ, ਤਰਨਤਾਰਨ ਦੇ ਸਾਬਕਾ ਵਿਧਾਇਕ ਦੇ ਪੁੱਤਰ ਅਤੇ ਨੂੰਹ ਸਮੇਤ ਨਗਰ ਕੌਂਸਲ ਤਰਨਤਾਰਨ ਦੇ ਕਾਰਜਕਾਰੀ ਅਧਿਕਾਰੀ (ਈ.ਓ) , ਕਲਰਕ ਅਤੇ ਇੱਕ ਫਰਮ ਦੇ ਮਾਲਕ ਵਿਰੁੱਧ ਕੌਂਸਲ ਦੇ ਫੰਡਾਂ ਵਿੱਚ ਵੱਡੀ ਹੇਰਾ-ਫੇਰੀ ਕਰਨ ਦੇ ਦੋਸ਼ ਹੇਠ ਮੁਕੱਦਮਾ ਦਰਜ ਕੀਤਾ ਹੈ। ਇਸ ਕੇਸ ਵਿੱਚ ਉਕਤ ਮੁਲਜ਼ਮ ਈ.ਓ., ਕਲਰਕ ਅਤੇ ਫਰਮ ਦੇ ਮਾਲਕ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ ਇਸ ਸਬੰਧ ਵਿੱਚ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਕੀਤੀ ਗਈ ਚੈਕਿੰਗ ਦੇ ਸਿੱਟੇ ਵਜੋਂ ਹੋਈ ਵਿਜੀਲੈਂਸ ਜਾਂਚ ਦੇ ਆਧਾਰ 'ਤੇ ਕੇਸ ਦਰਜ ਕੀਤਾ ਗਿਆ ਹੈ। ਇਸ ਕੇਸ ਨੂੰ ਅਗਲੇਰੀ ਜਾਂਚ ਲਈ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤਾ ਗਿਆ ਸੀ। ਇਸ ਤੋਂ ਬਾਅਦ, ਜਾਂਚ ਦੇ ਆਧਾਰ 'ਤੇ, ਉਕਤ ਮੁਲਜ਼ਮਾਂ ਵਿਰੁੱਧ ਵਿਜੀਲੈਂਸ ਬਿਊਰੋ ਦੀ ਅੰਮ੍ਰਿਤਸਰ ਰੇਂਜ ਦੇ ਥਾਣੇ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13(2) ਦੇ ਨਾਲ-ਨਾਲ 13(1) ਅਤੇ ਆਈਪੀਸੀ ਦੀ ਧਾਰਾ 409, 420, 465, 467, 468, 471, 120-ਬੀ ਦੇ ਤਹਿਤ ਐਫਆਈਆਰ ਨੰਬਰ 22, ਮਿਤੀ 02.05.2025 ਦਰਜ ਕੀਤੀ ਗਈ ਹੈ।

ਬੁਲਾਰੇ ਨੇ ਦੱਸਿਆ ਕਿ ਇਸ ਕੇਸ ਦੇ ਮੁਲਜ਼ਮਾਂ ਵਿੱਚ ਸ਼ਰਨਜੀਤ ਕੌਰ, ਕਾਰਜਕਾਰੀ ਅਧਿਕਾਰੀ (ਹੁਣ ਮੁਅੱਤਲ) ਅਤੇ ਨਗਰ ਕੌਂਸਲ ਤਰਨਤਾਰਨ ਦਾ ਕਲਰਕ ਨਰਿੰਦਰ ਕੁਮਾਰ, ਸਾਬਕਾ ਵਿਧਾਇਕ ਧਰਮਵੀਰ ਅਗਨੀਹੋਤਰੀ ਦਾ ਪੁੱਤਰ ਸੰਦੀਪ ਕੁਮਾਰ ਅਗਨੀਹੋਤਰੀ ਅਤੇ ਉਨ੍ਹਾਂ ਦੀ ਨੂੰਹ ਜੋਤੀ ਸਚਦੇਵਾ, ਜੋ ਕਿ ਮੈਸਰਜ਼ ਐਮ.ਕੇ. ਪਦਮ ਪੈਟਰੋਲੀਅਮ ਦੀ ਮਾਲਕ ਹੈ ਅਤੇ ਨਿਊ ਪਵਨ ਨਗਰ, ਅੰਮ੍ਰਿਤਸਰ ਦਾ ਰਹਿਣ ਵਾਲਾ ਰਾਜੀਵ ਗੁਪਤਾ, ਜੋ ਮੈਸਰਜ਼ ਸ਼ਾਰਪ ਫੋਕਸ ਵਿਜ਼ਨ ਪ੍ਰਾਈਵੇਟ ਲਿਮਟਿਡ ਅਤੇ ਮੈਸਰਜ਼ ਐਸਆਰ ਐਂਟਰਪ੍ਰਾਈਜ਼ਿਜ਼ ਲਿਮਟਿਡ ਦਾ ਸ਼ੇਅਰਧਾਰਕ ਹੈ, ਸ਼ਾਮਲ ਹਨ।



ਇਸ ਕੇਸ ਵਿੱਚ, ਸ਼ਰਨਜੀਤ ਕੌਰ, ਈ.ਓ. ਅਤੇ ਨਰਿੰਦਰ ਕੁਮਾਰ ਕਲਰਕ,ਦੋਵੇਂ ਨਗਰ ਕੌਂਸਲ, ਤਰਨਤਾਰਨ ਵਿਖੇ ਤਾਇਨਾਤ, ਅਤੇ ਉਕਤ ਪ੍ਰਾਈਵੇਟ ਫਰਮ ਦੇ ਮਾਲਕ ਰਾਜੀਵ ਗੁਪਤਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਬੁਲਾਰੇ ਨੇ ਖੁਲਾਸਾ ਕੀਤਾ ਕਿ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਉਕਤ ਕਾਰਜਕਾਰੀ ਅਧਿਕਾਰੀ ਦੁਆਰਾ 2017-2022 ਦੇ ਸਾਲਾਂ ਦੌਰਾਨ ਧੋਖਾਧੜੀ ਵਾਲੇ ਲੈਣ-ਦੇਣ ਕੀਤੇ ਗਏ ਸਨ। ਉਸਨੇ ਮੈਸਰਜ਼ ਸਿੱਧੂ ਕੰਸਟਰਕਸ਼ਨ ਕੰਪਨੀ, ਮੈਸਰਜ਼ ਬ੍ਰਦਰ ਕੰਸਟਰਕਸ਼ਨ ਕੰਪਨੀ ਅਤੇ ਮੈਸਰਜ਼ ਫਰੈਂਡਜ਼ ਐਸੋਸੀਏਸ਼ਨ ਨੂੰ ਵੱਖ-ਵੱਖ ਚੈੱਕਾਂ ਰਾਹੀਂ ਗਲਤ ਭੁਗਤਾਨ ਕੀਤੇ ਸਨ। ਇਸ ਤੋਂ ਇਲਾਵਾ, ਸਾਬਕਾ ਵਿਧਾਇਕ ਧਰਮਵੀਰ ਅਗਨੀਹੋਤਰੀ ਦੇ ਪੁੱਤਰ ਸੰਦੀਪ ਕੁਮਾਰ ਅਗਨੀਹੋਤਰੀ ਨਾਲ ਮਿਲੀਭੁਗਤ ਕਰਕੇ, ਦੋਸ਼ੀ ਈ.ਓ. ਨੇ ਉਨ੍ਹਾਂ ਦੀ ਕੰਪਨੀਆਂ ਮੈਸਰਜ਼ ਸ਼ਾਰਪ ਫੋਕਸ ਵਿਜ਼ਨ ਪ੍ਰਾਈਵੇਟ ਲਿਮਟਿਡ ਅਤੇ ਮੈਸਰਜ਼ ਐਸ.ਆਰ. ਐਂਟਰਪ੍ਰਾਈਜ਼ਿਜ਼ ਨੂੰ ਵੀ ਜਾਅਲੀ ਭੁਗਤਾਨ ਕੀਤੇ ਸਨ।

ਬੁਲਾਰੇ ਨੇ ਅੱਗੇ ਦੱਸਿਆ ਕਿ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਵੱਲੋਂ ਕੀਤੀ ਗਈ ਚੈਕਿੰਗ ਦੌਰਾਨ, ਉਕਤ ਜਾਅਲੀ ਅਦਾਇਗੀਆਂ ਦੀ ਰਿਕਵਰੀ ਤਾਂ ਹੋ ਗਈ , ਪਰ 27,88,000 ਰੁਪਏ ਦੀ ਰਕਮ ਅਜੇ ਵੀ ਬਕਾਇਆ ਹੈ। ਜਾਂਚ ਦੌਰਾਨ ਇਹ ਵੀ ਪਾਇਆ ਗਿਆ ਕਿ ਸੰਦੀਪ ਕੁਮਾਰ ਅਗਨੀਹੋਤਰੀ ਨੂੰ ਆਪਣੀ ਪਤਨੀ ਜੋਤੀ ਸਚਦੇਵਾ ਦੀ ਮਾਲਕੀਵਾਲੇ ਮੈਸਰਜ਼ ਐਮਕੇ ਪਦਮ ਪੈਟਰੋਲੀਅਮ ਦੇ ਨਾਮ 'ਤੇ ਜਾਰੀ ਕੀਤੇ 4,41,03,086 ਰੁਪਏ ਦੇ ਜਾਅਲੀ ਭੁਗਤਾਨ ਵੀ ਪ੍ਰਾਪਤ ਕੀਤੇ ਸਨ। ਬਾਅਦ ਵਿੱਚ, ਸੰਦੀਪ ਅਗਨੀਹੋਤਰੀ ਨੇ ਇਸ ਜਾਅਲੀ ਅਦਾਇਗੀ ਦਾ ਕੁਝ ਹਿੱਸਾ ਨਗਰ ਕੌਂਸਲ ਤਰਨਤਾਰਨ ਦੇ ਖਾਤਿਆਂ ਵਿੱਚ ਵਾਪਸ ਜਮ੍ਹਾ ਕਰਵਾ ਦਿੱਤਾ , ਪਰ 35,45,404 ਰੁਪਏ ਅਜੇ ਵੀ ਬਕਾਇਆ ਹਨ। ਬਕਾਇਆ ਬਿੱਲਾਂ ਦੇ ਆਂਸ਼ਿਕ ਅਦਾਇਗੀ ਤੋਂ ਬਾਅਦ, ਮੈਸਰਜ਼ ਐਮਕੇ ਪਦਮ ਪੈਟਰੋਲੀਅਮ ਵੱਲ ਕੁੱਲ 1,05,30,628 ਰੁਪਏ ਦੀ ਬਕਾਇਆ ਰਕਮ ਪਾਈ ਗਈ। ਇਸ ਤੋਂ ਇਲਾਵਾ, ਪ੍ਰਮੁੱਖ ਸਕੱਤਰ, ਸਥਾਨਕ ਸਰਕਾਰਾਂ, ਪੰਜਾਬ ਵੱਲੋਂ ਪ੍ਰਦਾਨ ਕੀਤੀ ਗਈ ਵਿਭਾਗੀ ਨਿਰੀਖਣ ਰਿਪੋਰਟ ਦੇ ਅਨੁਸਾਰ, ਈ.ਓ. ਸ਼ਰਨਜੀਤ ਕੌਰ ਨੇ ਕਲਰਕ ਰਾਜੀਵ ਕੁਮਾਰ, (ਹੁਣ ਮ੍ਰਿਤਕ), ਜੋ ਕਿ ਉਸਦੇ ਦਫ਼ਤਰ ਵਿਖੇ ਤਾਇਨਾਤ ਸੀ ਅਤੇ ਉਕਤ ਕਲਰਕ ਨਰਿੰਦਰ ਕੁਮਾਰ , ਨੂੰ ਬਿਨਾਂ ਕਿਸੇ ਬਿੱਲ ਜਾਂ ਵਰਕ ਆਰਡਰ ਦੇ ਭੁਗਤਾਨ ਜਾਰੀ ਕੀਤੇ ਸਨ।

ਤੱਥਾਂ ਤੋਂ ਇਹ ਸਪੱਸ਼ਟ ਹੋ ਗਿਆ ਕਿ ਈਓ ਸ਼ਰਨਜੀਤ ਕੌਰ ਨੇ ਉਕਤ ਸੰਦੀਪ ਕੁਮਾਰ ਅਗਨੀਹੋਤਰੀ ਨਾਲ ਮਿਲ ਕੇ ਆਪਣੇ ਅਹੁਦੇ ਦੀ ਦੁਰਵਰਤੋਂ ਕੀਤੀ ਅਤੇ ਉਸ ਦੀਆਂ ਫਰਜ਼ੀ ਫਰਮਾਂ ਮੈਸਰਜ਼ ਸ਼ਾਰਪ ਫੌਕਸ ਵਿਜ਼ਨ ਪ੍ਰਾਈਵੇਟ ਲਿਮਟਿਡ ਅਤੇ ਮੈਸਰਜ਼ ਐਸ.ਆਰ. ਐਂਟਰਪ੍ਰਾਈਜ਼ਿਜ਼ ਨੂੰ ਗੈਰ-ਕਾਨੂੰਨੀ ਭੁਗਤਾਨ ਕੀਤੇ ਸਨ। ਇਸ ਤੋਂ ਇਲਾਵਾ, ਇਹ ਵੀ ਪਾਇਆ ਗਿਆ ਕਿ 14,61,980 ਰੁਪਏ, 3,25,000 ਰੁਪਏ ਅਤੇ 2,09,400 ਰੁਪਏ ਦੀ ਅਦਾਇਗੀ ਬਿਨਾਂ ਕਿਸੇ ਟੈਂਡਰ ਜਾਂ ਕੋਟੇਸ਼ਨ ਦੇ ਵੱਖ-ਵੱਖ ਫਰਮਾਂ ਨੂੰ ਕੀਤੀ ਗਈ ਸੀ।

ਬੁਲਾਰੇ ਨੇ ਅੱਗੇ ਕਿਹਾ ਕਿ ਕੇਸ ਜਾਂਚ ਅਧੀਨ ਹੈ ਅਤੇ ਜਾਅਲੀ ਭੁਗਤਾਨ ਪ੍ਰਾਪਤ ਕਰਨ ਵਾਲੇ ਨਿੱਜੀ ਵਿਅਕਤੀਆਂ ਦੀ ਭੂਮਿਕਾ ਦੀ ਜਾਂਚ ਦੌਰਾਨ ਪੁਸ਼ਟੀ ਕੀਤੀ ਜਾਵੇਗੀ। ਮੁਲਜ਼ਮਾਂ ਨੂੰ ਕੱਲ੍ਹ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਵਿਜੀਲੈਂਸ ਵੱਲੋਂ ਏਐਸਆਈ 15000 ਰੁਪਏ ਦੀ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com

ਪੰਜਾਬ ਵਿਜੀਲੈਂਸ ਬਿਊਰੋ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਅਪਣਾਈ ਗਈ ਜ਼ੀਰੋ ਟਾਲਰੈਂਸ ਨੀਤੀ ਤਹਿਤ, ਪੁਲਿਸ ਕਮਿਸ਼ਨਰੇਟ ਜਲੰਧਰ ਦੇ ਥਾਣਾ ਡਿਵੀਜ਼ਨ ਨੰਬਰ 8 ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏਐਸਆਈ) ਸੰਜੇ ਕੁਮਾਰ ਨੂੰ 15,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀ ਜਲੰਧਰ ਦੇ ਪਿੰਡ ਰੇਰੂ ਦੇ ਵਸਨੀਕ ਦੀ ਸ਼ਿਕਾਇਤ ਦੇ ਆਧਾਰ 'ਤੇ ਕੀਤੀ ਗਈ ਹੈ।



ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕੀਤੀ ਅਤੇ ਦੋਸ਼ ਲਗਾਇਆ ਕਿ ਬੀਐਨਐਸ ਕਥਿਤ ਤੌਰ 'ਤੇ ਉਸਦੇ ਪੁੱਤਰ ਨੂੰ ਪਨਾਹ ਦੇ ਰਿਹਾ ਸੀ, ਜਿਸ ਵਿਰੁੱਧ ਉਪਰੋਕਤ ਪੁਲਿਸ ਸਟੇਸ਼ਨ ਵਿੱਚ ਪੁਲਿਸ ਕੇਸ ਦਰਜ ਕੀਤਾ ਗਿਆ ਸੀ। ਸੀਆਰਪੀਸੀ ਦੀ ਧਾਰਾ 249 ਤਹਿਤ ਉਸਨੂੰ ਦੁਬਾਰਾ ਨਾਮਜ਼ਦ ਕਰਨ ਦੀ ਧਮਕੀ ਦੇ ਕੇ, ਉਕਤ ਪੁਲਿਸ ਮੁਲਾਜ਼ਮਾਂ ਨੇ 50,000 ਰੁਪਏ ਦੀ ਰਿਸ਼ਵਤ ਮੰਗੀ ਹੈ।

ਇਹ ਧਿਆਨ ਦੇਣ ਯੋਗ ਹੈ ਕਿ ਸ਼ਿਕਾਇਤਕਰਤਾ ਦਾ ਨਾਮ ਪਹਿਲਾਂ ਆਪਣੇ ਪੁੱਤਰ ਨੂੰ ਪਨਾਹ ਦੇਣ ਲਈ ਐਫਆਈਆਰ ਵਿੱਚ ਸ਼ਾਮਲ ਕੀਤਾ ਗਿਆ ਸੀ। ਪਰ ਬਾਅਦ ਵਿੱਚ ਪੁਲਿਸ ਜਾਂਚ ਤੋਂ ਬਾਅਦ ਉਸਦਾ ਨਾਮ ਹਟਾ ਦਿੱਤਾ ਗਿਆ, ਫਿਰ ਵੀ ਉਕਤ ਏ.ਐਸ.ਆਈ. ਸ਼ਿਕਾਇਤਕਰਤਾ ਨੂੰ ਇਸੇ ਮਾਮਲੇ ਬਾਰੇ ਬੀ.ਐਨ.ਐਸ. ਦੁਆਰਾ ਸੂਚਿਤ ਕੀਤਾ ਗਿਆ ਸੀ। ਉਹ ਸੀਆਰਪੀਸੀ ਦੀ ਧਾਰਾ 249 ਦੇ ਤਹਿਤ ਉਸਨੂੰ ਦੁਬਾਰਾ ਨਾਮਜ਼ਦ ਕਰਨ ਦੀ ਧਮਕੀ ਦੇ ਕੇ ਰਿਸ਼ਵਤ ਮੰਗ ਰਿਹਾ ਸੀ।

ਬੁਲਾਰੇ ਨੇ ਅੱਗੇ ਕਿਹਾ ਕਿ ਇਸ ਸ਼ਿਕਾਇਤ ਦੀ ਮੁੱਢਲੀ ਪੁਸ਼ਟੀ ਤੋਂ ਬਾਅਦ, ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਉਕਤ ਏਐਸਆਈ ਨੂੰ ਫੜ ਲਿਆ। ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 15,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਫੜਿਆ ਗਿਆ। ਇਸ ਸਬੰਧ ਵਿੱਚ, ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਅਤੇ ਬੀ.ਐਨ.ਐਸ. ਪੁਲਿਸ ਸਟੇਸ਼ਨ ਵਿਜੀਲੈਂਸ ਬਿਊਰੋ, ਜਲੰਧਰ ਰੇਂਜ ਵਿਖੇ ਆਈਪੀਸੀ ਦੀ ਧਾਰਾ 308(2) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਦੋਸ਼ੀ ਨੂੰ ਜਲਦੀ ਹੀ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਸੁਤੰਤਰ ਸੋਚ, ਸੁਤੰਤਰ ਰਵੱਈਆ ਅਤੇ ਇੱਕ ਨਿਡਰ ਨਾਗਰਿਕ ਬਣੋ

10 ਜੂਨ, 1956 ਨੂੰ, ਦਿੱਲੀ ਦੇ ਅੰਬੇਡਕਰ ਭਵਨ ਦੇ ਮੈਦਾਨ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਸੀ। ਇਸ ਵਿੱਚ ਤੀਹ ਹਜ਼ਾਰ ਤੋਂ ਵੱਧ ਲੋਕ ਮੌਜੂਦ ਸਨ। ਇਹ ਮੀਟਿੰਗ ਭਾਰਤੀ ਬੁੱਧ ਸੰਘ ਦੀ ਦਿੱਲੀ ਸ਼ਾਖਾ ਦੁਆਰਾ 2500ਵੇਂ ਬੁੱਧ ਮਹਾਪਰਿਨਿਰਵਾਣ ਦਿਵਸ, ਜਯੰਤੀ ਅਤੇ ਸੰਬੋਧੀ ਦਿਵਸ ਮਨਾਉਣ ਲਈ ਆਯੋਜਿਤ



ਕੀਤੀ ਗਈ ਸੀ। ਕੰਬੋਡੀਆ ਦੇ ਸਤਿਕਾਰਯੋਗ ਵੀਰ ਧਰਮਵੀਰ ਮਹਾਥੇਰਾ ਇਸ ਮੀਟਿੰਗ ਦੇ ਪ੍ਰਧਾਨ ਸਨ। ਡਾ. ਬਾਬਾ ਸਾਹਿਬ ਅੰਬੇਡਕਰ ਨੇ ਕਿਹਾ,

ਭੈਣੋਂ ਅਤੇ ਭਰਾਵੋ,

ਬ੍ਰਾਹਮਣ ਧਰਮ ਗਰੀਬਾਂ ਦੇ ਅਨਿਆਂ, ਬੇਰਹਿਮੀ ਅਤੇ ਸ਼ੋਸ਼ਣ ਦਾ ਪਿਤਾ ਹੈ। ਜਾਤ-ਪਾਤ ਵਿੱਚ, ਬ੍ਰਾਹਮਣ ਸਭ ਤੋਂ ਉੱਪਰ ਹਨ। ਉਨ੍ਹਾਂ ਤੋਂ ਬਾਅਦ ਕਸ਼ੱਤਰੀ ਹਨ, ਉਨ੍ਹਾਂ ਤੋਂ ਬਾਅਦ ਵੈਸ਼ ਹਨ ਅਤੇ ਸਭ ਤੋਂ ਹੇਠਾਂ ਸ਼ੂਦਰ ਹਨ, ਜੋ ਇਨ੍ਹਾਂ ਸਭ ਦਾ ਭਾਰ ਆਪਣੇ ਸਿਰਾਂ 'ਤੇ ਚੁੱਕਦੇ ਹਨ। ਜੇਕਰ ਸ਼ੂਦਰ ਤਰੱਕੀ ਕਰਨਾ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਉੱਪਰਲੀਆਂ ਤਿੰਨ ਜਾਤਾਂ ਨਾਲ ਸੰਘਰਸ਼ ਕਰਨਾ ਪਵੇਗਾ। ਇਨ੍ਹਾਂ ਤਿੰਨਾਂ ਜਾਤਾਂ ਨੂੰ ਸ਼ੂਦਰਾਂ ਦੇ ਕਲਿਆਣ ਦੀ ਚਿੰਤਾ ਕਰਨ ਦੀ ਥੋੜ੍ਹੀ ਜਿਹੀ ਵੀ ਇੱਛਾ ਨਹੀਂ ਹੈ। ਧਰਮ ਨੇ ਬ੍ਰਾਹਮਣਾਂ ਨੂੰ ਵੈਸ਼ੀਆਂ ਅਤੇ ਕਸ਼ੱਤਰੀਆਂ ਤੋਂ ਉੱਤਮ ਬਣਾਇਆ ਹੈ, ਇਸ ਲਈ ਉਹ ਬ੍ਰਾਹਮਣ ਵਰਗ ਦੇ ਧਾਰਮਿਕ ਗੁਲਾਮ ਹਨ। ਸਿੱਧੇ ਸ਼ਬਦਾਂ ਵਿੱਚ ਕਹੀਏ ਤਾਂ, ਇਹ ਤਿੰਨੇ ਜਾਤਾਂ, ਜੋ ਸ਼ੂਦਰਾਂ ਦੀ ਤਰੱਕੀ ਦੇ ਰਾਹ ਵਿੱਚ ਰੁਕਾਵਟ ਹਨ, ਉਨ੍ਹਾਂ ਦੀਆਂ ਦੁਸ਼ਮਣ ਹਨ। ਤੁਸੀਂ ਉਸ ਸਮਾਜ ਵਿੱਚ ਕਿਸੇ ਵੀ ਤਰ੍ਹਾਂ ਦੀ ਤਰੱਕੀ ਦੀ ਉਮੀਦ ਕਿਵੇਂ ਕਰ ਸਕਦੇ ਹੋ ਜਿੱਥੇ ਲੋਕਾਂ 'ਤੇ ਧਾਰਮਿਕ ਆਧਾਰ 'ਤੇ ਜ਼ੁਲਮ ਕੀਤਾ ਜਾਂਦਾ ਹੈ? ਇਹੀ ਕਾਰਨ ਹੈ ਕਿ ਸ਼ੂਦਰਾਂ ਨੂੰ ਹਮੇਸ਼ਾ ਪੈਰਾਂ ਹੇਠ ਰੱਖਿਆ ਜਾਂਦਾ ਸੀ ਅਤੇ ਜਦੋਂ ਵੀ ਉਹ ਇਸ ਵਿਰੁੱਧ ਲੜਨ ਲਈ ਆਪਣੇ ਆਪ ਨੂੰ ਤਿਆਰ ਕਰਦੇ ਸਨ, ਉਨ੍ਹਾਂ ਦੇ ਸਿਰ ਉਨ੍ਹਾਂ ਦੀਆਂ ਗਰਦਨਾਂ ਤੋਂ ਵੱਖ ਕਰ ਦਿੱਤੇ ਜਾਂਦੇ ਸਨ।

ਇਸ ਦੇ ਉਲਟ, ਜੇਕਰ ਅਸੀਂ ਬੁੱਧ ਧਰਮ ਨੂੰ ਵੇਖੀਏ, ਤਾਂ ਇਸ ਵਿੱਚ ਜਾਤੀਵਾਦ ਅਤੇ ਅਸਮਾਨਤਾ ਲਈ ਕੋਈ ਥਾਂ ਨਹੀਂ ਹੈ। ਸਾਰੇ ਹੱਕ ਬਰਾਬਰ ਹਨ - ਧਰਮ ਵਿੱਚ ਸਾਰਿਆਂ ਦੇ ਬਰਾਬਰ ਅਧਿਕਾਰ ਹਨ। ਕੋਈ ਵੀ ਉੱਚਾ ਜਾਂ ਨੀਵਾਂ ਨਹੀਂ ਹੈ। ਬੁੱਧ ਨੇ ਖੁਦ ਅਨਿਆਂ ਵਿਰੁੱਧ ਲੜ ਕੇ 'ਬਹੁਜਨ ਹਿਤਾਏ, ਬਹੁਜਨ ਸੁਖਾਏ' ਧਰਮ ਦੀ ਸਥਾਪਨਾ ਕੀਤੀ ਸੀ।

ਪਹਿਲਾਂ, ਆਰੀਅਨ (ਬ੍ਰਾਹਮਣ) ਪੂਜਾ ਕਰਦੇ ਹੋਏ ਹਜ਼ਾਰਾਂ ਜਾਨਵਰਾਂ ਦੀ ਬਲੀ ਦਿੰਦੇ ਸਨ।

ਜੇਕਰ ਅਸੀਂ ਜਾਨਵਰਾਂ ਦੇ ਕਤਲ (ਗਊਆਂ ਅਤੇ ਮੱਝਾਂ ਦੇ ਕਤਲ) ਦੇ ਇਤਿਹਾਸ 'ਤੇ ਨਜ਼ਰ ਮਾਰੀਏ, ਤਾਂ ਉਸ ਯੁੱਗ ਦੇ ਬ੍ਰਾਹਮਣ ਅੰਗਰੇਜ਼ਾਂ ਅਤੇ ਮੁਸਲਮਾਨਾਂ ਦੁਆਰਾ ਮਾਰੇ ਅਤੇ ਖਾਧੇ ਜਾਣ ਵਾਲੇ ਗਾਵਾਂ ਨਾਲੋਂ ਵੱਧ ਗਾਵਾਂ ਖਾਧੀਆਂ ਹਨ।

ਪਹਿਲਾਂ ਚਾਰ ਤਰ੍ਹਾਂ ਦੇ ਬ੍ਰਾਹਮਣ ਸਨ। ਸਮੇਂ ਦੇ ਬੀਤਣ ਨਾਲ, ਸਤਾਰਾਂ ਵੱਖ-ਵੱਖ ਉਪ-ਜਾਤੀਆਂ ਬਣ ਗਈਆਂ। ਬ੍ਰਾਹਮਣ ਗ੍ਰੰਥਾਂ ਤੋਂ ਪਤਾ ਲੱਗਦਾ ਹੈ ਕਿ ਬ੍ਰਾਹਮਣਾਂ ਵਿੱਚ ਗਊ ਮਾਸ ਦੇ ਹਿੱਸੇ ਅਤੇ ਗਾਵਾਂ ਅਤੇ ਮੱਝਾਂ ਦੀ ਚਮੜੀ ਦੀ ਮਾਲਕੀ ਨੂੰ ਲੈ ਕੇ ਲਗਾਤਾਰ ਲੜਾਈਆਂ ਹੁੰਦੀਆਂ ਰਹਿੰਦੀਆਂ ਸਨ। ਜਿਹੜੇ ਲੋਕ ਬ੍ਰਾਹਮਣਾਂ ਦੇ ਦੇਵਤਿਆਂ ਨੂੰ ਖੁਸ਼ ਰੱਖਣ ਲਈ ਜਾਨਵਰਾਂ ਨੂੰ ਨਹੀਂ ਮਾਰਦੇ ਸਨ, ਉਨ੍ਹਾਂ ਨੂੰ ਬ੍ਰਾਹਮਣ ਧਰਮ ਦਾ ਪੈਰੋਕਾਰ ਨਹੀਂ ਮੰਨਿਆ ਜਾਂਦਾ ਸੀ। ਇਸੇ ਕਰਕੇ ਬੁੱਧ ਧਰਮ ਹੋਂਦ ਵਿੱਚ ਆਇਆ। ਬੁੱਧ ਧਰਮ ਨੇ ਮਨੁੱਖ ਨੂੰ ਚੰਗੀ ਤਰ੍ਹਾਂ ਸੋਚਣ ਅਤੇ ਸਹੀ ਰਸਤਾ ਚੁਣਨ ਦੀ ਆਜ਼ਾਦੀ ਦਿੱਤੀ ਹੈ। ਬੁੱਧ ਧਰਮ ਵਿੱਚ ਨੈਤਿਕਤਾ 'ਤੇ ਆਧਾਰਿਤ ਅਹਿੰਸਾ ਦਾ ਪ੍ਰਚਾਰ ਕੀਤਾ ਜਾਂਦਾ ਹੈ। ਇਸ ਬਾਰੇ ਹੈਰਾਨ ਹੋਣ ਦਾ ਕੋਈ ਕਾਰਨ ਨਹੀਂ ਹੈ। ਲੋਕਾਂ ਨੇ ਅਹਿੰਸਾ ਦੀ ਗਲਤ ਵਿਆਖਿਆ ਕੀਤੀ। ਇੱਕ ਆਦਮੀ ਨੂੰ ਜਾਨਵਰਾਂ ਨੂੰ ਨਹੀਂ ਮਾਰਨਾ ਚਾਹੀਦਾ ਅਤੇ ਨਾ ਹੀ ਹੱਥ ਵਿੱਚ ਤਲਵਾਰ ਲੈ ਕੇ ਦੇਸ਼ ਦੀ ਰੱਖਿਆ ਲਈ ਲੜਨਾ ਚਾਹੀਦਾ ਹੈ। ਇਹ ਅਹਿੰਸਾ ਨਹੀਂ ਹੈ। ਅਹਿੰਸਾ ਦੋ ਚੀਜ਼ਾਂ 'ਤੇ ਅਧਾਰਤ ਹੈ। ਜ਼ਰੂਰਤ ਕਾਰਨ ਮਾਰਨਾ ਅਤੇ ਮਾਰਨ ਦੀ ਇੱਛਾ ਹੋਣ ਕਰਕੇ ਮਾਰਨਾ! ਜੇਕਰ ਰਾਸ਼ਟਰ 'ਤੇ ਹਮਲਾ ਹੁੰਦਾ ਹੈ, ਜੇਕਰ ਦੇਸ਼ ਸੰਕਟਾਂ ਨਾਲ ਘਿਰਿਆ ਹੋਇਆ ਹੈ, ਤਾਂ ਹਰ ਨਾਗਰਿਕ ਦਾ ਫਰਜ਼ ਹੈ ਕਿ ਉਹ ਰਾਸ਼ਟਰ ਦੀ ਰੱਖਿਆ ਲਈ ਹੱਥ ਵਿੱਚ ਤਲਵਾਰ, ਹਥੇਲੀ ਵਿੱਚ ਸਿਰ ਲੈ ਕੇ ਜੰਗ ਦੇ ਮੈਦਾਨ ਵਿੱਚ ਕੁੱਦੇ ਅਤੇ ਦੁਸ਼ਮਣਾਂ ਨੂੰ ਖਤਮ ਕਰੇ, ਉਨ੍ਹਾਂ ਨੂੰ ਮਾਰ ਦੇਵੇ। ਇਸਦਾ ਮਤਲਬ ਹੈ ਕਿ ਇਹ ਹਿੰਸਾ ਜ਼ਰੂਰੀ ਸੀ। ਇਸਨੂੰ ਬੋਧੀ ਦਰਸ਼ਨ ਵਿੱਚ ਅਹਿੰਸਾ ਦਾ ਸਭ ਤੋਂ ਉੱਚਾ ਪੱਧਰ ਕਿਹਾ ਜਾਂਦਾ ਹੈ। ਦੂਜਾ, ਮਾਰਨ ਦੀ ਇੱਛਾ ਮਨ ਵਿੱਚ ਪੈਦਾ ਹੁੰਦੀ ਹੈ। ਯਾਨੀ ਆਪਣੀ ਸੰਤੁਸ਼ਟੀ ਲਈ ਜਾਨਵਰਾਂ ਦੀ ਬਲੀ ਦੇਣਾ, ਜਾਨਵਰਾਂ ਨੂੰ ਮਾਰਨਾ ਹਿੰਸਾ ਕਿਹਾ ਜਾਂਦਾ ਹੈ।

ਹਿੰਦੂ ਦਾਰਸ਼ਨਿਕ ਬੋਧੀ ਦਰਸ਼ਨ ਨੂੰ ਜਿਵੇਂ ਹੈ ਉਵੇਂ ਹੀ ਅਪਣਾਉਂਦੇ ਹਨ ਅਤੇ ਇਸ ਵਿੱਚ ਜਾਤੀਵਾਦ ਆਦਿ ਦੇ ਆਪਣੇ ਤੱਤ ਪਾ ਕੇ ਇਸਨੂੰ ਆਪਣਾ ਦਰਸ਼ਨ ਕਹਿੰਦੇ ਹਨ। ਬ੍ਰਾਹਮਣ ਧਰਮ ਦੇ ਲੇਖਕ ਕਹਿੰਦੇ ਹਨ ਕਿ ਵੇਦ ਪ੍ਰਜਾਪਤੀ ਦੁਆਰਾ ਦਿੱਤੇ ਗਏ ਸਨ। ਭਗਵਾਨ ਬੁੱਧ ਨੇ ਸਵਾਲ ਪੁੱਛਿਆ ਕਿ ਪ੍ਰਜਾਪਤੀ ਕਿੱਥੋਂ ਪੈਦਾ ਹੋਏ ਸਨ? ਜੇਕਰ ਅਸੀਂ ਹਿੰਦੂਆਂ ਦੇ ਵੇਦਾਂ ਅਤੇ ਗੀਤਾ ਦਾ ਅਧਿਐਨ ਕਰੀਏ, ਤਾਂ ਇਹ ਮਨ ਵਿੱਚ ਆਉਂਦਾ ਹੈ ਕਿ ਭਗਵਦ ਗੀਤਾ 'ਧੰਮਪਦ' ਤੋਂ ਇਲਾਵਾ ਕੁਝ ਨਹੀਂ ਹੈ। ਪਰ ਬ੍ਰਾਹਮਣਾਂ ਨੇ ਧੰਮਪਦ ਦੀ ਨਕਲ ਕਰਦੇ ਹੋਏ, ਇਸ ਵਿੱਚ ਜਾਤੀ ਪ੍ਰਣਾਲੀ ਪਾਉਣਾ ਨਹੀਂ ਭੁੱਲਿਆ। ਭਗਵਾਨ ਕ੍ਰਿਸ਼ਨ ਨੇ ਖੁਦ ਆਪਣੇ ਚੇਲਿਆਂ ਨੂੰ ਉਪਦੇਸ਼ ਦਿੱਤਾ ਸੀ ਕਿ ਗੈਰ-ਬ੍ਰਾਹਮਣਾਂ ਨੂੰ ਕੋਈ ਗਿਆਨ ਜਾਂ ਧਾਰਮਿਕ ਉਪਦੇਸ਼ ਨਾ ਦਿਓ। ਉਹ ਪ੍ਰਾਰਥਨਾ ਕਰਕੇ ਜਾਂ ਕਿਸੇ ਦੇ ਪੈਰ ਫੜ ਕੇ ਤੁਹਾਨੂੰ ਕੁਝ ਨਹੀਂ ਦੇਣਗੇ। ਜੇਕਰ ਤੁਸੀਂ ਲੜਨਾ ਚਾਹੁੰਦੇ ਹੋ, ਤਾਂ ਤੁਹਾਡੇ ਕੋਲ ਪਹਿਲਵਾਨ ਵਾਲੀ ਤਾਕਤ ਹੋਣੀ ਚਾਹੀਦੀ ਹੈ। ਇੱਕ ਪਹਿਲਵਾਨ ਬਹੁਤ ਕੁਝ ਖਾਂਦਾ ਹੈ, ਇਸਨੂੰ ਹਜ਼ਮ ਕਰਦਾ ਹੈ ਅਤੇ ਇਸ ਤੋਂ ਤਾਕਤ ਪ੍ਰਾਪਤ ਕਰਦਾ ਹੈ। ਇਸੇ ਤਰ੍ਹਾਂ, ਤੁਹਾਡੀ ਮਾਨਸਿਕ ਤਾਕਤ ਵਧਣੀ ਚਾਹੀਦੀ ਹੈ। ਸੱਚ ਅਤੇ ਸਹੀ ਰਸਤੇ 'ਤੇ ਚੱਲਣ ਨਾਲ ਮਾਨਸਿਕ ਤਾਕਤ ਮਿਲਦੀ ਹੈ। ਡਰਪੋਕ ਕਦੇ ਲੜ ਨਹੀਂ ਸਕਦੇ। ਮੈਂ ਛੂਤ-ਛਾਤ ਦੀ ਗੰਦਗੀ ਨੂੰ ਦੂਰ ਕਰਨ ਲਈ ਕਈ ਸਾਲਾਂ ਤੋਂ ਅਣਥੱਕ ਮਿਹਨਤ ਕੀਤੀ ਹੈ। ਪਰ ਮੈਂ ਅਜੇ ਤੱਕ ਆਪਣੇ ਉਦੇਸ਼ ਵਿੱਚ ਸਫਲ ਨਹੀਂ ਹੋਇਆ। ਮੇਰਾ ਮਨ ਮਜ਼ਬੂਤ

"ਇਕੁਐਲਿਟੀ ਐਂਡ ਜਸਟਿਸ" Rs- 100/month "Equality and Justice" स्वतंत्रता, समानता, भाईचारा

ਹੈ। ਇਸ ਲਈ ਮੈਂ ਅੰਤ ਤੱਕ ਲੜਾਂਗਾ। ਜ਼ੁਲਮ ਵਿਰੁੱਧ ਲੜਨ ਲਈ ਮਾਨਸਿਕ ਤਾਕਤ ਅਤੇ ਨੈਤਿਕ ਹਿੰਮਤ ਦੀ ਲੋੜ ਹੈ। ਇਸ ਨੂੰ ਪ੍ਰਾਪਤ ਕਰਨ ਲਈ, ਮੈਂ ਤੁਹਾਨੂੰ ਇੱਕ ਨਵਾਂ ਰਸਤਾ ਦੱਸ ਰਿਹਾ ਹਾਂ। ਜੇਕਰ ਤੁਸੀਂ ਬੁੱਧ ਦੇ ਮਾਰਗ 'ਤੇ ਚੱਲੋਗੇ, ਤਾਂ ਤੁਹਾਨੂੰ ਦੁਨੀਆ ਵਿੱਚ ਸਤਿਕਾਰ ਮਿਲੇਗਾ, ਇੰਨਾ ਹੀ ਨਹੀਂ, ਤੁਹਾਨੂੰ ਤਾਕਤ ਵੀ ਮਿਲੇਗੀ ਅਤੇ ਤੁਹਾਡੇ ਬੱਚਿਆਂ ਦਾ ਭਵਿੱਖ ਉੱਜਵਲ ਹੋਵੇਗਾ। ਉਹ ਤੁਹਾਡੇ ਧੰਨਵਾਦੀ ਹੋਣਗੇ ਕਿ ਤੁਸੀਂ ਉਨ੍ਹਾਂ ਨੂੰ ਸਮਾਨਤਾ ਅਤੇ ਸਵੈ-ਮਾਣ ਨਾਲ ਜੀਣ ਦਾ ਰਸਤਾ ਦਿਖਾਇਆ।

ਮੈਂ ਸੁਣਿਆ ਹੈ ਕਿ ਕਾਂਗਰਸ ਲੋਕਾਂ ਨੂੰ ਆਪਣੀ ਪਾਰਟੀ ਵਿੱਚ ਲਿਆਉਣ ਲਈ ਪੈਸੇ ਵੰਡ ਰਹੀ ਹੈ ਤਾਂ ਜੋ ਉਹ ਬੇਇਨਸਾਫ਼ੀ ਵਿਰੁੱਧ ਨਾ ਲੜਨ। ਸਰਕਾਰ ਮੈਨੂੰ ਵੀ ਪੈਸੇ ਲੈਣ ਲਈ ਕਹਿ ਰਹੀ ਸੀ। ਉਨ੍ਹਾਂ ਦਾ ਉਦੇਸ਼ ਮੇਰਾ ਮੂੰਹ ਬੰਦ ਰੱਖਣਾ ਸੀ। ਪਰ ਤੁਸੀਂ ਜਾਣਦੇ ਹੋ ਕਿ ਮੈਂ ਕਦੇ ਪੈਸੇ ਨਹੀਂ ਲਏ। ਮੈਂ ਆਪਣਾ ਪੇਟ ਭਰਨ ਲਈ ਸਖ਼ਤ ਮਿਹਨਤ ਕਰਕੇ ਪੈਸਾ ਕਮਾਵਾਂਗਾ। ਮੈਂ ਅਛੂਤਾਂ ਦੇ ਹੱਕਾਂ ਅਤੇ ਹਿੱਤਾਂ ਦੀ ਰੱਖਿਆ ਲਈ ਅੰਤ ਤੱਕ ਲੜਦਾ ਰਹਾਂਗਾ। ਇਸ ਲਈ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਯਾਦ ਰੱਖੋ ਕਿ ਕੁਝ ਵੀ ਹੋ ਜਾਵੇ, ਕੋਈ ਵੀ ਤੁਹਾਡਾ ਸਵੈ-ਮਾਣ ਨਹੀਂ ਖਰੀਦ ਸਕਦਾ। ਪੈਸੇ ਦੇ ਕੇ ਇਸਨੂੰ ਖਰੀਦਣ ਦੀ ਕਾਂਗਰਸ ਦੀ ਸਾਜ਼ਿਸ਼ ਨੂੰ ਕੁਚਲੋ। ਹਮੇਸ਼ਾ ਸੁਚੇਤ ਰਹੋ ਤਾਂ ਜੋ ਤੁਹਾਡਾ ਸਿਰ ਸਮਾਜ ਵਿੱਚ ਹਮੇਸ਼ਾ ਉੱਚਾ ਰਹੇ। ਸਭ ਕੁਝ ਦਾਅ 'ਤੇ ਲਗਾ ਕੇ ਆਪਣਾ ਅਤੇ ਸਮਾਜ ਦਾ ਸਵੈ-ਮਾਣ ਬਣਾਈ ਰੱਖੋ। ਮੈਂ ਕੋਈ ਦੂਤ ਨਹੀਂ ਹਾਂ। ਜਾਂ ਪਰਮਾਤਮਾ ਦਾ ਪ੍ਰਤੀਨਿਧੀ ਵੀ ਨਹੀਂ ਹਾਂ। ਮੈਂ ਭਗਵਾਨ ਬੁੱਧ ਦਾ ਇੱਕ ਨਿਮਰ ਚੇਲਾ ਹਾਂ। ਮੈਂ ਤੁਹਾਨੂੰ ਇਹ ਰਸਤਾ ਦਿਖਾ ਰਿਹਾ ਹਾਂ। ਜੇਕਰ ਤੁਹਾਨੂੰ ਇਹ ਰਸਤਾ ਸਹੀ ਲੱਗਦਾ ਹੈ, ਤਾਂ ਇਸਦੀ ਪਾਲਣਾ ਕਰੋ। ਪਰ ਇਸ ਰਸਤੇ ਨੂੰ ਅਪਣਾਉਣ ਤੋਂ ਪਹਿਲਾਂ, ਇਸਦੇ ਸਾਰੇ ਪਹਿਲੂਆਂ ਬਾਰੇ ਸੋਚੋ। ਭਗਵਾਨ ਬੁੱਧ ਨੇ ਆਪਣੇ ਪੈਰੋਕਾਰਾਂ ਨੂੰ ਕਿਹਾ ਸੀ ਕਿ ਉਹ ਕਿਸੇ ਵੀ ਚੀਜ਼ ਨੂੰ ਪੂਰੀ ਤਰ੍ਹਾਂ ਸੋਚਣ ਤੋਂ ਬਾਅਦ ਹੀ ਸਵੀਕਾਰ ਕਰਨ। ਬਿਨਾਂ ਸੋਚੇ ਸਮਝੇ ਕੁਝ ਵੀ ਸਵੀਕਾਰ ਨਾ ਕਰੋ। ਮਨੁੱਖ ਸੁਭਾਅ ਵਿੱਚ ਆਜ਼ਾਦ ਹੈ, ਇਸ ਲਈ ਮੈਂ ਤੁਹਾਨੂੰ ਆਜ਼ਾਦ ਸੋਚ ਪ੍ਰਣਾਲੀ ਦੇ ਇੱਕ ਆਜ਼ਾਦ ਅਤੇ ਨਿਡਰ ਨਾਗਰਿਕ ਬਣਨ ਲਈ ਕਹਾਂਗਾ।

# 'ਜੰਗ ਦੇ ਮਾਹੌਲ 'ਚ ਜੰਗ ਖ਼ਿਲਾਫ਼ ਖੜ੍ਹਨ ਵਾਲਾ ਬੰਦਾ ਆਪਣੇ-ਆਪ ਨੂੰ ਗੱਦਾਰ ਹੀ ਕਹਾਉਂਦਾ ਹੈ'- ਵਲੌਂਗ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com

ਜੰਗ ਦੇ ਨੁਕਸਾਨ ਤਾਂ ਬੜੇ ਨੇ, ਲੇਕਿਨ ਜੰਗ ਦਾ ਇੱਕ ਛੋਟਾ ਜਿਹਾ ਫ਼ਾਇਦਾ ਵੀ ਹੈ। ਨੁਕਸਾਨ ਸਾਨੂੰ ਸਾਰਿਆਂ ਨੂੰ ਪਤਾ ਹੈ ਫ਼ੌਜੀ ਤਾਂ ਫ਼ੌਜ ਵਿੱਚ ਭਰਤੀ ਹੀ ਜੰਗ ਲੜਨ ਲਈ ਹੁੰਦੇ ਨੇ, ਲੇਕਿਨ ਜਦੋਂ ਜੰਗ ਹੋਵੇ ਉਹਦੇ ਵਿੱਚ ਆਮ ਨਾਗਰਿਕ ਵੀ ਮਾਰੇ ਜਾਂਦੇ ਨੇ।

ਆਟੇ ਦਾਲ ਦਾ ਭਾਅ ਵੱਧ ਜਾਂਦਾ ਹੈ, ਕਈ ਵਿਚਾਰੇ ਘਰੋਂ ਬੇਘਰ ਹੋ ਜਾਂਦੇ ਨੇ, ਲੇਕਿਨ ਜੰਗ ਦੇ ਇਸ ਮਾਹੌਲ ਵਿੱਚ ਜੰਗ ਦੇ ਖ਼ਿਲਾਫ਼ ਖੜ੍ਹਨ ਵਾਲਾ ਬੰਦਾ ਆਪਣੇ ਆਪ ਨੂੰ ਗੱਦਾਰ ਹੀ ਕਹਾਉਂਦਾ ਹੈ।

ਇਸ ਲਈ ਅਸੀਂ ਵੀ ਕਹਿ



ਦਿੰਦੇ ਹਾਂ,"ਜੰਗ ਹੂਈ ਤੋਂ ਹਮ ਆਪਣੀ ਜ਼ਮੀਨ ਕੇ ਚੱਪੇ-ਚੱਪੇ ਕੀ ਹਿਫ਼ਾਜ਼ਤ ਕਰੇਂਗੇ।"

ਲੇਕਿਨ ਅਸਲੀ ਗੱਲ ਇਹ ਹੈ ਕਿ ਜੰਗ ਹਾਲੇ ਸ਼ੁਰੂ ਨਹੀਂ ਹੋਈ, ਪਰ ਪਾਕਿਸਤਾਨੀ ਸਰਕਾਰ ਇਹ ਜੰਗ ਪਹਿਲਾਂ ਹੀ ਜਿੱਤ ਚੁੱਕੀ ਹੈ।

### ਪੰਜਾਬੀਆਂ ਦਾ ਹਕੂਮਤ ਲਈ ਬਦਲਿਆ ਰੁਖ਼

ਪਾਕਿਸਤਾਨ ਵਿੱਚ ਹਕੂਮਤ ਹੋਈ ਵੀ ਹੋਵੇ, ਵਜ਼ੀਰ-ਏ-ਆਜ਼ਮ ਦਾ ਨਾਮ ਕੋਈ ਵੀ ਹੋਵੇ, ਵਜ਼ੀਰ-ਏ-ਦਿਫ਼ਾ (ਰੱਖਿਆ ਮੰਤਰੀ) ਕੋਈ ਵੀ ਹੋਵੇ, ਲੇਕਿਨ ਅਸਲੀ ਸਰਕਾਰ ਅੱਜ-ਕੱਲ੍ਹ ਵਰਦੀ ਵਾਲਿਆਂ ਦੀ ਹੈ।

ਤੇ ਪਾਕਿਸਤਾਨ ਦੀ ਵਰਦੀ ਵਾਲੀ ਸਰਕਾਰ ਨੂੰ ਜਿਹੜੇ ਪਿਆਰ ਦੀ ਆਦਤ ਸੀ ਉਹ ਥੋੜ੍ਹਾ ਜਿਹਾ ਘੱਟ ਹੋਇਆ ਸੀ, ਉਦੋਂ ਦਾ ਜਦੋਂ ਦਾ ਉਨ੍ਹਾਂ ਨੇ ਇਮਰਾਨ ਖ਼ਾਨ ਨੂੰ ਹਕੂਮਤੋਂ ਕੱਢਿਆ ਹੈ ਤੇ ਜੇਲ੍ਹ ਪਾਇਆ ਹੈ।

ਖ਼ਾਸ ਤੌਰ 'ਤੇ ਪੰਜਾਬ ਵਿੱਚ ਜਿੱਥੇ ਫ਼ੌਜ ਨੂੰ ਪਿਆਰ ਹੀ ਪਿਆਰ ਮਿਲ ਰਿਹਾ ਸੀ, ਉਹ ਐਸੀ ਜਗ੍ਹਾ ਹੈ ਜਿੱਥੇ ਲੋਕ ਕਹਿੰਦੇ ਸਨ,"ਮੇਰਿਆ ਢੋਲ ਸਿਪਾਹੀਆਂ ਤੈਨੂੰ ਰੱਬ ਦੀਆਂ ਰੱਖਾਂ।"

ਹੁਣ ਲੋਕ ਖੱਲੇ ਵਿਖਾਉਣ ਲੱਗੇ ਪਏ ਸਨ। ਜਿੱਥੇ ਗਾਣਾ ਵਜਦਾ ਸੀ...'ਮੇਰਾ ਮਾਹੀ ਸ਼ੈਲ-ਛਬੀਲਾ...ਹਾਏ ਨੀ ਕਰਨੈਲ ਨੀ ਜਰਨੈਲ ਨੀ..."

ਉੱਥੇ ਲੋਕ ਇਹ ਕਹਿਣ ਲੱਗ ਪਏ ਸਨ, ਬਈ ਇਹ ਅਸੀਂ ਕਿਹੜੇ ਕਬਜ਼ਾ ਗਰੁੱਪ ਦੇ ਵਸ ਪੈ ਗਏ ਹਾਂ।

ਫ਼ੌਜ ਨੂੰ ਦਿਲੋਂ ਪਿਆਰ ਕਰਨ ਵਾਲੇ ਪੰਜਾਬ ਵੀ ਇਹ ਕਹਿੰਦੇ ਫ਼ਿਰਦੇ ਸਨ,'ਮੁਝਸੇ ਪਹਿਲੀ ਸੀ ਮੁਹੱਬਤ ਮੇਰੇ ਮਹਿਬੂਬ ਨਾ ਮਾਂਗ...'

### ਪਹਿਲਗਾਮ ਹਮਲੇ ਦਾ ਅਸਰ

ਫ਼ਿਰ ਹੋਇਆ ਪਹਿਲਗਾਮ ਹਮਲਾ। ਮੇਰੇ ਵਿਚਾਰੇ ਵਿੱਚ ਭਾਰਤੀ ਟੂਰਿਸਟ, ਸ਼ਾਮਤ ਆਈ ਕਸ਼ਮੀਰੀਆਂ ਦੀ... ਟੀਵੀ ਐਂਕਰਾਂ ਨੇ ਆਪੋ-ਆਪਣੇ ਸਟੂਡੀਓਜ਼ ਵਿੱਚ ਮੋਰਚੇ ਬੰਨ੍ਹ ਲਏ।

ਕਈ ਪਾਕਿਸਤਾਨੀਆਂ ਨੂੰ ਫ਼ੌਜ ਦਾ ਪਿਆਰ ਦੁਬਾਰਾ ਯਾਦ ਆਇਆ, ਜਿਵੇਂ ਕਦੀ ਕਦੀ ਵਿਛੜੇ ਸੱਜਣ ਦੀ ਯਾਦ ਆਉਂਦੀ ਹੈ। ਇਹਨੂੰ ਧਰਤੀ ਦਾ ਪਿਆਰ ਕਹਿ ਲਓ ਜਾਂ ਮਜਬੂਰੀ, ਕਿਉਂਕਿ ਜੇ ਇੰਡੀਆ ਨੇ ਹਮਲਾ ਕੀਤਾ ਤਾਂ ਜੰਗ ਤਾਂ ਫ਼ੌਜੀਆਂ ਨੇ ਹੀ ਲੜਨੀ ਹੈ।

ਟੈਂਕ ਵੀ ਉਨ੍ਹਾਂ ਕੋਲ, ਮਿਜ਼ਾਈਲ, ਲੜਾਕੂ ਜਹਾਜ਼, ਵੱਡਾ ਬੰਬ ਸਭ ਉਨ੍ਹਾਂ ਕੋਲ ਹੈ। ਬਲਕਿ ਜੰਗੀ ਤਰਾਨੇ ਵੀ ਉਹ ਆਪ ਹੀ ਬਣਵਾ ਲੈਂਦੇ ਨੇ।




ਪਾਕਿਸਤਾਨੀ ਹੁਣ ਜੇ ਫ਼ੌਜ ਦੇ ਪਿੱਛੇ ਨਾ ਖੜ੍ਹਨ ਤਾਂ ਕਿਹਦੀ ਮਾਂ ਨੂੰ ਮਾਸੀ ਕਹਿਣ।

### ਜੰਗ ਦੌਰਾਨ ਛੋਟੇ ਮਸਲੇ ਭੁੱਲ ਜਾਂਦੇ ਹਨ

ਵੱਡੀ ਜੰਗ ਦਾ ਇੱਕ ਇਹ ਵੀ ਫ਼ਾਇਦਾ ਹੁੰਦਾ ਹੈ ਕਿ ਸਾਡੀਆਂ ਛੋਟੀਆਂ-ਛੋਟੀਆਂ ਜੰਗਾਂ ਲੁਕ ਗਈਆਂ ਨੇ। ਸਿੰਧੀ ਭਰਾ ਦੋ ਹਫ਼ਤਿਆਂ ਤੋਂ ਸੜਕਾਂ ਬੰਦ ਕਰਕੇ ਬੈਠੇ ਸਨ ਬਈ ਪੰਜਾਬ ਸਾਡਾ ਪਾਣੀ ਚੋਰੀ ਕਰਨ ਲੱਗਿਆ ਹੈ।

ਹੁਣ ਹਕੂਮਤ ਉਨ੍ਹਾਂ ਨੂੰ ਦਿਖਾਉਂਦੀ ਹੈ ਕਿ ਇੰਡੀਆ ਸਾਡਾ ਸਾਰਿਆਂ ਦਾ ਹੀ ਪਾਣੀ ਚੋਰੀ ਕਰਨ ਲੱਗਿਆ ਹੈ, ਆਓ ਇਹਦੇ ਨਾਲ ਲੜੀਏ।

ਬਲੋਚ ਫ਼ਿਰਦੇ ਸਨ,'ਬਈ ਸਾਡੇ ਬੱਚੇ ਗਾਇਬ ਕੀਤੇ ਸਨ, ਉਹ ਵਾਪਸ ਕਰੋ'।

ਉਨ੍ਹਾਂ ਨੂੰ ਵੀ ਇਹ ਹੀ ਜਵਾਬ ਹੈ ਕਿ ਆਓ ਪਹਿਲਾਂ ਅਸੀਂ ਇੰਡੀਆ ਨਾਲ ਨਿਬੜ ਲਈਏ।

### ਕਿਸੇ ਨੇ ਗੱਦਾਰ ਕਿਉਂ ਕਹਾਉਣਾ

ਉੱਤੋਂ ਇੱਕ ਇਮਰਾਨ ਖ਼ਾਨ ਸੀ। ਜਿਹੜਾ ਦੋ ਸਾਲਾਂ ਤੋਂ ਜੇਲ੍ਹ ਵਿੱਚ ਹੈ ਉਸ ਨੂੰ ਭੈਣਾਂ ਨੂੰ ਵੀ ਨਹੀਂ ਮਿਲਣ ਦਿੰਦੇ। ਡੇਢ ਸੌ ਕੇਸ ਉਹਦੇ ਉੱਤੇ ਪਹਿਲਾਂ ਹੀ ਹੈ।

ਜਦੋਂ ਦੀਆਂ ਜੰਗ ਦੀਆਂ ਗੱਲਾਂ ਸ਼ੁਰੂ ਹੋਈਆ ਹਨ। ਇਹ ਕਹਿੰਦੇ ਪਏ ਨੇ, 'ਕਿੱਡਾ ਵਤਨ ਦੁਸ਼ਮਣ ਹੈ, ਆਪਣੇ ਜੇਲ੍ਹ ਦੇ ਸੈੱਲ ਵਿੱਚੋਂ ਇੰਡੀਆਂ ਨੂੰ ਕਿਉਂ ਨਹੀਂ ਲਲਕਾਰਦਾ'।

ਤੇ ਜੇ ਉਹਦੇ ਹਮਾਇਤੀ ਕਹਿੰਦੇ ਸਨ, ਪਹਿਲਾਂ ਇਹਨੂੰ ਜੇਲ੍ਹ ਤੋਂ ਕੱਢੋ ਤਾਂ ਜਵਾਬ ਆਉਂਦਾ ਸੀ, 'ਬਈ ਦੇਖੋ ਇਹ ਤਾਂ ਹੈ ਹੀ ਗੱਦਾਰ। ਇੱਥੇ ਜੰਗ ਲੱਗਣ ਵਾਲੀ ਹੈ ਤੇ ਇਹਨੂੰ ਆਪਣੀ ਆਜ਼ਾਦੀ ਦੀ ਪਈ ਹੈ।'

ਆਖ਼ਰ ਜੇਲ੍ਹ ਵਿੱਚੋਂ ਇਮਰਾਨ ਖ਼ਾਨ ਬੋਲ ਪਿਆ, ਉਹਦੇ ਆਸ਼ਿਕ ਕਹਿੰਦੇ ਨੇ ਬਈ ਉਹਨੇ ਮੋਦੀ ਨੂੰ ਬਹੁਤ ਲਲਕਾਰਿਆ ਹੈ।

ਦੇਖ ਲਓ, ਜੇ ਹੁਣ ਜੇਲ੍ਹ ਵਿੱਚ ਬੈਠਾ ਕੈਦੀ ਤੇ ਉਹਨੂੰ ਕੈਦ ਕਰਨ ਵਾਲੇ, ਇੱਕੋ ਬੋਲੀ ਬੋਲਣ ਲੱਗ ਪੈਣ ਤਾਂ ਇਸ ਜੰਗ ਦੇ ਮਾਹੌਲ ਵਿੱਚ ਅਸੀਂ ਕਿਉਂ ਗੱਦਾਰ ਕਹਾਈਏ?

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com

# 03 ਮਈ ਲਈ ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਸਬੰਧੀ ਵਿਸ਼ੇਸ਼।

ਐਡਵੋਕੇਟ ਕੁਲਦੀਪ ਚੰਦ ਦੋਬੇਟਾ
ਨੇੜੇ ਸਰਕਾਰੀ ਪ੍ਰਾਇਮਰੀ ਸਕੂਲ ਦੋਬੇਟਾ
ਤਹਿਸੀਲ ਨੰਗਲ ਜਿਲ੍ਹਾ ਰੂਪਨਗਰ
ਪੰਜਾਬ-140124ਫੌਨ-9417563054



ਸੰਯੁਕਤ ਰਾਸ਼ਟਰ ਸੰਘ ਨੇ 1993 ਵਿੱਚ 03 ਮਈ ਦੇ ਦਿਹਾੜੇ ਨੂੰ ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਵਜੋਂ ਘੋਸ਼ਿਤ ਕੀਤਾ ਸੀ ਉਸਤੋਂ ਬਾਦ ਹਰ ਸਾਲ 03 ਮਈ ਨੂੰ ਸਰਕਾਰਾਂ ਵਲੋਂ ਅਤੇ ਮੀਡੀਆ ਉਦਯੋਗ ਨਾਲ ਜੁੜੇ ਲੋਕਾਂ ਵਲੋਂ ਪੱਤਰਕਾਰਤਾ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਇਸਦੇ ਅਜ਼ਾਦ ਰੂਪ ਵਿੱਚ ਕੰਮ ਕਰਨ ਲਈ ਠੋਸ ਨੀਤੀਆਂ ਬਣਾਈਆਂ ਜਾਂਦੀਆਂ ਹਨ। ਮੀਡੀਆ ਨੂੰ ਲੋਕਤੰਤਰ ਦਾ ਚੌਥਾ ਥੰਮ ਮੰਨਿਆ ਜਾਂਦਾ ਹੈ। ਇਹ ਜਨਤਕ ਰਾਏ ਨੂੰ ਢਾਲਣ ਦੀ ਅਥਾਹ ਸ਼ਕਤੀ ਰੱਖਦਾ ਹੈ ਅਤੇ ਇਸ ਤਰ੍ਹਾਂ ਕੰਮ ਕਰਨ ਦੀ ਉਮੀਦ ਕੀਤੀ ਜਾਂਦੀ ਹੈ ਕਿ ਇਹ ਜਨਤਕ ਹਿੱਤਾਂ ਦਾ ਸਰਪ੍ਰਸਤ ਅਤੇ ਸੂਚਨਾ ਦੇ ਅਧਿਕਾਰ ਦਾ ਰਖਵਾਲਾ ਬਣਕੇ ਰਹੇ। ਪ੍ਰੈੱਸ ਦੀ ਅਜ਼ਾਦੀ ਹਰ ਲੋਕਤੰਤਰ ਦਾ ਬੁਨਿਆਦੀ ਪਹਿਲੂ ਅਤੇ ਇੱਕ ਮਹੱਤਵਪੂਰਨ ਮਨੁੱਖੀ ਅਧਿਕਾਰ ਹੈ ਜੋ ਹੋਰ ਅਜ਼ਾਦੀਆਂ ਦੀ ਗਰੰਟੀ ਦਿੰਦਾ ਹੈ ਪਰੰਤੂ ਕਈ ਵਾਰ ਵੱਖ-ਵੱਖ ਰਾਜਨੀਤਿਕ, ਸਮਾਜਿਕ ਜਾਂ ਧਾਰਮਿਕ ਸੰਸਥਾਵਾਂ ਅਤੇ ਹੋਰ ਦਬਾਅ ਸਮੂਹ ਮੀਡੀਆ ਤੇ ਦਬਾਅ ਪਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਉਹਨਾਂ ਮੁੱਦਿਆਂ ਤੇ ਸੁਤੰਤਰ ਵਿਚਾਰਾਂ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕਰਦੇ ਹਨ ਜੋ ਉਹਨਾਂ ਨੂੰ ਪ੍ਰਭਾਵਿਤ ਕਰਦੇ ਹਨ। ਮੀਡੀਆ ਦੇ ਵੱਖ ਵੱਖ ਮਾਧਿਅਮਾਂ ਪ੍ਰਿੰਟ ਮੀਡੀਆ, ਇਲਾਕਟ੍ਰਾਨਿਕ ਮੀਡੀਆ, ਆਨਲਾਇਨ ਮੀਡੀਆ ਆਦਿ ਦਾ ਬਿਨਾਂ ਕਿਸੇ ਦਬਾਓ ਅਤੇ ਡਰ ਦੇ ਕੰਮ ਕਰਨਾ ਹੀ ਪ੍ਰੈਸ ਦੀ ਅਸਲੀ ਅਜ਼ਾਦੀ ਹੈ। ਜੇਕਰ ਪੱਤਰਕਾਰਤਾ ਅਜ਼ਾਦ ਕੰਮ ਨਹੀਂ ਕਰੇਗੀ ਤਾਂ ਉਹ ਸਮਾਜ ਵਿੱਚ ਹੋ ਰਹੀਆਂ ਕੋਤਾਹੀਆਂ ਅਤੇ ਘਟਨਾਵਾਂ ਨੂੰ ਸਹੀ ਤਰੀਕੇ ਨਾਲ ਪੇਸ਼ ਨਹੀਂ ਕਰ ਸਕਦੀ ਹੈ। ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਮੌਜੂਦਾ ਵਿਸ਼ਵ ਵਾਤਾਵਰਣ ਸੰਕਟ ਦੇ ਸੰਦਰਭ ਵਿੱਚ ਪੱਤਰਕਾਰੀ ਅਤੇ ਪ੍ਰਗਟਾਵੇ ਦੀ ਅਜ਼ਾਦੀ ਦੇ ਮਹੱਤਵ ਨੂੰ ਸਮਰਪਿਤ ਹੈ। ਵਾਤਾਵਰਣ ਸੰਕਟ ਦੇ ਸਾਰੇ ਪਹਿਲੂਆਂ ਅਤੇ ਇਸਦੇ ਨਤੀਜਿਆਂ ਬਾਰੇ ਜਾਗਰੂਕਤਾ ਜਮਹੂਰੀ ਸਮਾਜਾਂ ਦੇ ਨਿਰਮਾਣ ਲਈ ਜ਼ਰੂਰੀ ਹੈ। ਇਸ ਮੰਤਵ ਲਈ ਪੱਤਰਕਾਰਾਂ ਨੂੰ ਸਮਕਾਲੀ ਮੁੱਦਿਆਂ ਜਿਵੇਂ ਕਿ ਜਲਵਾਯੂ, ਉਦਯੋਗ, ਗੈਰ-ਕਾਨੂੰਨੀ ਮਾਈਨਿੰਗ, ਪ੍ਰਦੂਸ਼ਣ, ਜਾਨਵਰਾਂ ਦੀ ਤਸਕਰੀ, ਜੰਗਲਾਂ ਦੀ ਕਟਾਈ ਜਾਂ ਜਲਵਾਯੂ ਪਰਿਵਰਤਨ ਵਰਗੇ ਸਮਕਾਲੀ ਮੁੱਦਿਆਂ ਤੇ ਜਾਣਕਾਰੀ ਪ੍ਰਾਪਤ ਕਰਨ ਅਤੇ ਪ੍ਰਸਾਰਿਤ ਕਰਨ ਵਿੱਚ ਮਹੱਤਵਪੂਰਨ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵਿਸ਼ਵ ਵਿੱਚ ਸ਼ਾਂਤੀ ਅਤੇ ਜਮਹੂਰੀ ਕਦਰਾਂ- ਕੀਮਤਾਂ ਨੂੰ ਉਤਸ਼ਾਹਿਤ ਕਰਨ ਲਈ ਇਹਨਾਂ ਮੁੱਦਿਆਂ ਦੀ ਦਿੱਖ ਨੂੰ ਯਕੀਨੀ ਬਣਾਉਣਾ ਮਹੱਤਵਪੂਰਨ ਹੈ। ਸਾਲ 1948 ਦੇ ਮਨੁੱਖੀ ਅਧਿਕਾਰਾਂ ਦੇ ਵਿਸ਼ਵਵਿਆਪੀ ਘੋਸ਼ਣਾ ਪੱਤਰ ਦੀ ਪ੍ਰਸਤਾਵਨਾ ਵਿੱਚ ਚਾਰ ਬੁਨਿਆਦੀ ਅਜ਼ਾਦੀਆਂ ਦੀ ਰੂਪਰੇਖਾ ਦਿੱਤੀ ਗਈ ਹੈ ਜਿਨ੍ਹਾਂ ਵਿੱਚ ਬੋਲਣ ਦੀ ਅਜ਼ਾਦੀ, ਵਿਸ਼ਵਾਸ ਦੀ ਅਜ਼ਾਦੀ, ਡਰ ਤੋਂ ਅਜ਼ਾਦੀ ਆਦਿ ਸ਼ਾਮਿਲ ਹੈ। ਬੋਲਣ ਦੀ ਅਜ਼ਾਦੀ ਪਹਿਲਾਂ ਆਉਂਦੀ ਹੈ ਕਿਉਂਕਿ ਇਹ ਬੁਨਿਆਦੀ ਅਜ਼ਾਦੀ ਹੈ ਜੋ ਬਾਕੀ ਸਾਰਿਆਂ ਨੂੰ ਅਜ਼ਾਦੀ ਦੇ ਸਮਰੱਥ ਬਣਾਉਂਦੀ ਹੈ। ਵਿਸ਼ਵਵਿਆਪੀ ਘੋਸ਼ਣਾ ਪੱਤਰ ਵਿੱਚ ਵਿਚਾਰਾਂ ਅਤੇ ਪ੍ਰਗਟਾਵੇ ਦੀ ਅਜ਼ਾਦੀ ਨੂੰ ਧਾਰਾ 19 ਵਿੱਚ ਕਿਸੇ ਵੀ ਮੀਡੀਆ ਦੁਆਰਾ ਅਤੇ ਸਰਹੱਦਾਂ ਦੀ ਪਰਵਾਹ ਕੀਤੇ ਬਿਨਾਂ ਜਾਣਕਾਰੀ ਅਤੇ ਵਿਚਾਰਾਂ ਨੂੰ ਪ੍ਰਾਪਤ ਕਰਨ ਅਤੇ ਪ੍ਰਦਾਨ ਕਰਨ ਦੇ ਅਧਿਕਾਰ ਵਜੋਂ ਹੋਰ ਵਿਸਥਾਰ ਵਿੱਚ ਦੱਸਿਆ ਗਿਆ ਹੈ। ਇਸ ਘੋਸ਼ਣਾ ਪੱਤਰ ਨੂੰ ਅਪਣਾਏ ਜਾਣ ਤੋਂ ਬਾਦ ਵਿਚਾਰਾਂ ਦੇ ਪ੍ਰਗਟਾਵੇ ਦੀ ਅਜ਼ਾਦੀ ਦੇ ਅਧਿਕਾਰ ਦੀ ਪੁਸ਼ਟੀ ਕਈ ਅੰਤਰਰਾਸ਼ਟਰੀ ਸਾਧਨਾਂ ਵਿੱਚ ਕੀਤੀ ਅਤੇ ਦਰਜ ਕੀਤੀ ਗਈ ਹੈ। ਇਸ ਲਈ ਸਿਵਲ ਅਤੇ ਰਾਜਨੀਤਿਕ ਅਧਿਕਾਰਾਂ ਬਾਰੇ 1966 ਦਾ ਅੰਤਰਰਾਸ਼ਟਰੀ ਇਕਰਾਰਨਾਮਾ, ਬਾਲ ਅਧਿਕਾਰਾਂ ਬਾਰੇ 1989 ਦੀ ਕਨਵੈਨਸ਼ਨ, 2006 ਵਿੱਚ ਦਿਵਿਆਂਗਜਨ ਵਿਅਕਤੀਆਂ ਦੇ ਅਧਿਕਾਰਾਂ ਬਾਰੇ ਕਨਵੈਨਸ਼ਨ ਅਤੇ ਕਈ ਹੋਰ ਵਿਸ਼ਵ ਪੱਧਰੀ ਅਤੇ ਖੇਤਰੀ ਮਿਆਰ ਸ਼ਾਮਿਲ ਹਨ। ਮਨੁੱਖੀ ਅਧਿਕਾਰਾਂ ਲਈ ਇੱਕ ਸਮਰਥਕ ਵਜੋਂ ਵਿਚਾਰਾਂ ਦੇ ਪ੍ਰਗਟਾਵੇ ਦੀ ਅਜ਼ਾਦੀ ਦੇ ਕਾਰਜ ਨੂੰ ਸੰਯੁਕਤ ਰਾਸ਼ਟਰ ਸੰਧੀ ਸੰਸਥਾਵਾਂ ਅਤੇ ਅੰਤਰਰਾਸ਼ਟਰੀ ਸਾਧਨਾਂ ਦੇ ਇੰਚਾਰਜ ਕਮੇਟੀਆਂ ਦੁਆਰਾ ਹੋਰ ਖੋਜਿਆ ਗਿਆ ਹੈ

ਜਿਨ੍ਹਾਂ ਨੇ ਇਸ ਸਬੰਧੀ ਆਪਣੀ ਵਿਆਖਿਆ ਪ੍ਰਕਾਸ਼ਿਤ ਕੀਤੀ ਹੈ। ਘੱਟ ਗਿਣਤੀਆਂ ਅਤੇ ਹਾਸ਼ੀਏ ਤੇ ਰਹਿੰਦੇ ਲੋਕਾਂ ਦੇ ਅਧਿਕਾਰਾਂ ਦੀ ਲੜਾਈ ਹਰ ਕਿਸਮ ਦੇ ਵਿਤਕਰੇ ਦਾ ਮੁਕਾਬਲਾ ਕਰਨ, ਵਿਭਿੰਨ ਨਾਗਰਿਕ ਸਥਾਨਾਂ ਦੇ ਨਿਰਮਾਣ ਲਈ ਅਤੇ ਲਚਕੀਲੇ ਲੋਕਤੰਤਰ ਨੂੰ ਕਾਇਮ ਰੱਖਣ ਲਈ ਲਾਜ਼ਮੀ ਹਨ। ਪ੍ਰੈਸ ਅਜ਼ਾਦੀ ਸੂਚਕਾਂਕ ਹਰ ਸਾਲ 'ਰਿਪੋਰਟਰਜ਼ ਵਿਦਾਊਟ ਬਾਰਡਰਜ਼'ਦੁਆਰਾ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਇਹ ਪੱਤਰਕਾਰਾਂ ਨੂੰ ਉਪਲਬੱਧ ਅਜ਼ਾਦੀ ਦੇ ਆਧਾਰ ਤੇ ਦੇਸ਼ਾਂ ਨੂੰ ਦਰਜਾ ਦਿੰਦਾ ਹੈ। ਪ੍ਰੈਸ ਅਜ਼ਾਦੀ ਸੂਚਕਾਂਕ ਰਿਪੋਰਟ 2024 ਵਿੱਚ ਚਿੰਤਾਜਨਕ ਰੁਝਾਨ ਦਿਖਾਈ ਦਿੱਤੇ ਹਨ। 2024 ਸੂਚਕਾਂਕ ਵਿੱਚ 180 ਦੇਸ਼ਾਂ ਵਿੱਚੋਂ ਭਾਰਤ 159ਵੇਂ ਸਥਾਨ ਤੇ ਹੈ। ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਪ੍ਰੈਸ ਅਜ਼ਾਦੀ ਸੂਚਕਾਂਕ ਵੱਲ ਵਿਸ਼ੇਸ਼ ਧਿਆਨ ਖਿੱਚਦਾ ਹੈ। ਪ੍ਰੈਸ ਅਜ਼ਾਦੀ ਸੂਚਕਾਂਕ ਦੁਆਰਾ ਮੁਲਾਂਕਣ ਕੀਤੇ ਗਏ ਦੇਸ਼ਾਂ ਵਿੱਚੋਂ ਜ਼ਿਆਦਾਤਰ ਉੱਤਰਦਾਤਾਵਾਂ ਨੇ ਰਿਪੋਰਟ ਕੀਤੀ ਕਿ ਉਨ੍ਹਾਂ ਦੇ ਦੇਸ਼ ਵਿੱਚ ਰਾਜਨੀਤਿਕ ਅਦਾਕਾਰ ਅਕਸਰ ਜਾਂ ਯੋਜਨਾਬੱਧ ਢੰਗ ਨਾਲ ਵੱਡੇ ਪੱਧਰ ਤੇ ਗੱਲਤ ਜਾਣਕਾਰੀ ਜਾਂ ਪ੍ਰਚਾਰ ਮੁਹਿੰਮਾਂ ਵਿੱਚ ਸ਼ਾਮਲ ਸਨ, ਸੱਚੇ-ਝੂਠੇ, ਅਸਲੀ ਤੇ ਨਕਲੀ ਵਿਚਲਾ ਫਰਕ ਧੁੰਦਲਾ ਕੀਤਾ ਜਾ ਰਿਹਾ ਹੈ, ਸੂਚਨਾ ਦੇ ਅਧਿਕਾਰ ਨੂੰ ਖ਼ਤਰੇ ਵਿਚ ਪਾਇਆ ਜਾ ਰਿਹਾ ਹੈ, ਤੱਥਾਂ ਨਾਲ ਛੇੜਛਾੜ ਕਰਨ ਦੀ ਬੇਮਿਸਾਲ ਯੋਗਤਾ ਦੀ ਵਰਤੋਂ ਲੋਕਾਂ ਨੂੰ ਕਮਜ਼ੋਰ ਕਰਨ ਲਈ ਕੀਤੀ ਜਾ ਰਹੀ ਹੈ। ਹਰ ਸਾਲ ਯੂਨੈਸਕੋ ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਮਨਾਉਣ ਲਈ ਇੱਕ ਗਲੋਬਲ ਕਾਨਫਰੰਸ ਦਾ ਆਯੋਜਨ ਕਰਦਾ ਹੈ। ਇਸ ਸਾਲ ਇਹ ਕਾਨਫਰੰਸ 5 ਤੋਂ 7 ਮਈ ਤੱਕ ਬ੍ਰਸੇਲਜ਼ ਵਿੱਚ ਹੋਵੇਗੀ ਜਿਸ ਵਿੱਚ ਪੱਤਰਕਾਰੀ ਵਿੱਚ 'ਆਰਟੀਫੀਸ਼ੀਅਲ ਇੰਟੈਲੀਜੈਂਸ' ਦੀ ਪ੍ਰਵਰਤਨਸ਼ੀਲ ਭੂਮਿਕਾ ਅਤੇ ਮੀਡੀਆ ਅਜ਼ਾਦੀ ਲਈ ਇਸਦੇ ਪ੍ਰਭਾਵਾਂ ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਇਸ ਸਾਲ ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਗਲੋਬਲ ਸਮਾਰੋਹ ਪੱਤਰਕਾਰੀ ਅਤੇ ਮੀਡੀਆ ਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਡੂੰਘੇ ਪ੍ਰਭਾਵ ਤੇ ਕੇਂਦ੍ਰਿਤ ਕਰੇਗਾ ''ਬ੍ਰੇਵ ਨਿਊ ਵਰਲਡ ਵਿੱਚ ਰਿਪੋਰਟਿੰਗ - ਪ੍ਰੈਸ ਅਜ਼ਾਦੀ ਅਤੇ ਮੀਡੀਆ ਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਪ੍ਰਭਾਵ।' ਇਹ ਥੀਮ ਆਧੁਨਿਕ ਪੱਤਰਕਾਰੀ ਵਿੱਚ ਏਆਈ ਦੇ ਵਧ ਰਹੇ ਪ੍ਰਭਾਵ ਨੂੰ ਉਜਾਗਰ ਕਰਦਾ ਹੈ। ਇਸ ਥੀਮ ਦੇ ਨਾਲ ਅੰਤਰਰਾਸ਼ਟਰੀ ਪ੍ਰੈਸ ਅਜ਼ਾਦੀ ਦਿਵਸ ਵਧਦੇ ਏਆਈ-ਨਿਯੰਤ੍ਰਿਤ ਡਿਜੀਟਲ ਵਾਤਾਵਰਣਾਂ ਦੇ ਅੰਦਰ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨ ਦੀ ਤੁਰੰਤ ਲੋੜ ਦੀ ਮੰਗ ਕਰਦਾ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਦੁਆਰਾ ਤਿਆਰ ਗੱਲਤ ਜਾਣਕਾਰੀ, ਜਾਅਲੀ ਤਕਨਾਲੋਜੀ, ਪੱਖਪਾਤੀ ਸਮੱਗਰੀ ਸੰਚਾਲਨ ਅਤੇ ਪੱਤਰਕਾਰਾਂ ਲਈ ਨਿਗਰਾਨੀ ਖਤਰੇ ਸ਼ਾਮਲ ਹਨ। ਇਹ ਸਮਾਗਮ ਇਨ੍ਹਾਂ ਗੁੰਝਲਦਾਰ ਮੁੱਦਿਆਂ ਦੀ ਪੜਚੋਲ ਕਰੇਗਾ, ਪੱਤਰਕਾਰਾਂ, ਨੀਤੀ ਨਿਰਮਾਤਾਵਾਂ, ਮੀਡੀਆ ਪੇਸ਼ੇਵਰਾਂ ਅਤੇ ਸਿਵਲ ਸੋਸਾਇਟੀ ਦੇ ਅਦਾਕਾਰਾਂ ਨੂੰ ਇਕੱਠੇ ਕਰੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਏਆਈ ਪ੍ਰੈਸ ਦੀ ਅਜ਼ਾਦੀ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਕਮਜ਼ੋਰ ਕਰਨ ਦੀ ਬਜਾਏ ਮਜ਼ਬੂਤ ਕਰੇ। ਭਾਰਤੀ ਮੀਡੀਆ ਦਾ ਲੈਂਡਸਕੇਪ ਵਿਸ਼ਾਲ ਹੈ ਅਤੇ ਇਸ ਵਿੱਚ ਲੱਗਭੱਗ 140000 ਅਖਬਾਰਾਂ ਅਤੇ ਲੱਗਭੱਗ 380 ਟੀਵੀ ਨਿਊਜ਼ ਚੈਨਲ ਹਨ ਪਰ ਮੀਡੀਆ ਆਉਟਲੈਟਾਂ ਦੀ ਬਹੁਤਾਤ ਮਲਕੀਅਤ ਦੇ ਕੇਂਦਰੀਕਰਨ ਵੱਲ ਰੁਝਾਨਾਂ ਨੂੰ ਛੁਪਾਉਂਦੀ ਹੈ। ਪ੍ਰਮੁੱਖ ਭਾਸ਼ਾ ਹਿੰਦੀ ਵਿੱਚ ਚਾਰ ਅਖ਼ਬਾਰਾਂ ਦੇ ਤਿੰਨ ਚੌਥਾਈ ਪਾਠਕ ਹਨ। ਮੂਲ ਰੂਪ ਵਿੱਚ ਬਸਤੀਵਾਦ ਵਿਰੋਧੀ ਲਹਿਰ ਦਾ ਇੱਕ ਉਤਪਾਦ ਭਾਰਤੀ ਪ੍ਰੈਸ ਨੂੰ ਪ੍ਰਗਤੀਸ਼ੀਲ ਵਜੋਂ ਦੇਖਿਆ ਜਾਂਦਾ ਸੀ ਪਰ ਹੋਲੀ–ਹੋਲੀ ਚੀਜਾਂ ਮੂਲ ਰੂਪ ਵਿੱਚ ਬਦਲ ਗਈਆਂ ਜਦੋਂ ਸੱਤਾਧਾਰੀ ਪਾਰਟੀਆਂ ਅਤੇ ਮੀਡੀਆ ਤੇ ਹਾਵੀ ਪਰਿਵਾਰਾਂ ਵਿਚਕਾਰ ਸ਼ਾਨਦਾਰ ਤਾਲਮੇਲ ਪੈਦਾ ਹੋ ਗਿਆ ਹੈ। ਵਪਾਰਿਕ ਇਸ਼ਤਿਹਾਰ ਜਾਣਕਾਰੀ ਦਾ ਵੀ ਇੱਕ ਰੂਪ ਹੈ। ਇਸ਼ਤਿਹਾਰਾਂ ਦੇ ਰਵੱਈਏ ਅਤੇ ਤਰੀਕੇ ਅਕਸਰ ਹੀ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ। ਮੀਡੀਆ ਨੂੰ ਕੋਈ ਵੀ ਗੈਰ-ਕਾਨੂੰਨੀ ਇਸ਼ਤਿਹਾਰ ਪ੍ਰਕਾਸ਼ਿਤ ਨਹੀਂ ਕਰਨਾ ਚਾਹੀਦਾ ਹੈ ਜਿਸਦਾ ਸਮਾਜ ਨੂੰ ਨੁਕਸਾਨ ਹੁੰਦਾ ਹੋਵੇ। ਸਾਬਕਾ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਨੇ ਦੱਸਿਆ ਸੀ ਕਿ ਫਰਜ਼ੀ ਖਬਰਾਂ ਦੇ 1100 ਤੋਂ ਵੱਧ ਮਾਮਲੇ ਸਾਹਮਣੇ ਆਏ ਅਤੇ ਪੀ.ਆਈ.ਬੀ. ਨੇ 37000 ਤੋਂ ਵੱਧ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਹੈ। ਸਰਕਾਰ ਦੀ ਆਲੋਚਨਾ ਕਰਨ ਵਾਲੇ ਬਹੁਤੇ ਪੱਤਰਕਾਰਾਂ ਨੂੰ ਪ੍ਰੇਸ਼ਾਨੀ ਅਤੇ ਹਮਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੋ ਪੱਤਰਕਾਰ ਸਰਕਾਰ ਦੀ ਆਲੋਚਨਾ ਕਰਦੇ ਹਨ ਉਨ੍ਹਾਂ ਨੂੰ ਅਕਸਰ ਹੀ ਰਾਸ਼ਟਰ ਵਿਰੋਧੀ ਕਿਹਾ ਜਾਂਦਾ ਹੈ ਅਤੇ ਪ੍ਰੇਸ਼ਾਨ ਕੀਤਾ ਜਾਂਦਾ ਹੈ। ਸਰਕਾਰ ਵਲੋਂ ਮੀਡੀਆ ਸੰਸਥਾਵਾਂ ਪ੍ਰੈਸ ਕੌਂਸਲ ਆਫ਼ ਇੰਡੀਆ ਅਤੇ ਇਲੈਕਟਰਾਨਿਕ ਮੀਡੀਆ ਨਿਗਰਾਨੀ ਕੇਂਦਰ ਤੇ ਗੈਰ ਜਰੂਰੀ ਦਖਲਅੰਦਾਜੀ ਕਰਕੇ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਨਿਊਯਾਰਕ ਅਧਾਰਤ 'ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ' ਨੇ 1400 ਤੋਂ ਵੱਧ ਪੱਤਰਕਾਰਾਂ ਨੂੰ ਦਰਜ ਕੀਤਾ ਹੈ ਜੋ ਉਹਨਾਂ ਦੇ ਕੰਮ ਲਈ ਬਦਲਾ ਲੈਣ ਲਈ ਮਾਰੇ ਗਏ ਸਨ ਅਤੇ ਹੋਰ 560 ਪੱਤਰਕਾਰ ਮਾਰੇ ਗਏ ਹਨ। ਸੀਰੀਆ ਵਿੱਚ ਸੰਘਰਸ਼ ਅਤੇ ਸੋਮਾਲੀਆ ਵਿੱਚ ਗੋਲੀਬਾਰੀ ਕਾਰਨ 100 ਤੋਂ ਵੱਧ ਪੱਤਰਕਾਰ ਮਾਰੇ ਗਏ। ਪਿਛਲੇ ਤਿੰਨ ਦਹਾਕਿਆਂ ਦੌਰਾਨ ਮਾਰੇ ਗਏ ਪੱਤਰਕਾਰਾਂ ਵਿੱਚੋਂ ਇੱਕ ਚੌਥਾਈ ਤੋਂ ਵੱਧ ਦੀ ਮੌਤ ਸਿਰਫ਼ ਤਿੰਨ ਦੇਸ਼ਾਂ ਇਰਾਕ, ਸੀਰੀਆ ਅਤੇ ਫਿਲੀਪੀਨਜ਼ ਵਿੱਚ ਹੀ ਹੋਈ ਹੈ। ਮਹਿਲਾ ਪੱਤਰਕਾਰਾਂ ਨੂੰ ਹੋਰ ਵੀ ਵੱਧ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ। ਇੰਟਰਨੈਸ਼ਨਲ ਸੈਂਟਰ ਫਾਰ ਜਰਨਲਿਸਟਸ ਅਤੇ ਯੂਨੈਸਕੋ ਦੇ ਇੱਕ ਅਧਿਐਨ ਵਿੱਚ ਖੁਲਾਸਾ ਹੋਇਆ ਹੈ ਕਿ ਸਰਵੇਖਣ ਵਿੱਚ ਹਿੱਸਾ ਲੈਣ ਵਾਲੀਆਂ ਲੱਗਭੱਗ ਤਿੰਨ-ਚੌਥਾਈ ਮਹਿਲਾ ਪੱਤਰਕਾਰਾਂ ਨੇ ਆਨਲਾਈਨ ਧਮਕੀਆਂ ਦਾ ਅਨੁਭਵ ਕੀਤਾ ਹੈ, ਲੱਗਭੱਗ 50 ਪ੍ਰਤੀਸ਼ਤ ਮਹਿਲਾ ਪੱਤਰਕਾਰਾਂ ਨਾਲ ਨਫ਼ਰਤ ਭਰੀ ਭਾਸ਼ਾ ਦੁਆਰਾ ਦੁਰਵਿਵਹਾਰ ਕੀਤਾ ਗਿਆ ਅਤੇ ਇੱਕ ਚੌਥਾਈ ਨੂੰ ਸ਼ਰੀਰਕ ਹਿੰਸਾ ਦੀਆਂ ਧਮਕੀਆਂ ਮਿਲੀਆਂ ਹਨ। ਕਈ ਮੀਡੀਆ ਅਦਾਰਿਆਂ ਨੇ ਵਪਾਰਕ ਹਿੱਤਾਂ ਨੂੰ ਪਹਿਲ ਨਾ ਦਿੰਦੇ ਹੋਏ ਆਪਣੀ ਸਾਖ ਕਾਇਮ ਰੱਖੀ ਹੋਈ ਹੈ ਪਰੰਤੂ ਕੁੱਝ ਨੇ ਇਸਨੂੰ ਨਿਰੋਲ ਲਾਹੇਵੰਦ ਵਪਾਰ ਬਣਾਕੇ ਰੱਖਿਆ ਹੋਇਆ ਹੈ। ਅੱਜ ਪੱਤਰਕਾਰਿਤਾ ਦਾ ਖੇਤਰ ਵਿਆਪਕ ਹੋ ਗਿਆ ਹੈ ਅਤੇ ਤੱਥਾਂ ਨੂੰ ਤੋੜ-ਮਰੋੜ ਕੇ, ਵਧਾ-ਚੜ੍ਹਾਕੇ ਸਨਸਨੀ ਬਣਾਉਣ ਦੀ ਪ੍ਰਵਿਰਤੀ ਪੱਤਰਕਾਰਿਤਾ ਵਿੱਚ ਵੱਧਣ ਲੱਗੀ ਹੈ। ਭਾਰਤੀ ਮੀਡੀਆ ਅਕਸਰ ਹੀ ਅਜ਼ਾਦ ਰਿਹਾ ਹੈ, ਜੋਸ਼ੀਲਾ ਅਤੇ ਦੇਸ਼ ਦੀ ਏਕਤਾ ਅਤੇ ਵਿਭਿੰਨਤਾ ਨੂੰ ਦਰਸਾਉਂਦਾ ਰਿਹਾ ਹੈ। ਦੇਸ਼ ਵਿੱਚ ਐਮਰਜੈਂਸੀ ਦੇ ਕਾਲੇ ਦੌਰ ਦੌਰਾਨ ਵੀ ਪ੍ਰਿੰਟ ਮੀਡੀਆ ਰਾਜਨੀਤਿਕ ਦਬਾਅ, ਪਾਬੰਦੀਆਂ ਵਾਲੇ ਕਾਨੂੰਨਾਂ ਅਤੇ ਐਮਰਜੈਂਸੀ ਦੇ ਸਮੇਂ ਦੌਰਾਨ ਐਲਾਨਾਂ ਵਰਗੀਆਂ ਕਈ ਤਰ੍ਹਾਂ ਦੀਆਂ ਪਾਬੰਦੀਆਂ ਦੇ ਬਾਵਜੂਦ ਜੀਵਿਤ ਅਤੇ ਸਰਗਰਮ ਰਿਹਾ। ਪਿਛਲੇ ਕੁੱਝ ਸਾਲਾਂ ਵਿੱਚ ਮੀਡੀਆ ਲਈ ਪੇਸ਼ੇਵਰ ਵਜੋਂ ਕੰਮ ਕਰਨਾ ਬਹੁਤ ਚੁਣੌਤੀਪੂਰਨ ਹੋ ਗਿਆ ਹੈ। ਬਹੁਤ ਜ਼ਿਆਦਾ ਕੰਮ ਦਾ ਦਬਾਅ, ਸਮੇਂ ਦੀਆਂ ਪਾਬੰਦੀਆਂ, ਬਚਣ ਲਈ ਮੁਕਾਬਲਾ, ਪੇਡ ਨਿਊਜ਼ ਦੀ ਸੰਸਕ੍ਰਿਤੀ ਅਤੇ ਮੀਡੀਆ ਹਾਊਸਾਂ ਦੁਆਰਾ ਆਪਣੇ ਬਚਾਅ ਲਈ ਅਪਣਾਏ ਗਏ ਇਸ਼ਤਿਹਾਰਾਂ ਨੇ ਅਖ਼ਬਾਰਾਂ ਦੀ ਅਖੰਡਤਾ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। ਮੀਡੀਆ ਦਾ ਕਾਰਪੋਰੇਟੀਕਰਨ ਜੋ ਜਨਤਾ ਦੇ ਮਨਾਂ ਅਤੇ ਸੋਚ ਪ੍ਰਕਿਰਿਆਵਾਂ ਨੂੰ ਨਿਯੰਤਰਿਤ ਕਰਨ ਦੀ ਕੋਸ਼ਿਸ਼ ਕਰਦਾ ਹੈ ਅਸਲ ਵਿੱਚ ਕਿਸੇ ਵੀ ਲੋਕਤੰਤਰ ਲਈ ਬਹੁਤ ਖ਼ਤਰਨਾਕ ਹੈ ਅਤੇ ਮੀਡੀਆ ਦੀ ਅਜ਼ਾਦੀ ਨਾਲ ਸਮਝੌਤਾ ਕਰ ਸਕਦਾ ਹੈ ਅਤੇ ਅੱਜ ਦੇ ਮੁਕਾਬਲੇ ਵਾਲੀ ਦੁਨੀਆ ਵਿੱਚ ਮੀਡੀਆ ਨੂੰ ਦਰਪੇਸ਼ ਚੁਣੌਤੀਆਂ ਵਿੱਚੋਂ ਇੱਕ ਹੈ। ਖ਼ਬਰਾਂ ਦੀ ਸਮੱਗਰੀ ਵਿੱਚ ਕਾਰਪੋਰੇਟ ਦਖਲਅੰਦਾਜ਼ੀ ਖ਼ਬਰਾਂ ਦੀ ਤੱਥਾਂ ਦੀ ਪੇਸ਼ਕਾਰੀ ਵਿੱਚ ਦਖਲਅੰਦਾਜ਼ੀ ਦਾ ਕਾਰਨ ਬਣ ਸਕਦੀ ਹੈ ਜੋ ਨਾ ਸਿਰਫ ਪੱਤਰਕਾਰੀ ਨੈਤਿਕਤਾ ਅਤੇ ਕਦਰਾਂ-ਕੀਮਤਾਂ ਦੀ ਨਿੰਦਾ ਕਰਦੀ ਹੈ ਸਗੋਂ ਲੋਕਾਂ ਦੇ ਸੂਚਿਤ ਹੋਣ ਦੇ ਅਧਿਕਾਰ ਦੀ ਵੀ ਉਲੰਘਣਾ ਕਰਦੀ ਹੈ। ਮੀਡੀਆ ਦੀ ਅਜ਼ਾਦੀ ਲਈ ਸਭ ਤੋਂ ਨਿਰਾਸ਼ਾਜਨਕ ਅਤੇ ਚਿੰਤਾਜਨਕ ਖ਼ਤਰਾ ਪੱਤਰਕਾਰਾਂ, ਫੋਟੋ- ਪੱਤਰਕਾਰਾਂ ਅਤੇ ਮੀਡੀਆ ਕਰਮਚਾਰੀਆਂ ਦੀ ਜ਼ਿੰਦਗੀ ਅਤੇ ਅਜ਼ਾਦੀ ਲਈ ਖ਼ਤਰਾ ਹੈ। ਪੱਤਰਕਾਰਾਂ ਦੀ ਸੁਰੱਖਿਆ ਲਈ ਕਮੇਟੀ ਦੁਆਰਾ ਜਾਰੀ ਕੀਤੀ ਗਈ ਇੱਕ ਰਿਪੋਰਟ ਦੇ ਅਨੁਸਾਰ ਜਨਵਰੀ 1992 ਤੋਂ ਅਪ੍ਰੈਲ 2015 ਤੱਕ ਦੁਨੀਆ ਭਰ ਵਿੱਚ 1124 ਪੱਤਰਕਾਰ ਮਾਰੇ ਗਏ ਸਨ ਅਤੇ ਭਾਰਤ ਵਿੱਚ ਇਸ ਸਮੇਂ ਦੌਰਾਨ 56 ਪੱਤਰਕਾਰ ਅਤੇ ਤਿੰਨ ਮੀਡੀਆ ਕਰਮਚਾਰੀ ਮਾਰੇ ਗਏ ਸਨ। ਭਾਰਤੀ ਚੋਣ ਆਯੋਗ ਵਲੋਂ ਕਈ ਮੀਡੀਆ ਅਦਾਰਿਆਂ ਅਤੇ ਪੱਤਰਕਾਰਾਂ ਤੇ ਵੋਟਾਂ ਦੌਰਾਨ ਪੈਸੇ ਲੈਕੇ ਖਬਰਾਂ ਲਗਾਉਣ ਦੀਆਂ ਸ਼ਿਕਾਇਤਾਂ ਖਤਰਨਾਕ ਸੰਕੇਤ ਹੈ। ਭਾਰਤੀ ਸੰਵਿਧਾਨ ਵਿੱਚ ਦਰਜ ਮੋਲਿਕ ਅਧਿਕਾਰਾਂ ਵਿੱਚ ਵਿਚਾਰ ਪ੍ਰਗਟਾਉਣ ਦੀ ਅਜ਼ਾਦੀ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ ਜਿਸ ਵਿੱਚ ਪ੍ਰੈਸ ਦੀ ਅਜ਼ਾਦੀ ਵੀ ਸ਼ਾਮਿਲ ਹੈ। ਪ੍ਰੈਸ ਕੌਂਸਲ ਆਫ਼ ਇੰਡੀਆ ਇੱਕ ਕਾਨੂੰਨੀ ਅਰਧ-ਨਿਆਂਇਕ ਖੁਦਮੁਖਤਿਆਰ ਅਥਾਰਟੀ ਹੈ ਜੋ 1979 ਵਿੱਚ ਪ੍ਰੈਸ ਕੌਂਸਲ ਐਕਟ 1978 ਤਹਿਤ ਦੁਬਾਰਾ ਸਥਾਪਿਤ ਕੀਤੀ ਗਈ ਸੀ ਜਿਸ ਦੇ ਦੋ-ਪੱਖੀ ਉਦੇਸ਼ ਪ੍ਰੈਸ ਦੀ ਅਜ਼ਾਦੀ ਨੂੰ ਸੁਰੱਖਿਅਤ ਰੱਖਣਾ ਅਤੇ ਭਾਰਤ ਵਿੱਚ ਅਖ਼ਬਾਰਾਂ ਅਤੇ ਨਿਊਜ਼ ਏਜੰਸੀਆਂ ਦੇ ਮਿਆਰਾਂ ਨੂੰ ਬਣਾਈ ਰੱਖਣਾ ਅਤੇ ਸੁਧਾਰਨਾ ਹੈ। ਇਸਦੀ ਸਥਾਪਨਾ ਪਹਿਲੀ ਵਾਰ 1966 ਵਿੱਚ ਇੰਡੀਅਨ ਪ੍ਰੈਸ ਕੌਂਸਲ ਐਕਟ 1965 ਦੇ ਤਹਿਤ ਪਹਿਲੇ ਪ੍ਰੈਸ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਤੇ ਦੋਹਰੇ ਉਦੇਸ਼ਾਂ ਨਾਲ ਕੀਤੀ ਗਈ ਸੀ। ਐਮਰਜੈਂਸੀ ਦੌਰਾਨ ਪ੍ਰੈਸ ਕੌਂਸਲ ਨੂੰ ਖਤਮ ਕਰ ਦਿੱਤਾ ਗਿਆ ਸੀ ਅਤੇ ਪ੍ਰੈਸ ਕੌਂਸਲ ਐਕਟ 1978 ਦੇ ਤਹਿਤ 1979 ਵਿੱਚ ਪ੍ਰੈਸ ਕੌਂਸਲ ਦੀ ਮੁੜ ਸਥਾਪਨਾ ਕੀਤੀ ਗਈ ਸੀ। ਪ੍ਰੈਸ ਕੌਂਸਲ ਆਫ਼ ਇੰਡੀਆ ਦੇ ਉਦੇਸ਼ ਪ੍ਰੈਸ ਦੀ ਅਜ਼ਾਦੀ ਨੂੰ ਸੁਰੱਖਿਅਤ ਰੱਖਣਾ ਅਤੇ ਅਖ਼ਬਾਰਾਂ ਅਤੇ ਨਿਊਜ਼ ਏਜੰਸੀਆਂ ਦੇ ਮਿਆਰਾਂ ਨੂੰ ਬਣਾਈ ਰੱਖਣਾ ਅਤੇ ਸੁਧਾਰਨਾ ਹੈ। ਦੇਸ਼ ਵਿੱਚ ਐਮਰਜੈਂਸੀ ਦੌਰਾਨ ਪਤਰਕਾਰਿਤਾ ਇੱਕ ਵਾਰ ਥੋੜ੍ਹੇ ਸਮੇਂ ਦੇ ਲਈ ਭ੍ਰਿਸ਼ਟਾਚਾਰ ਮਿਟਾਓ ਅਭਿਆਨ ਨੂੰ ਲੈ ਕੇ ਮਿਸ਼ਨ ਬਣ ਗਈ ਸੀ ਪਰੰਤੂ ਹੌਲੀ-ਹੌਲੀ ਪਤਰਕਾਰਿਤਾ ਪ੍ਰੋਫ਼ੇਕਸ਼ਨ ਤੋਂ ਸੈਂਨਸੇਸ਼ਨ ਅਤੇ ਸੈਨਸੇਸ਼ਨ ਤੋਂ ਕਮਿਸ਼ਨ ਬਣ ਗਈ ਹੈ। ਭਾਰਤੀ ਪ੍ਰੈਸ ਪਰਿਸ਼ਦ ਦੇ ਨਿਰਦੇਸ਼ਾਂ ਅਨੁਸਾਰ ਛੇ ਮੈਂਬਰੀ ਸਬ-ਕਮੇਟੀ ਬਣਾਈ ਗਈ ਅਤੇ ਇਹ ਕਮੇਟੀ ਦੇਸ਼ ਦੇ ਉਹਨਾਂ ਗਿਆਰਾ ਸੂਬਿਆਂ ਵਿੱਚ ਗਈ ਜਿੱਥੇ ਪੱਤਰਕਾਰਾਂ ਨਾਲ ਕਈ ਘਟਨਾਵਾਂ ਵਾਪਰੀਆਂ ਅਤੇ ਲੱਗਭੱਗ 1200 ਪੱਤਰਕਾਰਾਂ, ਸੰਪਾਦਕਾਂ ਅਤੇ ਪੱਤਰਕਾਰਾਂ ਦੇ ਸੰਗਠਨਾਂ, ਸਿਵਲ ਅਧਿਕਾਰੀਆਂ, ਉਚ ਪੁਲਿਸ ਅਫਸਰਾਂ, ਕੁਝ ਸੂਬਿਆਂ ਦੇ ਮੁੱਖ ਮੰਤਰੀਆਂ ਅਤੇ ਮੰਤਰੀਆਂ ਨਾਲ ਮਿਲ ਕੇ ਜਾਣਕਾਰੀ ਪ੍ਰਾਪਤ ਕੀਤੀ ਹੈ। ਟੀਆਰਪੀ ਲਈ ਮੀਡੀਆ ਦੀ ਦੁਰਵਰਤੋਂ ਕਰਨਾ, ਰਾਜਨੀਤਿਕ ਲਾਭ, ਗੱਲਤ ਪ੍ਰਚਾਰ ਫੈਲਾਉਣਾ ਆਦਿ ਭਾਰਤੀ ਮੀਡੀਆ ਉਦਯੋਗ ਲਈ ਗੰਭੀਰ ਚੁਣੌਤੀਆਂ ਹਨ। ਪ੍ਰੈਸ ਦੀ ਅਜ਼ਾਦੀ ਹਰ ਲੋਕਤੰਤਰੀ ਸਮਾਜ ਦਾ ਇੱਕ ਬੁਨਿਆਦੀ ਪਹਿਲੂ ਹੈ ਅਤੇ ਇੱਕ ਮਹੱਤਵਪੂਰਨ ਮਨੁੱਖੀ ਅਧਿਕਾਰ ਹੈ ਜੋ ਹੋਰ ਅਜ਼ਾਦੀਆਂ ਦੀ ਗਰੰਟੀ ਦਿੰਦਾ ਹੈ ਹਾਲਾਂਕਿ ਵੱਖ-ਵੱਖ ਸੰਸਥਾਵਾਂ ਜਿਵੇਂ ਕਿ ਅਧਿਕਾਰੀ, ਰਾਜਨੀਤਿਕ, ਸਮਾਜਿਕ ਜਾਂ ਧਾਰਮਿਕ ਸੰਗਠਨ ਅਤੇ ਹੋਰ ਦਬਾਅ ਸਮੂਹ ਅਕਸਰ ਪ੍ਰੈਸ ਤੇ ਦਬਾਅ ਪਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਜੋ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਤੇ ਇਸਦੇ ਸੁਤੰਤਰ ਵਿਚਾਰਾਂ ਨੂੰ ਚੁੱਪ ਕਰਵਾਇਆ ਜਾ ਸਕੇ। ਉਹ ਪੱਤਰਕਾਰਾਂ ਨੂੰ ਖ਼ਬਰਾਂ ਕਵਰ ਕਰਨ ਤੋਂ ਰੋਕਣ, ਪ੍ਰੈਸ ਕਰਮਚਾਰੀਆਂ ਨੂੰ ਧਮਕੀਆਂ ਦੇਣ ਜਾਂ ਸਰੀਰਕ ਤੌਰ ਤੇ ਹਮਲਾ ਕਰਨ ਜਾਂ ਪ੍ਰੈਸ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੁਆਰਾ ਇਹ ਪ੍ਰਾਪਤ ਕਰ ਸਕਦੇ ਹਨ। ਇਸ ਤੋਂ ਇਲਾਵਾ ਪ੍ਰੈਸ ਤੇ ਛਾਪੇਮਾਰੀ ਕਰਨਾ ਜਾਂ ਅਖਬਾਰਾਂ ਦੇ ਪ੍ਰਸਾਰਣ ਵਿੱਚ ਰੁਕਾਵਟ ਪਾਉਣਾ ਹੋਰ ਰਣਨੀਤੀਆਂ ਹਨ ਜੋ ਪ੍ਰੈਸ ਦੇ ਸੁਚਾਰੂ ਕੰਮਕਾਜ ਵਿੱਚ ਰੁਕਾਵਟ ਪਾ ਸਕਦੀਆਂ ਹਨ। ਪ੍ਰੈਸ ਦੀ ਅਜ਼ਾਦੀ ਨੂੰ ਅਜਿਹੇ ਪ੍ਰਭਾਵਾਂ ਤੋਂ ਬਚਾਉਣ ਲਈ ਕੌਂਸਲ ਪ੍ਰੈਸ ਦੁਆਰਾ ਦਾਇਰ ਸ਼ਿਕਾਇਤਾਂ ਪ੍ਰਾਪਤ ਕਰਦੀ ਹੈ ਅਤੇ ਉਨ੍ਹਾਂ ਦਾ ਨਿਰਣਾ ਕਰਦੀ ਹੈ। ਪ੍ਰੈਸ ਕੌਂਸਲ ਆਫ਼ ਇੰਡੀਆ ਦੇ ਤਿਮਾਹੀ ਜਰਨਲ ''ਦਾ ਪੀ.ਸੀ.ਆਈ. ਰਿਵਿਊ' ਦੇ ਜੁਲਾਈ ਅੰਕ ਜੋ ਕਿ 1 ਅਪ੍ਰੈਲ ਤੋਂ 30 ਜੂਨ 2024 ਲਈ ਹੈ ਅਨੁਸਾਰ ਤਿਮਾਹੀ ਦੌਰਾਨ ਕੌਂਸਲ ਕੋਲ ਕੁੱਲ 282 ਸ਼ਿਕਾਇਤਾਂ ਦਰਜ ਕੀਤੀਆਂ ਗਈਆਂ ਸਨ ਜਿਨ੍ਹਾਂ ਵਿੱਚੋਂ 48 ਸ਼ਿਕਾਇਤਾਂ ਪ੍ਰੈਸ ਦੁਆਰਾ ਸਮਾਜ ਵਿਰੋਧੀ ਤੱਤਾਂ ਅਤੇ ਅਧਿਕਾਰੀਆਂ ਵਿਰੁੱਧ ਪ੍ਰੈਸ ਦੀ ਅਜ਼ਾਦੀ ਦੀ ਉਲੰਘਣਾ ਲਈ ਦਰਜ ਕੀਤੀਆਂ ਗਈਆਂ ਸਨ ਅਤੇ ਪੱਤਰਕਾਰੀ ਨੈਤਿਕਤਾ ਦੀ ਉਲੰਘਣਾ ਲਈ ਪ੍ਰੈਸ ਵਿਰੁੱਧ 234 ਮਾਮਲੇ ਦਰਜ ਕੀਤੇ ਗਏ ਸਨ। ਕੌਂਸਲ ਨੇ ਪ੍ਰੈਸ ਦੀ ਅਜ਼ਾਦੀ ਨਾਲ ਸਬੰਧਤ 5 ਘਟਨਾਵਾਂ ਵਿੱਚ ਆਪਣੇ ਆਪ ਕਾਰਵਾਈ ਵੀ ਕੀਤੀ ਸੀ। ਭਾਰਤ ਸਰਕਾਰ ਦੁਨੀਆ ਵਿੱਚ ਸਭ ਤੋਂ ਵੱਧ ਨੈੱਟਵਰਕ ਬੰਦ ਕਰਨ ਦਾ ਆਦੇਸ਼ ਦੇਣ ਲਈ ਜ਼ਿੰਮੇਵਾਰ ਹੈ। ਦੇਸ਼ ਦੇ ਵੱਖ ਵੱਖ ਰਾਜਾਂ ਵਿੱਚ ਸਰਕਾਰ ਨੇ ਕਈ ਵਾਰ ਮੋਬਾਈਲ ਅਤੇ ਇੰਟਰਨੈਟ ਸੇਵਾਵਾਂ ਨੂੰ ਮੁਅੱਤਲ ਕੀਤਾ ਅਤੇ ਆਈਟੀ ਕਾਨੂੰਨ ਅਧੀਨ ਰਾਸ਼ਟਰੀ ਸੁਰੱਖਿਆ ਦੀ ਉਲੰਘਣਾ ਦਾ ਹਵਾਲਾ ਦਿੰਦੇ ਹੋਏ ਕਈ ਯੂਟਿਊਬ ਚੈਨਲਾਂ ਤੇ ਪਾਬੰਦੀ ਲਗਾ ਦਿੱਤੀ ਹੈ। ਇਨਫੋਰਸਮੈਂਟ ਡਾਇਰੈਕਟੋਰੇਟ ਅਤੇ ਇਨਕਮ ਟੈਕਸ ਵਿਭਾਗ ਨੇ ਕੁੱਝ ਮੀਡੀਆ ਹਾਊਸਾਂ ਜਾਂ ਅਖਬਾਰਾਂ ਦੇ ਦਫਤਰਾਂ ਅਤੇ

ਬਾਕੀ ਭਾਗ ਅਗਲੇ ਸਫੇ ਤੇ



# ਹੈਡੀਕੈਪਡ ਹੈਲਪ ਵੈਲਫੇਅਰ ਐਸੋਸੀਏਸ਼ਨ ਮਾਨਸਾ ਦੀ ਮਹੀਨੇ ਵਾਰ ਮੀਟਿੰਗ ਕੀਤੀ ਗਈ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਮਈ INTERNATIONAL PAPER, 94636 01616 hardipchumber57@gmail.com



1ਮਈ 2025(ਬੇਅੰਤ ਸਿੰਘ ਰੋਹਟੀ ਖਾਸ) ਹੈਡੀਕੈਪਡ ਹੈਲਪ ਵੈਲਫੇਅਰ ਐਸੋਸੀਏਸ਼ਨ ਮਾਨਸਾ ਦੀ ਮਹੀਨਾਵਾਰ ਮੀਟਿੰਗ ਬਾਲ ਭਵਨ ਮਾਨਸਾ ਵਿਖੇ ਹੈਡੀਕੈਪਡ ਹੈਲਪ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸੁਖਵਿੰਦਰ ਸਿੰਘ ਭੰਮੇ ਕਲਾਂ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਅੰਗਹੀਣ ਵਰਗ ਨੂੰ ਜ਼ਿਲ੍ਹਾ ਮਾਨਸਾ ਵਿੱਚ ਆ ਰਹੀਆਂ ਮੁਸਕਲਾਂ ਤੇ ਵਿਚਾਰ ਚਰਚਾ ਕੀਤੀ ਗਈ। ਪਿਛਲੇ ਹਫਤੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਬਾਲ ਵਿਭਾਗ ਮੰਤਰੀ ਡਾਕਟਰ ਬਲਜੀਤ ਕੌਰ ਵੱਲੋਂ ਕੁਝ ਅੰਗਹੀਣ ਵਰਗ ਦੀਆਂ ਯੂਨੀਅਨਾਂ ਨਾਲ ਖ਼ਾਨਾਪੂਰਤੀ ਮੀਟਿੰਗ ਕਰਕੇ ਅੰਗਹੀਣ ਵਰਗ ਦਾ ਮਜ਼ਾਕ ਉਡਾਇਆ ਗਿਆ ਕਿਉਂਕਿ ਇਸ ਮੀਟਿੰਗ ਵਿੱਚ ਅੰਗਹੀਣ ਵਰਗ ਦੀ ਭਲਾਈ ਲਈ ਕੋਈ ਗੱਲ ਤੱਕ ਵੀ ਨਹੀਂ ਕੀਤੀ ਗਈ ਜਿਸ ਦੀ ਐਸੋਸੀਏਸ਼ਨ ਵੱਲੋਂ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਹੈਡੀਕੈਪਡ ਹੈਲਪ ਵੈਲਫੇਅਰ ਐਸੋਸੀਏਸ਼ਨ ਮਾਨਸਾ ਦੇ ਜ਼ਿਲ੍ਹਾ ਖਜਾਨਚੀ ਹਰਜਿੰਦਰ ਸਿੰਘ ਭੰਮਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅੰਗਹੀਣ ਵਰਗ ਨਾਲ ਬਹੁਤ ਵੱਡਾ ਵਿਤਕਰਾ ਕੀਤਾ ਜਾ ਰਿਹਾ ਹੈ। ਅੰਗਹੀਣ ਵਰਗ ਦੀਆਂ ਮਜ਼ਬੂਰੀਆਂ ਦਾ ਫਾਇਦਾ ਉਠਾ ਰਹੀ ਹੈ ਪੰਜਾਬ ਸਰਕਾਰ ਉਹਨਾਂ ਨੇ ਦੱਸਿਆ ਕਿ ਜੋ ਅੰਗਹੀਣ ਵਰਗ ਦੀ ਪੈਨਸ਼ਨ ਹਰ ਮਹੀਨੇ ਦੀ 8 ਤੋਂ 10 ਤਾਰੀਖ ਤੱਕ ਉਹਨਾਂ ਦੇ ਖਾਤਿਆਂ ਵਿਚ ਜਮ੍ਹਾ ਹੋ ਜਾਂਦੀ ਸੀ ਪਰ ਹੁਣ ਪਿਛਲੇ ਤਿੰਨ ਮਹੀਨਿਆਂ ਤੋਂ ਇਹ ਪੈਨਸ਼ਨ ਮਹੀਨੇ ਦੇ ਅਖੀਰ ਵਿਚ ਜਮ੍ਹਾ ਕੀਤੀ ਜਾਂਦੀ ਹੈ ਜਿਸ ਨਾਲ ਅੰਗਹੀਣ ਵਰਗ ਜੋ ਪੈਨਸ਼ਨ ਤੇ ਹੀ ਨਿਰਭਰ ਕਰਦਾ ਹੈ ਨੂੰ ਸਮੱਸਿਆ ਆਉਂਦੀ ਹੈ ਜਿਸ ਸਬੰਧੀ ਜਲਦੀ ਹੀ ਜ਼ਿਲ੍ਹਾ ਮਾਨਸਾ ਦੇ ਡਿਪਟੀ ਕਮਿਸ਼ਨਰ ਸਾਹਿਬ ਨੂੰ ਮਿਲਕੇ ਅੰਗਹੀਣ ਵਰਗ ਦੀ ਪੈਨਸ਼ਨ ਹਰ ਮਹੀਨੇ ਦੀ ਇੱਕ ਤਰੀਖ ਨੂੰ ਉਹਨਾਂ ਦੇ ਖਾਤਿਆਂ ਵਿਚ ਜਮ੍ਹਾ ਕਰਵਾਉਣ ਲਈ ਸਰਕਾਰ ਤੱਕ ਮੰਗ ਕੀਤੀ ਜਾਵੇਗੀ ਅਤੇ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਪਿੰਡਾਂ ਵਿੱਚ ਅੰਗਹੀਣ ਵਰਗ ਦੇ ਮਕਾਨ ਆਨਲਾਈਨ ਨਹੀਂ ਕੀਤੇ ਜਾ ਰਹੇ ਅਤੇ ਪਿੰਡਾਂ ਵਿਚ ਸਰਪੰਚਾ ਜਾ ਸੱਤਾਧਾਰੀ ਲੀਡਰਾਂ ਵੱਲੋਂ ਆਪਣੇ ਚਹੇਤਿਆਂ ਦੇ ਘਰਾ ਸਬੰਧੀ ਫਾਰਮ ਆਨਲਾਈਨ ਕਰਵਾਏ ਜਾ ਰਹੇ ਹਨ ਪਰ ਲੋੜਵੰਦ ਅਤੇ ਅੰਗਹੀਣ ਵਰਗ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ ਜਿਸ ਸਬੰਧੀ ਡਿਪਟੀ ਕਮਿਸ਼ਨਰ ਸਾਹਿਬ ਨੂੰ ਅੰਗਹੀਣ ਵਰਗ ਦੇ ਜਾਇਜ ਘਰਾ ਦੇ ਫਾਰਮ ਪਹਿਲ ਦੇ ਅਧਾਰ ਤੇ ਆਨਲਾਇਨ ਕਰਵਾਉਣ ਲਈ ਵੀ ਮੰਗ ਕੀਤੀ ਜਾਵੇਗੀ ਅਤੇ ਜੇਕਰ ਫਿਰ ਵੀ ਅੰਗਹੀਣ ਵਰਗ ਦੇ ਲੋੜਵੰਦ ਅੰਗਹੀਣਾ ਦੇ ਘਰਾਂ ਦੇ ਫਾਰਮ ਆਨਲਾਈਨ ਨਹੀਂ ਕੀਤੇ ਜਾਂਦੇ ਜਾਂ ਇਹ ਪੈਨਸ਼ਨ ਲੇਟ ਹੁੰਦੀ ਹੈ ਤਾਂ ਸਰਕਾਰ ਖ਼ਿਲਾਫ਼ ਇੱਕ ਤਿੱਖਾ ਸੰਘਰਸ਼ ਕੀਤਾ ਜਾਵੇਗਾ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਭੰਮੇ ਕਲਾਂ ਨੇ ਦੱਸਿਆ ਕਿ ਆਉਣ ਵਾਲੇ ਇੱਕ ਸਤੰਬਰ ਨੂੰ ਸੰਯੁਕਤ ਦਿਵਿਆਗ ਮੋਰਚਾ ਪੰਜਾਬ ਵੱਲੋਂ ਆਪਣੀਆ ਹੱਕੀ ਮੰਗਾਂ ਨੂੰ ਲੈ ਕੇ ਕੋਟਕਪੂਰਾ ਵਿਖੇ ਅਨਮਿੱਥੇ ਸਮੇਂ ਲਈ ਧਰਨਾ ਦਿੱਤਾ ਜਾ ਰਿਹਾ ਹੈ ਜਿਸ ਵਿਚ ਐਸੋਸੀਏਸਨ ਮਾਨਸਾ ਵੱਲੋਂ ਪੂਰਨ ਸਹਿਯੋਗ ਦਿੱਤਾ ਜਾਵੇਗਾ।ਇਸ ਮੀਟਿੰਗ ਵਿੱਚ ਜ਼ਿਲ੍ਹਾ ਮੀਤ ਪ੍ਰਧਾਨ ਬਲਜਿੰਦਰ ਸਿੰਘ ਜੋਗਾ, ਜ਼ਿਲ੍ਹਾ ਮੀਤ ਖਜਾਨਚੀ ਗੁਰਜੰਟ ਸਿੰਘ ਭੁਪਾਲ ਜ਼ਿਲ੍ਹਾ ਸਕੱਤਰ ਧਰਮ ਸਿੰਘ ਫੱਤਾ ਮਾਲੋਕਾ ਸੀਨੀਅਰ ਮੈਂਬਰ ਰੌਸਨ ਲਾਲ ਮਾਨਸਾ ਅਮਨਦੀਪ ਸਿੰਘ ਦਸੌਧੀਆ ਸਰਕਲ ਸਰਦੂਲਗੜ੍ਹ ਮੀਤ ਪ੍ਰਧਾਨ ਮੀਤਾ ਰਾਣੀ ਲੇਹਗੜ, ਦਰਸ਼ਨ ਸਿੰਘ ਬੀਰੇਵਾਲਾ ਜੱਟਾ ਸ਼ਿੰਦਰ ਸਿੰਘ ਅਤੇ ਦਰਸ਼ਨ ਸਿੰਘ ਬੀਰੇਵਾਲਾ ਜੱਟਾ ਅੰਮ੍ਰਿਤ ਸਿੰਘ ਚਕੇਰੀਆਂ ਸੰਦੀਪ ਸਿੰਘ ਖੋਖਰ ਮਨਦੀਪ ਸਿੰਘ ਕੋਟ ਧਰਮੂ ਜਗਦੀਪ ਸਿੰਘ ਰੱਲਾ ਜੱਗਾ ਸਿੰਘ ਜਵਾਹਰਕੇ ਅੰਮ੍ਰਿਤਪਾਲ ਸਿੰਘ ਚਕੇਰੀਆਂ ਮਾਨ ਸਿੰਘ ਫੱਤਾ ਮਾਲੋਕਾ, ਕੁਲਦੀਪ ਸਿੰਘ ਫੱਤਾ ਮਾਲੋਕਾ ਕੁਲਦੀਪ ਸਿੰਘ ਸ਼ਿੰਦਾ ਭੰਮੇ ਕਲਾਂ ਗੁਰਪ੍ਰੀਤ ਸਿੰਘ ਕੁਲਦੀਪ ਸਿੰਘ ਮੱਲ ਸਿੰਘ ਵਾਲਾ ਅਤੇ ਹੋਰ ਬਹੁਤ ਸਾਰੇ ਮੈਂਬਰ ਹਾਜ਼ਰ ਹੋਏ।

# ਲਾਇਨਜ ਕਲੱਬ ਫਗਵਾੜਾ ਨੇ ਸਿਵਲ ਸਰਵਿਸਿਜ ਪ੍ਰੀਖਿਆ ਪਾਸ ਕਰਨ ‘ਤੇ ਸਿਦਕ ਸਿੰਘ ਨੂੰ ਕੀਤਾ ਸਨਮਾਨਤ

## * ਯੂ.ਪੀ.ਐਸ.ਸੀ. ਪ੍ਰੀਖਿਆ ‘ਚ ਮਿਲਿਆ 157ਵਾਂ ਰੈਂਕ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਮਈ INTERNATIONAL PAPER, 94636 01616 hardipchumber57@gmail.com



ਫਗਵਾੜਾ 2 ਮਈ (ਸ਼ਿਵ ਕੌੜਾ) ਲਾਇਨਜ ਕਲੱਬ ਫਗਵਾੜਾ ਵਲੋਂ ਇੱਥੋਂ ਦੇ ਹੋਣਹਾਰ ਨੌਜਵਾਨ ਸਿਦਕ ਸਿੰਘ ਨੂੰ ਸਿਵਲ ਸਰਵਿਸਿਸ 2024 (ਯੂ.ਪੀ.ਐਸ.ਈ.) ਦੀ ਪ੍ਰੀਖਿਆ ਪਾਸ ਕਰਨ ‘ਤੇ ਸਨਮਾਨਤ ਕੀਤਾ ਗਿਆ। ਕਲੱਬ ਪ੍ਰਧਾਨ ਲਾਇਨ ਸਰਬਜੀਤ ਸਿੰਘ ਅਤੇ ਸਮੂਹ ਕਲੱਬ ਮੈਂਬਰਾਂ ਵਲੋਂ ਸਥਾਨਕ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਆਯੋਜਿਤ ਸਨਮਾਨ ਸਮਾਗਮ ਦੌਰਾਨ ਸਿਦਕ ਸਿੰਘ ਨੂੰ ਸਨਮਾਨ ਚਿੰਨ੍ਹ ਅਤੇ ਪ੍ਰਸ਼ੰਸਾ ਪੱਤਰ ਭੇਟ ਕੀਤਾ ਗਿਆ। ਇਸ ਦੌਰਾਨ ਵਿਸ਼ੇਸ਼ ਤੌਰ ਤੇ ਪਹੁੰਚੇ ਕਲੱਬ ਦੇ ਚਾਰਟਰ ਪ੍ਰਧਾਨ ਸੁਖਵਿੰਦਰ ਸਿੰਘ ਟੈਰੀ ਨੇ ਕਿਹਾ ਕਿ ਸਿਦਕ ਸਿੰਘ ਨੇ ਆਪਣਾ ਅਤੇ ਆਪਣੇ ਪਰਿਵਾਰ ਦਾ ਹੀ ਨਹੀਂ ਸਗੋਂ ਸਮੁੱਚੇ ਪੰਜਾਬ ਦਾ ਨਾਮ ਉੱਚਾ ਕੀਤਾ ਹੈ। ਉਹਨਾਂ ਦੱਸਿਆ ਕਿ ਸਿਦਕ ਸਿੰਘ ਦਾ ਜਨਮ ਧਾਰਮਿਕ ਰੁਚੀ ਵਾਲੇ ਦਾਦਾ ਸ. ਸਰਦਾਰ ਸਿੰਘ ਅਤੇ ਦਾਦੀ ਮਾਤਾ ਇੰਦਰਜੀਤ ਕੌਰ ਦੇ ਪਰਿਵਾਰ ਵਿਚ ਮਾਤਾ ਸਿਮਰਪ੍ਰੀਤ ਕੌਰ ਅਤੇ ਪਿਤਾ ਸਰਦਾਰ ਚਰਨਜੀਤ ਸਿੰਘ ਦੇ ਘਰ ਹੋਇਆ। ਚਾਚਾ ਤਜਿੰਦਰਜੀਤ ਸਿੰਘ ਸੇਠੂ ਦੇ ਪਿਆਰ ਸਦਕਾ ਇਹਨਾਂ ਆਪਣੀ ਮੁਢਲੀ ਪੜ੍ਹਾਈ ਕਾਨਵੈਂਟ ਸਕੂਲ ਅਤੇ ਸਵਾਮੀ ਸੰਤ ਦਾਸ ਸਕੂਲ ਫਗਵਾੜਾ ਅਤੇ ਉਚੇਰੀ ਸਿੱਖਿਆ ਸੋਸ਼ਲ ਸਾਇੰਸਿਸ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਜਿਸ ਤੋਂ ਬਾਅਦ ਯੂ.ਪੀ.ਐਸ.ਸੀ -2024 ਦੀ ਸਾਲਾਨਾ ਪ੍ਰੀਖਿਆ ‘ਚ 157 ਵਾਂ ਰੈਂਕ ਹਾਸਲ ਕੀਤਾ ਹੈ। ਉਹਨਾਂ ਦੱਸਿਆ ਕਿ ਸਿਵਲ ਸਰਵਿਸਿਜ ਦੀ ਪ੍ਰੀਖਿਆ ‘ਚ ਹਰੇਕ ਸਾਲ ਦੇਸ਼ ਭਰ ਦੇ ਲੱਖਾਂ ਵਿਦਿਆਰਥੀ ਹਿਸਾ ਲੈਂਦੇ ਹਨ ਪਰ ਪਾਸ ਕਰਨ ਵਾਲਿਆਂ ਦੀ ਗਿਣਤੀ ਸਿਰਫ ਸੈਂਕੜਿਆਂ ਤੱਕ ਸੀਮਤ ਹੁੰਦੀ ਹੈ। ਇਸ ਦੌਰਾਨ ਹੋਣਹਾਰ ਨੌਜਵਾਨ ਸਿਦਕ ਸਿੰਘ ਨੇ ਕਲੱਬ ਦਾ ਧੰਨਵਾਦ ਕਰਦਿਆਂ ਕਿਹਾ ਕਿ ਕੋਸ਼ਿਸ਼ ਕਰਨ ‘ਤੇ ਕਾਮਯਾਬੀ ਜ਼ਰੂਰ ਹਾਸਲ ਹੁੰਦੀ ਹੈ। ਸਾਨੂੰ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। ਉਸਨੇ ਆਪਣੀ ਕਾਮਯਾਬੀ ਦਾ ਸਿਹਰਾ ਆਪਣੇ ਪਰਿਵਾਰ, ਸਕੂਲਾਂ ਦੇ ਅਧਿਆਪਕਾਂ ਅਤੇ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਖ਼ਾਸ ਤੌਰ ‘ਤੇ ਆਪਣੇ ਪਿਤਾ ਨੂੰ ਦਿੱਤਾ। ਇਸ ਮੌਕੇ ਲਾਇਨ ਜਸਵੀਰ ਡੱਬ, ਕਲੱਬ ਸਕੱਤਰ ਲਾਇਨ ਦੇਵ ਕਾਲੀਆ, ਲਾਇਨ ਸਰਬਜੀਤ ਸਿੰਘ, ਲਾਇਨ ਹਰਜਿੰਦਰ ਸਿੰਘ ਵਿਰਕ, ਲਾਇਨ ਗੁਰਦੇਵ ਸਿੰਘ ਬਾਂਸਲ, ਲਾਇਨ ਗੁਲਬਹਾਰ ਬੱਤਾ, ਲਾਇਨ ਬਲੀ ਰਾਮ, ਲਾਇਨ ਸੰਦੀਪ ਕੁਮਾਰ, ਲਾਇਨ ਨਵੀਨ ਕੁਮਾਰ, ਲਾਇਨ ਅਰਵਿੰਦਰ ਵਿੱਕੀ, ਲਾਇਨ ਨਵਜੋਤ ਸਿੰਘ ਆਦਿ ਹਾਜਰ ਸਨ।

ਸਫਾ 5 ਦੇ ਲੇਖ ਦਾ ਬਾਕੀ ਭਾਗ

ਪੱਤਰਕਾਰਾਂ ਦੇ ਘਰਾਂ ਤੇ ਛਾਪੇ ਮਾਰੇ ਜੋ ਸਰਕਾਰ ਦੀਆਂ ਨੀਤੀਆਂ ਅਤੇ ਕੰਮਕਾਜ ਦੀ ਆਲੋਚਨਾ ਕਰਦੇ ਸਨ। ਸਰਕਾਰ ਦੁਆਰਾ ਕੁੱਝ ਵਿਦੇਸ਼ੀ ਪੱਤਰਕਾਰਾਂ ਨੂੰ ਮੰਤਰਾਲਿਆਂ ਦੀ ਆਲੋਚਨਾਤਮਕ ਰਿਪੋਰਟਾਂ ਦੀ ਵਿਆਖਿਆ ਕਰਨ ਲਈ ਤਲਬ ਕੀਤਾ ਗਿਆ ਹੈ। ਵੱਧ ਰਹੇ ਅਪਰਾਧ, ਸਰਕਾਰੀ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਲੋਕਾਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਵੇਖਦੇ ਹੋਏ ਮੀਡੀਆ ਦੀ ਭੂਮਿਕਾ ਹੋਰ ਵੀ ਵੱਧ ਸਿਆਣਪ ਅਤੇ ਤਨਦੇਹੀ ਨਾਲ ਕੰਮ ਕਰਨ ਦੀ ਹੈ। ਕੁੱਝ ਮੀਡੀਆ ਕਰਮੀਆਂ ਦੇ ਨਾਕਾਰਾਤਮਕ ਰਵਈਏ ਕਾਰਨ ਲੋਕਾਂ ਦਾ ਹੌਲੀ-ਹੌਲੀ ਮੀਡੀਆ ਤੋਂ ਵਿਸ਼ਵਾਸ਼ ਉਠਦਾ ਜਾ ਰਿਹਾ ਹੈ ਜੋ ਕਿ ਸਮਾਜ ਅਤੇ ਦੇਸ਼ ਲਈ ਇੱਕ ਖਤਰਨਾਕ ਸੰਕੇਤ ਹੈ। ਪ੍ਰੈਸ ਦੀ ਅਜ਼ਾਦੀ ਵਿੱਚ ਕਈ ਸਰਕਾਰਾਂ ਅਤੇ ਰਾਜਨੇਤਾਵਾਂ ਵੱਲੋਂ ਵੀ ਰੋੜ੍ਹੇ ਅਟਕਾਏ ਜਾ ਰਹੇ ਹਨ। ਮੀਡੀਆ ਵਿੱਚ ਕਈ ਸਰਕਾਰੀ ਵਿਭਾਗਾਂ ਦੇ ਕਰਮਚਾਰੀ ਪੱਤਰਕਾਰ ਵਜੋਂ ਕੰਮ ਕਰ ਰਹੇ ਹਨ ਅਤੇ ਅਜਿਹੇ ਪੱਤਰਕਾਰ ਨਿਰਪੱਖ ਹੋਕੇ ਕੰਮ ਨਹੀਂ ਕਰ ਪਾਂਦੇ ਹਨ। ਸਰਕਾਰੀ ਕਰਮਚਾਰੀ ਕੰਡਕਟ ਐਕਟ 1966 ਅਨੁਸਾਰ ਕੋਈ ਵੀ ਸਰਕਾਰੀ ਮੁਲਾਜ਼ਮ ਸਰਕਾਰ ਦੀ ਪੂਰਵ-ਪ੍ਰਵਾਨਗੀ ਤੋਂ ਬਿਨਾਂ ਅਖ਼ਬਾਰਾਂ ਲਈ ਆਰਟੀਕਲ ਨਹੀਂ ਲਿਖ ਸਕਦਾ ਅਤੇ ਆਪ ਜਾਂ ਕਿਸੇ ਹੋਰ ਨਾਮ ਤੇ ਅਖਬਾਰ ਦੇ ਪੱਤਰਕਾਰ ਦੇ ਤੌਰ ਤੇ ਕੰਮ ਨਹੀਂ ਕਰ ਸਕਦਾ ਅਤੇ ਇਹਨਾਂ ਹਦਾਇਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਉਸਦੇ ਖਿਲਾਫ ਪੰਜਾਬ ਸਿਵਲ ਸਰਵਿਸਜ਼ (ਡੰਡ ਅਤੇ ਅਪੀਲ) ਰੂਲਜ਼ 1970 ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ। ਅੱਜ ਮੀਡੀਆ ਦੀ ਅਜਾਦੀ ਖਤਰੇ ਵਿੱਚ ਹੈ ਕਿਉਂਕਿ ਹੁਣ ਬਹੁਤੇ ਮੀਡੀਆ ਤੇ ਰਾਜਨੀਤਿਕ ਨਿਯੰਤਰਣ ਹੈ। ਸਰਕਾਰੀ ਨੀਤੀਆਂ ਅਤੇ ਫੈਸਲਿਆਂ ਦੀ ਆਲੋਚਨਾ ਕਰਨ, ਲੇਖਾ-ਜੋਖਾ ਕਰਨ ਦੀ ਸ਼ਕਤੀ ਰੱਖਣ ਅਤੇ ਜਨਤਕ ਹਿੱਤਾਂ ਦੀ ਵਕਾਲਤ ਕਰਨ ਲਈ ਮੀਡੀਆ ਦੀਆਂ ਜ਼ਿੰਮੇਵਾਰੀਆਂ ਸਭ ਤੋਂ ਵੱਧ ਹਨ। ਨਿਗਰਾਨ ਵਜੋਂ ਮੀਡੀਆ ਦੀ ਭੂਮਿਕਾ ਚੁਣੌਤੀਆਂ ਤੋਂ ਬਿਨਾਂ ਨਹੀਂ ਹੈ। ਮੀਡੀਆ-ਸਰਕਾਰ ਸਬੰਧਾਂ ਦੀ ਗੁੰਝਲਦਾਰ ਅਤੇ ਬਹੁਪੱਖੀ ਪ੍ਰਕਿਰਤੀ ਨੂੰ ਰੇਖਾਂਕਿਤ ਕਰਦੇ ਹੋਏ ਰਾਸ਼ਟਰੀ ਹਿੱਤਾਂ ਦੇ ਨਾਲ ਮੀਡੀਆ ਦੀ ਅਜ਼ਾਦੀ ਨੂੰ ਸੰਤੁਲਿਤ ਕਰਨ ਵਾਲੇ ਆਚਾਰ ਸੰਹਿਤਾ ਸਥਾਪਤ ਕਰਨ ਦੇ ਯਤਨ ਅਕਸਰ ਘੱਟ ਗਏ ਹਨ। ਵਿਸ਼ਵ ਪ੍ਰੈੱਸ ਸੁਤੰਤਰਤਾ ਦਿਵਸ ਇੱਕ ਟਿਕਾਊ ਭਵਿੱਖ ਨੂੰ ਯਕੀਨੀ ਬਣਾਉਣ ਅਤੇ ਸੁਰੱਖਿਅਤ ਕਰਨ ਲਈ ਜਾਣਕਾਰੀ ਦੇ ਪ੍ਰੈੱਸ, ਪੱਤਰਕਾਰੀ, ਪਹੁੰਚ ਅਤੇ ਪ੍ਰਸਾਰ ਦੁਆਰਾ ਨਿਭਾਈ ਗਈ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਕਰੇਗਾ ਜੋ ਵਿਅਕਤੀਆਂ ਦੇ ਅਧਿਕਾਰਾਂ ਅਤੇ ਉਹਨਾਂ ਦੀਆਂ ਆਵਾਜ਼ਾਂ ਦੀ ਵਿਭਿੰਨਤਾ ਦੇ ਨਾਲ-ਨਾਲ ਲਿੰਗ ਸਮਾਨਤਾ ਦਾ ਸਨਮਾਨ ਕਰਦਾ ਹੈ। ਸਾਨੂੰ ਮਿਲਕੇ ਕੰਮ ਕਰਨ ਦੀ ਲੋੜ ਹੈ ਅਤੇ ਮੀਡੀਆ ਦੇ ਸ਼ਕਤੀਸ਼ਾਲੀ ਹਥਿਆਰਾਂ ਦੀ ਵਰਤੋਂ ਸਮਾਜ ਦੇ ਭਲੇ ਲਈ ਕਰਨ ਲਈ ਜ਼ਿੰਮੇਵਾਰ ਪੱਤਰਕਾਰੀ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਜੇਕਰ ਮੀਡੀਆ ਵੀ ਸਰਕਾਰ ਅਤੇ ਪ੍ਰਭਾਵਸ਼ਾਲੀ ਲੋਕਾਂ ਦੇ ਪ੍ਰਭਾਵ ਅਧੀਨ ਕੰਮ ਕਰੇਗਾ ਤਾਂ 03 ਮਈ ਦਾ ਦਿਹਾੜਾ ਜੋ ਕਿ ਵਿਸ਼ਵ ਪ੍ਰੈਸ ਅਜਾਦੀ ਦਿਵਸ ਵਜੋਂ ਮਨਾਇਆ ਜਾਂਦਾ ਹੈ ਦੇ ਕੋਈ ਅਰਥ ਨਹੀਂ ਰਹਿ ਜਾਣਗੇ ਅਤੇ ਇਸ ਸਬੰਧੀ ਹੋਣ ਵਾਲੇ ਸਮਾਗਮ ਸਿਰਫ ਖਾਨਾਪੂਰਤੀ ਹੋਣਗੇ।

# ਘਰ-ਘਰ ਸਰਵੇਖ਼ – ਵੈਕਟਰ ਜਨਿਤ ਬਿਮਾਰੀਆਂ ਦੀ ਰੋਕਥਾਮ ਲਈ ਜਾਗਰੂਕਤਾ ਮੁਹਿੰਮ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਮਈ INTERNATIONAL PAPER, 94636 01616 hardipchumber57@gmail.com



ਭਰਤਗੜ੍ਹ, 2 ਮਈ 2025: ਕਮਿਊਨਿਟੀ ਹੈਲਥ ਸੈਂਟਰ ਭਰਤਗੜ੍ਹ ਵੱਲੋਂ ਵੈਕਟਰ ਜਨਿਤ ਬਿਮਾਰੀਆਂ (ਡੇਂਗੂ, ਮਲੈਰੀਆ, ਚਿਕਨਗੁਨੀਆ ਆਦਿ) ਦੀ ਰੋਕਥਾਮ ਲਈ ਇੱਕ ਵਿਸ਼ੇਸ਼ ਘਰ-ਘਰ ਸਰਵੇਖ਼ ਮੁਹਿੰਮ ਚਲਾਈ ਗਈ। ਇਸ ਮੁਹਿੰਮ ਵਿੱਚ ਸਿਹਤ ਕਰਮਚਾਰੀ ਨਵੀਨ ਕੁਮਾਰ ਅਤੇ ਮੰਜੀਤ ਸਿੰਘ ਨੇ ਅਹਿਮ ਭੂਮਿਕਾ ਨਿਭਾਈ।

ਉਨ੍ਹਾਂ ਨੇ ਪਿੰਡਾਂ ਅਤੇ ਨਗਰ ਖੇਤਰਾਂ ਵਿੱਚ ਜਾ ਕੇ ਲੋਕਾਂ ਦੇ ਘਰਾਂ ਦੀ ਜਾਂਚ ਕੀਤੀ, ਮੱਛਰ ਪੈਦਾ ਹੋਣ ਵਾਲੀਆਂ ਥਾਵਾਂ ਦੀ ਪਛਾਣ ਕੀਤੀ, ਅਤੇ ਲੋਕਾਂ ਨੂੰ ਖੜ੍ਹੇ ਪਾਣੀ ਤੋਂ ਪੈਦਾ ਹੋਣ ਵਾਲੇ ਖਤਰੇ ਬਾਰੇ ਸਮਝਾਇਆ। ਲੋਕਾਂ ਨੂੰ ਡੇਂਗੂ ਅਤੇ ਹੋਰ ਵੈਕਟਰ ਜਨਿਤ ਰੋਗਾਂ ਦੇ ਲੱਛਣਾਂ, ਰੋਕਥਾਮ ਅਤੇ ਇਲਾਜ ਬਾਰੇ ਵੀ ਜਾਣੂ ਕਰਵਾਇਆ ਗਿਆ।

ਸੀਨੀਅਰ ਮੈਡੀਕਲ ਅਫ਼ਸਰ ਡਾ. ਆਨੰਦ ਘਈ ਨੇ ਦੱਸਿਆ ਕਿ ਅਜਿਹੀਆਂ ਜਾਗਰੂਕਤਾ ਮੁਹਿੰਮਾਂ ਦਾ ਮੁੱਖ ਉਦੇਸ਼ ਲੋਕਾਂ ਨੂੰ ਸਿਹਤ ਸੰਬੰਧੀ ਖਤਰੇ ਬਾਰੇ ਜਾਣਕਾਰੀ ਦੇਣਾ ਅਤੇ ਰੋਗਾਂ ਤੋਂ ਬਚਾਅ ਕਰਨਾ ਹੈ। ਉਨ੍ਹਾਂ ਨੇ ਨਵੀਨ ਕੁਮਾਰ ਅਤੇ ਮੰਜੀਤ ਸਿੰਘ ਵਲੋਂ ਕੀਤੇ ਗਏ ਯਤਨਾਂ ਦੀ ਵੀ ਸਾਰਾਹਨਾ ਕੀਤੀ।

ਕਮਿਊਨਿਟੀ ਹੈਲਥ ਸੈਂਟਰ ਭਰਤਗੜ੍ਹ ਵੱਲੋਂ ਸਾਰਿਆਂ ਨਾਗਰਿਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਅਜਿਹੀਆਂ ਮੁਹਿੰਮਾਂ ਵਿੱਚ ਸਹਿਯੋਗ ਕਰਣ ਅਤੇ ਸਾਫ਼-ਸੁਥਰਾ ਵਾਤਾਵਰਣ ਬਣਾਈ ਰੱਖਣ ਲਈ ਆਪਣੀ ਭੂਮਿਕਾ ਨਿਭਾਉਣ।

# ਤੰਬਾਕੂ ਉਪਭੋਗ ‘ਤੇ ਲਗਾਮ ਲਈ ਸਖਤ ਕਾਰਵਾਈ: ਕੋਟਪਾ ਐਕਟ ਤਹਿਤ ਜੁਰਮਾਨੇ ਲਗੇ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਮਈ INTERNATIONAL PAPER, 94636 01616 hardipchumber57@gmail.com



ਰੂਪਨਗਰ, ਅਕਬਰਪੁਰ, 2 ਮਈ 2025: ਅਯੁਸ਼ਮਾਨ ਅਰੋਗਿਆ ਕੇਂਦਰ ਅਕਬਰਪੁਰ ਦੇ ਅਧੀਨ ਆਉਂਦੇ ਖੇਤਰ ਵਿੱਚ ਸਿਹਤ ਵਿਭਾਗ ਵੱਲੋਂ ਤੰਬਾਕੂ ਉਪਭੋਗ ਦੇ ਵਿਰੁੱਧ ਸਖਤ ਕਾਰਵਾਈ ਕੀਤੀ ਗਈ। ਹੈਲਥ ਸੁਪਰਵਾਈਜ਼ਰ ਜਗਤਾਰ ਸਿੰਘ ਅਤੇ ਹੈਲਥ ਵਰਕਰ ਹਰਜੀਤ ਸਿੰਘ ਨੇ ਸਾਂਝੀ ਤੌਰ ‘ਤੇ ਕਈ ਸਰਵਜਨਿਕ ਥਾਵਾਂ ‘ਤੇ ਚੈਕਿੰਗ ਕਰਦਿਆਂ ਕੋਟਪਾ ਐਕਟ (2003) ਅਧੀਨ ਕਈ ਵਿਅਕਤੀਆਂ ਨੂੰ ਤੰਬਾਕੂ ਸੇਵਨ ਕਰਦੇ ਹੋਏ ਰੰਗੇ ਹੱਥੀਂ ਫੜਿਆ।

ਇਹਨਾਂ ਵਿਅਕਤੀਆਂ ‘ਤੇ ਕੋਟਪਾ ਐਕਟ ਦੀ ਧਾਰਾ 4 ਅਤੇ 6 ਅਨੁਸਾਰ ਤੁਰੰਤ ਜੁਰਮਾਨੇ ਲਗਾਏ ਗਏ। ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਇਹ ਵੀ ਚੇਤਾਵਨੀ ਦਿੱਤੀ ਗਈ ਕਿ ਤੰਬਾਕੂ ਦੀ ਵਰਤੋਂ ਨਾ ਸਿਰਫ਼ ਉਨ੍ਹਾਂ ਦੀ ਆਪਣੀ ਸਿਹਤ ਨੂੰ ਨੁਕਸਾਨ ਪਹੁੰਚਾਉਂਦੀ ਹੈ, ਸਗੋਂ ਆਸ-ਪਾਸ ਮੌਜੂਦ ਹੋਰ ਲੋਕਾਂ ਦੀ ਜ਼ਿੰਦਗੀ ਵੀ ਖ਼ਤਰੇ ਵਿੱਚ ਪਾ ਦਿੰਦੀ ਹੈ।

ਸੀਨੀਅਰ ਮੈਡੀਕਲ ਅਫਸਰ ਡਾ. ਆਨੰਦ ਘਈ ਨੇ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਤੰਬਾਕੂ ਦੀ ਲਤ ਦੇ ਕਾਰਨ ਹਰ ਸਾਲ ਹਜ਼ਾਰਾਂ ਲੋਕ ਆਪਣੀ ਕਿਮਤੀ ਜ਼ਿੰਦਗੀ ਗੁਆ ਬੈਠਦੇ ਹਨ। ਕੋਟਪਾ ਐਕਟ ਦੀ ਪਾਲਣਾ ਕਰਵਾਉਣ ਨਾਲ ਅਸੀਂ ਲੋਕਾਂ ਨੂੰ ਸੁਰੱਖਿਅਤ ਅਤੇ ਸਿਹਤਮੰਦ ਵਾਤਾਵਰਨ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ। ਅਸੀਂ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਜੇਕਰ ਕੋਈ ਵੀ ਸਰਵਜਨਿਕ ਥਾਂ ‘ਤੇ ਤੰਬਾਕੂ ਉਪਭੋਗ ਕਰਦਾ ਵੇਖੇ, ਤਾਂ ਤੁਰੰਤ ਸਿਹਤ ਵਿਭਾਗ ਜਾਂ ਨਜ਼ਦੀਕੀ ਅਥਾਰਟੀ ਨੂੰ ਸੂਚਿਤ ਕਰੇ।

ਸਿਹਤ ਵਿਭਾਗ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਅਤੇ ਹੋਰਾਂ ਦੇ ਭਲੇ ਲਈ ਤੰਬਾਕੂ ਉਤਪਾਦਾਂ ਤੋਂ ਦੂਰ ਰਹਿਣ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ। ਇਹ ਮੁਹਿੰਮ ਆਉਣ ਵਾਲੇ ਦਿਨਾਂ ਵਿੱਚ ਹੋਰ ਜ਼ੋਰ-ਸ਼ੋਰ ਨਾਲ ਚਲਾਈ ਜਾਵੇਗੀ ਤਾਂ ਜੋ ਅਕਬਰਪੁਰ ਖੇਤਰ ਨੂੰ ਤੰਬਾਕੂ ਮੁਕਤ ਬਣਾਇਆ ਜਾ ਸਕੇ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com

# ਬੱਚਿਓ! ਆਓ ਜਾਣੀਏ ਬਾਰ੍ਹਵੀਂ ਕਰਨ ਉਪਰੰਤ ਦੀਆਂ ਸੰਭਾਵਨਾਵਾਂ

ਬਲਦੀਸ਼ ਲਾਲ ਲੰਗੇਰੀ,
ਜ਼ਿਲ੍ਹਾ ਗਾਈਡੈਂਸ ਕਾਉਂਸਲਰ
ਸ਼ਹੀਦ ਭਗਤ ਸਿੰਘ ਨਗਰ
7508719811



## ਪਿਆਰੇ ਵਿਦਿਆਰਥੀਓ!

ਜਿਵੇਂ ਕਿ ਆਪ ਨੂੰ ਪਤਾ ਹੀ ਹੈ ਕਿ 10+2 ਦੀਆਂ ਸਲਾਨਾ ਪ੍ਰੀਖਿਆਵਾਂ ਹੋ ਚੁੱਕੀਆਂ ਹਨ, ਜਿਸਦੇ ਨਤੀਜੇ ਕੁਝ ਦਿਨਾਂ ਵਿੱਚ ਆਉਣੇ ਯਕੀਨੀ ਹਨ। ਬਹੁਤ ਸਾਰੇ ਵਿਦਿਆਰਥੀਆਂ ਨੂੰ ਅਗਵਾਈ ਦੀ ਘਾਟ ਹੋ ਸਕਦੀ ਹੈ ਕਿ ਪਲੱਸ ਟੂ ਤੋਂ ਬਾਅਦ ਉਨ੍ਹਾਂ ਨੇ ਕਿਹੜਾ ਵਿਸ਼ਾ ਚੁਣਨਾ ਹੈ। ਕਹਿਣ ਦਾ ਭਾਵ ਹੈ ਕਿ ਕਿਹੜੀ ਸਟਰੀਮ ਵਿੱਚ ਦਾਖਲਾ ਲੈਣਾ ਹੈ। ਅੱਜ ਤੋਂ 15-20 ਸਾਲ ਪਹਿਲਾਂ ਜਿਹੜੇ ਸਾਡੇ ਵੱਡੇ ਭੈਣ-ਭਰਾ ਹੁੰਦੇ ਸਨ, ਅਸੀਂ ਉਹਨਾਂ ਨੂੰ ਪੁੱਛ ਕੇ ਹੀ ਅਸੀਂ ਅਗਲੀਆਂ ਜਮਾਤਾਂ ਜਾਂ ਕੋਰਸਾਂ ਵਿੱਚ ਦਾਖਲਾ ਲੈਂਦੇ ਸੀ।ਪਰ ਹੁਣ ਜਿਵੇਂ-ਜਿਵੇਂ ਸਿੱਖਿਆ ਦਾ ਫੈਲਾਅ ਅਤੇ ਪੰਜਾਬੀ ਸਮਾਜ ਦੀ ਉਡਾਣ ਭਰੀ ਜਿੰਦਗੀ ਸ਼ੁਰੂ ਹੋਈ ਹੈ, ਇਸ ਨਾਲ ਉਹਨਾਂ ਦੀ ਸੋਚ ਵਿੱਚ ਬਹੁਤ ਵੱਡੇ ਪੱਧਰ 'ਤੇ ਚੰਗਾ ਜੀਵਨ ਬਤੀਤ ਕਰਨ ਦੀ ਇੱਛਾ ਪੈਦਾ ਹੋਈ ਹੈ। ਇਸ ਕਰਕੇ ਉਹ ਆਪਣੇ ਭਵਿੱਖ ਬਾਰੇ ਸੋਚਣ ਲੱਗ ਪਏ ਹਨ। ਪਰ ਫਿਰ ਵੀ ਅੱਜ-ਕੱਲ੍ਹ ਦੇ ਆਧੁਨਿਕ ਸਮਾਜ ਵਿੱਚ ਇੱਕ ਵਿਦਿਆਰਥੀ ਨੂੰ ਆਪਣਾ ਭਵਿੱਖ ਚੁਣਨ ਵਿੱਚ ਮੁਸ਼ਕਿਲ ਪੇਸ਼ ਆ ਰਹੀ ਹੈ।ਇਸ ਮੁਸ਼ਕਲ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਬਾਰ੍ਹਵੀਂ ਜਮਾਤ ਤੋਂ ਬਾਅਦ ਕਿਹੜੇ ਵਿਸ਼ੇ ਚੁਣਨੇ ਹਨ, ਉਹਨਾਂ ਬਾਰੇ ਸਲਾਹ ਹੈ।

## ਕਮਰਸ ਸਟਰੀਮ:

ਇਸ ਸਟਰੀਮ ਵਿੱਚ ਵਿਦਿਆਰਥੀ ਹੇਠ ਲਿਖੇ ਕੋਰਸ ਚੁਣ ਸਕਦਾ ਹੈ।

1. ਪ੍ਰੋਫੈਸ਼ਨਲ ਕੋਰਸ;ਇਹਨਾਂ ਕੋਰਸਾਂ ਵਿੱਚ ਸੀ.ਏ.,ਸੀ.ਐੱਸ,ਸੀ.ਐੱਸ.ਐੱਮ.ਏ, ਐੱਫ.ਸੀ.ਏ ਆਦਿ ਪ੍ਰਮੁੱਖ ਕੋਰਸ ਹਨ।
2. ਫਾਈਨਾਂਸ ਅਤੇ ਇਕਨਾਮਿਕ ਕੋਰਸ ਜਿਵੇਂ ਕਿ ਬੀ.ਕਾਮ,ਬੀ. ਕਾਮ. ਆਨਰਸ, ਬੀ.ਏ, ਬੀ.ਐੱਸ.ਸੀ ਇਕਨਾਮਿਕਸ, ਬੀ.ਐੱਸ.ਸੀ ਸਟੈਟਿਕਸ, ਬੀ.ਐੱਸ.ਸੀ ਐਕਚUਰੀਅਲ ਸਾਇੰਸ ਆਦਿ ਪ੍ਰਮੁੱਖ ਹਨ।
3. ਬਿਜਨਸ ਅਤੇ ਮੈਨੇਜਮੈਂਟ ਕੋਰਸ ਇਹਨਾਂ ਕੋਰਸਾਂ ਵਿੱਚ ਮੁੱਖ ਤੌਰ 'ਤੇ ਬੀ.ਬੀ.ਏ, ਬੀ.ਐੱਮ.ਐੱਸ,ਹੋਟਲ ਮੈਨੇਜਮੈਂਟ, ਬੀ.ਬੀ.ਏ, ਬਿਜਨਸ ਐਨਾਲਿਟਿਕਸ, ਬੀ.ਬੀ.ਏ ਮਾਰਕੀਟਿੰਗ, ਬੀ.ਬੀ.ਏ.ਐਚ.ਆਰ,ਬੀ.ਬੀ.ਏ. ਐਂਟਰਪਨਿਓਰਸ਼ਿਪ,ਬੀ.ਬੀ.ਏ. ਇੰਟਰਨੈਸ਼ਨਲ ਬਿਜਨਸ,
4. ਡਾਟਾ ਸਾਇੰਸ ਐਂਡ ਟੈਕਨੋਲੋਜੀ ਕੋਰਸ ਇਹਨਾਂ ਕੋਰਸਾਂ ਵਿੱਚ ਬੀ.ਐੱਸ.ਸੀ. ਡਾਟਾ ਸਾਇੰਸ ਆਦਿ ਪ੍ਰਮੁੱਖ ਹਨ।
5. ਕਾਨੂੰਨ ਅਤੇ ਕਾਨੂੰਨੀ ਪੜ੍ਹਾਈ ਇਸ ਵਿੱਚ ਬੀ.ਕਾਮ ਐੱਲ.ਐੱਲ.ਬੀ, ਬੀ.ਏ.ਐੱਲ.ਐੱਲ.ਬੀ. ਅਤੇ ਬੀ.ਏ.ਐੱਲ.ਐੱਲ.ਬੀ ਪ੍ਰਮੁੱਖ ਹਨ।

ਹੇਠ ਲਿਖੇ ਐਂਟਰੈਂਸ ਟੈਸਟ ਕਮਰਸ ਸਟਰੀਮ ਵਿੱਚ ਦਾਖਲੇ ਲਈ ਹੁੰਦੇ ਹਨ ਜਿਵੇਂ ਕਿ ਆਈ.ਪੀ, ਆਈ.ਪੀ ਮੈਟ, ਇਨਪੈਟ ਸੈੱਟ, ਸੀ.ਯੂ. ਈ.ਟੀ, ਡੀ.ਯੂ,ਜੇ.ਏ.ਟੀ.ਸੀ,ਐੱਲ.ਏ.ਟੀ,ਐੱਲ.ਐੱਸ.ਟੀ ਅਤੇ ਏ.ਆਈ.ਐੱਲ.ਈ.ਟੀ. ਆਦਿ ਪ੍ਰਮੁੱਖ ਹਨ ।

## ਹਿਊਮੈਨੀਟੀਜ਼ ਸਟਰੀਮ

ਇਸ ਸਟਰੀਮ ਵਿਚ ਬਾਰ੍ਹਵੀਂ ਜਮਾਤ ਤੋਂ ਬਾਅਦ ਕੀਤੇ ਜਾ ਸਕਣ ਵਾਲੇ ਕੋਰਸ:



1. ਕਾਨੂੰਨ ਅਤੇ ਕਾਨੂੰਨੀ ਪੜ੍ਹਾਈ ਇਸ ਨਾਲ ਸੰਬੰਧਿਤ ਬੀ.ਏ, ਐੱਲ.ਐੱਲ.ਬੀ, ਬੀ.ਬੀ.ਏ.ਐੱਲ.ਐੱਲ.ਬੀ .ਆਦਿ ਕੋਰਸ ਆਉਂਦੇ ਹਨ।
2. ਮੀਡੀਆ ਅਤੇ ਜਰਨਲਿਜ਼ਮ ਇਸ ਵਿੱਚ ਬੀ.ਜੇ. ਐੱਮ. ਸੀ. ਅਤੇ ਮਾਸ ਕਮਿਊਨੀਕੇਸ਼ਨ ਕੋਰਸ ਆਉਂਦੇ ਹਨ।
3. ਸਾਈਕੋਲੋਜੀ ਅਤੇ ਸੋਸ਼ਿਆਲੋਜੀ ਇਹਨਾਂ ਵਿਸ਼ਿਆਂ ਵਿੱਚ ਬੀ.ਏ, ਸਾਈਕੋਲੋਜੀ ਬੀ.ਏ. ਸੋਸ਼ਿਆਲੋਜੀ ਆਦਿ ਵਿਸ਼ੇ ਆਉਂਦੇ ਹਨ।
4. ਪੋਲੀਟੀਕਲ ਸਾਇੰਸ ਅਤੇ ਪਬਲਿਕ ਐਡਮਿਨਸਟਰੇਸ਼ਨ ਇਸ ਵਿੱਚ ਬੀ.ਏ ਪੋਲੀਟੀਕਲ ਸਾਇੰਸ ਅਤੇ ਬੀ.ਏ ਪਬਲਿਕ ਐਡਮਨਸਟਰੇਸ਼ਨ ਕੋਰਸ ਆਉਂਦੇ ਹਨ।
5. ਹਿਸਟਰੀ ਜਿਓਗ੍ਰwਫੀ ਅਤੇ ਐNਥਰੋਪੋਲੋਜੀ ਇਸ ਵਿੱਚ ਬੀ.ਏ ਹਿਸਟਰੀ ਕੋਰਸ ਆਉਂਦੇ ਹਨ।

## ਹੋਟਲ ਮੈਨੇਜਮੈਂਟ

ਇਸ ਵਿੱਚ ਬੀ.ਐੱਚ.ਐੱਮ, ਬੀ.ਟੀ.ਟੀ.ਐੱਮ.ਆਰ ਕੋਰਸ ਆਉਂਦੇ ਹਨ।

ਡਿਜਾਈਨ ਅਤੇ ਫਾਈਨ ਆਰਟਸ

ਇਸ ਵਿੱਚ ਬੀ.ਡਿਸ ਅਤੇ ਬੀ.ਐੱਫ.ਏ.ਆਰ ਕੋਰਸ ਆਉਂਦੇ ਹਨ।

## ਭਾਸ਼ਾਵਾਂ ਅਤੇ ਸਾਹਿਤ

ਇਸ ਵਿੱਚ ਬੀ.ਏ. ਇੰਗਲਿਸ਼, ਬੀ.ਏ. ਫਰੈਂਚ, ਬੀ.ਏ. ਸਪੈਨਿਸ਼ ਅਤੇ ਹੋਰ ਬਹੁਤ ਸਾਰੀਆਂ ਦੇਸੀ ਅਤੇ ਵਿਦੇਸ਼ੀ ਭਾਸ਼ਾਵਾਂ ਆਦਿ ਦੇ ਕੋਰਸ ਆਉਂਦੇ ਹਨ। ਇਹਨਾਂ ਕੋਰਸਾਂ ਵਿੱਚ ਦਾਖਲਾ ਲੈਣ ਵਾਸਤੇ ਸੀ.ਐੱਲ.ਏ.ਟੀ, ਏ.ਆਈ.ਐੱਲ.ਈ.ਟੀ,ਐੱਲ.ਐੱਸ.ਏ.ਟੀ, ਸੀ.ਯੂ.ਈ.ਟੀ, ਆਈ.ਟੀ. ਯੂ.ਸੀ.ਈ.ਟੀ.ਐੱਨ,ਆਈ.ਡੀ.ਐੱਫ.ਟੀ ਆਦਿ ਦਾਖਲਾ ਟੈਸਟ ਹੁੰਦੇ ਹਨ।

## ਨਾਨ ਮੈਡੀਕਲ ਸਟਰੀਮ

1. ਇੰਜੀਨੀਅਰਿੰਗ ਕੋਰਸ: ਬੀ.ਟੈੱਕ, ਮਕੈਨਿਕਲ ਕੰਪਿਊਟਰ ਸਾਇੰਸ, ਇਲੈੱਕਟਰੀਕਲ, ਇਲੈੱਕਟਰੋਨਿਕਸ, ਆਦਿ ਕੋਰਸ ਆਉਂਦੇ ਹਨ।
2. ਆਰਕੀਟੈਕਚਰ: ਵੀ.ਆਰਕੀਟੈਕਚਰ, ਬੀ.ਟੈੱਕ. ਆਰਕੀਟੈਕਚਰ
3. ਕੰਪਿਊਟਰ ਐਪਲੀਕੇਸ਼ਨ: ਇਸ ਵਿੱਚ ਬੀ.ਸੀ.ਏ, ਬੀ.ਸੀ.ਏ,ਬੀ.ਐੱਸ.ਸੀ. ਇਨ ਕੰਪਿਊਟਰ ਸਾਇੰਸ,ਆਈ.ਟੀ,ਐੱਮ.ਸੀ.ਏ,ਐੱਮ. ਐੱਸ.ਸੀ, ਆਈ ਟੀ,ਆਦਿ ਕੋਰਸ ਆਉਂਦੇ ਹਨ।
4. ਪਿਓਰ ਸਾਇੰਸ: ਇਸ ਵਿੱਚ ਬੀ.ਐੱਸ.ਸੀ ਫਿਜਿਕਸ,ਕੈਮਿਸਟਰੀ, ਮੈਥਮੈਟਿਕਸ ਅਤੇ ਆਨਰਸ ਕੋਰਸਿਸ ਆਉਂਦੇ ਹਨ।
5. ਡਿਜ਼ਾਇਨ: ਇਸ ਵਿੱਚ ਬੀ.ਡਿਸ, ਫੈਸ਼ਨ ਗਰਾਫਿਕ ਡਿਜਾਈਨ ਆਦਿ ਆਉਂਦੇ ਹਨ।
6. ਪਾਇਲਟ/ਕਮਰਸ਼ੀਅਲ ਪਾਇਲਟ ਏਵੀਏਸ਼ਨ : ਇਸ ਵਿੱਚ ਬੀ.ਬੀ.ਏ ਇਨ ਏਵੀਏਸ਼ਨ, ਏਅਰ ਹੋਸਟੈੱਸ ਅਤੇ ਗਰਾਉਂਡ ਸਟਾਫ ਟਰੇਨਿੰਗ ਕੋਰਸ ਆਉਂਦੇ ਹਨ।

ਇਹਨਾਂ ਕੋਰਸਾਂ ਵਾਸਤੇ ਮੁੱਖ ਤੌਰ ਤੇ ਜੇ.ਈ.ਮੇਨ, ਜੇ.ਈ.ਐਡਵਾਂਸ, ਨਾਟਾ ਜੇ.ਈ ਮੇਨ ,ਪੇਪਰ ਟੂ ਯੂਨੀਵਰਸਿਟੀ ਸਪੈਸੀਫਿਕ ਇਗਜ਼ਾਮ ਆਈ. ਆਈ.ਟੀ, ਜੈਮ ਡਿਊਟ,ਐੱਨ.ਆਈ,ਡੀ, ਐੱਨ.ਐੱਫ.ਟੀ, ਸੀ.ਡI.ਡੀ, ਸੀ.ਪੀ.ਐੱਲ, ਡੀ.ਜੀ.ਸੀ.ਏ ਆਦਿ ਦਾਖਲਾ ਟੈਸਟ ਹੁੰਦੇ ਹਨ।

## ਮੈਡੀਕਲ ਸਟਰੀਮ

1. ਇਸ ਵਿੱਚ ਮੁੱਖ ਤੌਰ 'ਤੇ ਮੈਡੀਕਲ ਐਂਡ ਹੈਲਥ ਕੇਅਰ ਕੋਰਸ ਜਿਵੇਂ ਕਿ ਐੱਮ.ਬੀ.ਬੀ.ਐੱਸ, ਬੀ.ਡੀ.ਐੱਸ, ਬੀ.ਏ.ਐੱਮ.ਐੱਸ, ਬੀ.ਏ.ਐੱਚ. ਐੱਮ.ਐੱਸ ਅਤੇ ਬੀ.ਵੀ.ਐੱਸ.ਸੀ ਕੋਰਸ ਆਉਂਦੇ ਹਨ।
2. ਪੈਰਾ ਮੈਡੀਕਲ ਕੋਰਸ: ਇਹਨਾਂ ਵਿੱਚ ਬੀ.ਪੀ.ਟੀ., ਬੀ.ਐੱਸ.ਸੀ. ਨਰਸਿੰਗ, ਬੀ. ਫਾਰਮਾ, ਡੀ.ਐੱਮ.ਐੱਲ.ਟੀ, ਬੀ.ਐੱਸ.ਸੀ. ਰੇਡੀਓਲੋਜੀ, ਇਮੇਜਿੰਗ ਟੈਕਨੋਲੋਜੀ ਅਤੇ ਬੀ.ਐੱਸ.ਸੀ ਟੈਕਨੋਲੋਜੀ।
3. ਬਾਇਓ ਟੈਕਨੋਲੋਜੀ ਐਂਡ ਬਾਇਓ ਮੈਡੀਕਲ ਸਾਇੰਸ: ਇਹਨਾਂ ਵਿੱਚ ਮੁੱਖ ਤੌਰ ਤੇ ਬੀ.ਟੈੱਕ, ਬਾਇਓ,ਟYਕਨੋਲੋਜੀ, ਬੀ.ਐੱਸ.ਸੀ ਬਾਓ ਟੈਕਨੋਲੋਜੀ, ਬੀ.ਐਸ.ਸੀ ਮਾਈਕਰੋਬਾਇਲੋਜੀ, ਬੀ.ਐਸ.ਸੀ ਜੈਂਟਿਕਸ, ਬੀ.ਐਸ.ਸੀ ਬਾਇਓ ਮੈਡੀਕਲ ਸਾਇੰਸ ਕੋਰਸ ਹਨ।
4. ਐਗਰੀਕਲਚਰ ਐਂਡ ਫੂਡ ਸਾਇੰਸ ਕੋਰਸ: ਇਹਨਾਂ ਵਿੱਚ ਬੀ.ਐਸ.ਸੀ ਐਗਰੀਕਲਚਰ, ਬੀ.ਟੈੱਕ ਫੂਟ ਟੈਕਨੋਲੋਜੀ, ਬੀ.ਐੱਸ.ਸੀ ਡੇਅਰੀ ਟੈਕਨੋਲੋਜੀ ਅਤੇ ਬੀ.ਐੱਸ.ਸੀ ਫਿਸ਼ਰੀ ਸਾਇੰਸ ਆਦਿ ਕੋਰਸ ਆਉਂਦੇ ਹਨ।
5. ਇਨਵਾਇਰਨਮੈਂਟਲ ਮੇਨ ਲਾਈਫ ਸਾਇੰਸ: ਇਹਨਾਂ ਵਿੱਚ ਬੀ.ਐੱਸ.ਸੀ ਇਨਵਾਇਰਮੈਂਟਲ ਸਾਇੰਸ, ਬੀ.ਐੱਸ.ਸੀ ਬਾਇਲੋਜੀ, ਬੀ.ਐਸ. ਸੀ ਜੋਲੋਜੀ ਅਤੇ ਬੀ.ਐਸ.ਸੀ ਬੋਟਨੀ ਆਦਿ ਕੋਰਸ ਆਉਂਦੇ ਹਨ।
6. ਸਾਈਕੋਲੋਜੀ ਐਂਡ ਨਿਊਰੋ ਸਾਇੰਸ: ਇਹਨਾਂ ਵਿੱਚ ਬੀ.ਐੱਸ.ਸੀ ਸਾਈਕੋਲੋਜੀ ਅਤੇ ਬੀ.ਐੱਸ.ਸੀ ਨਿਊਰੋ ਸਾਇੰਸ ਕੋਰਸ ਆਉਂਦੇ ਹਨ।
7. ਡਿਪਲੋਮਾ ਐਂਡ ਸਰਟੀਫਿਕੇਟ ਕੋਰਸ: ਇਹਨਾਂ ਵਿੱਚ ਡਿਪਲੋਮਾ ਇਨ ਫਿਜੀਓਥਰੇਪੀ, ਡਿਪਲੋਮਾ ਇਨ ਐਕਸਰੇ ਟੈਕਨੋਲੋਜੀ, ਡਿਪਲੋਮਾ ਇਨ ਰੇਡੀਓਗਰਾਫੀ ਅਤੇ ਸਰਟੀਫਿਕੇਟ ਡਿਪਲੋਮਾ ਇਨ ਨਿਊਟਰੀਸ਼ਨ ਆਦਿ ਕੋਰਸ ਆਉਂਦੇ ਹਨ।

ਇਹਨਾਂ ਕੋਰਸਾਂ ਵਾਸਤੇ ਦਾਖਲਾ ਟੈਸਟ ਹੁੰਦੇ ਹਨ, ਜਿਨਾਂ ਵਿੱਚ ਮੁੱਖ ਤੌਰ ਤੇ ਨੀਟ, ਜੀ.ਪੈਟ, ਆਈ.ਪੀ.ਯੂ.ਸੀ.ਈ.ਟੀ, ਜਿਪਮਰ, ਏਮਸ, ਸੀ.ਯੂ.ਈ.ਟੀ. ਆਦਿ ਪ੍ਰਮੁੱਖ ਦਾਖਲਾ ਟੈਸਟ ਪ੍ਰਮੁੱਖ ਹਨ।

# ਆਰਟਿਸਟ ਰਾਈਟਰਜ਼ ਵੈਲਫੇਅਰ ਐਸੋਸੀਏਸ਼ਨ ਦੀ ਫਗਵਾੜਾ 'ਚ ਹੋਈ ਪਲੇਠੀ ਮੀਟਿੰਗ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com





ਫਗਵਾੜਾ 2 ਮਈ (ਸ਼ਿਵ ਕੌੜਾ) ਆਰਟਿਸਟ ਰਾਈਟਰਜ਼ ਵੈਲਫੇਅਰ ਐਸੋਸੀਏਸ਼ਨ ਦੀ ਪਲੇਠੀ ਮੀਟਿੰਗ ਸੰਸਥਾਪਕ ਪ੍ਰਧਾਨ ਰੀਤ ਪ੍ਰੀਤ ਪਾਲ ਸਿੰਘ ਦੀ ਅਗਵਾਈ ਹੇਠ ਸਥਾਨਕ ਰੈਸਟ ਹਾਊਸ ਫਗਵਾੜਾ ਵਿਖੇ ਹੋਈ। ਜਿਸ ਵਿੱਚ ਬਤੌਰ ਮੁੱਖ ਮਹਿਮਾਨ ਚਮਨ ਲਾਲ ਰਿਟਾ. ਏ.ਆਰ.ਓ. ਬੀ.ਡੀ.ਪੀ.ਓ. ਫਗਵਾੜਾ ਅਤੇ ਵਿਸ਼ੇਸ਼ ਮਹਿਮਾਨ ਵਜੋਂ ਨਵਾਂਸ਼ਹਿਰ ਤੋਂ ਪਹੁੰਚੇ ਪ੍ਰੋਡਿਊਸਰ ਡਾਇਰੈਕਟਰ ਸੁਰਜੀਤ ਸਿੰਘ ਮਯੂਰ ਨੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਹਾਜਰੀਨ ਨੂੰ ਸੰਬੋਧਨ ਕਰਦਿਆਂ ਰੀਤ ਪ੍ਰੀਤ ਪਾਲ ਸਿੰਘ ਨੇ ਦੱਸਿਆ ਕਿ ਇਹ ਜੱਥੇਬੰਦੀ ਕਲਾਕਾਰਾਂ ਅਤੇ ਫਿਲਮੀ ਲੇਖਕਾਂ ਦੀ ਭਲਾਈ ਲਈ ਗਠਿਤ ਕੀਤੀ ਗਈ ਹੈ। ਜਿਸ ਦੀ ਰਜਿਸਟ੍ਰੇਸ਼ਨ ਵੀ ਕਰਵਾ ਲਈ ਗਈ ਹੈ। ਉਹਨਾਂ ਦੱਸਿਆ ਕਿ ਸੰਸਥਾਪਕ ਮੈਂਬਰਾਂ ਵਿਚ ਸਲਵਿੰਦਰ ਸਿੰਘ ਜੱਸੀ ਜਨਰਲ ਸਕੱਤਰ, ਬਲਵਿੰਦਰ ਸਿੰਘ ਪਲਾਹੀ ਸੀਨੀਅਰ ਮੀਤ ਪ੍ਰਧਾਨ, ਨੀਲਮ ਹਾਂਡਾ ਮੀਤ ਪ੍ਰਧਾਨ, ਮੱਖਣ ਰੱਤੂ ਕੈਸ਼ੀਅਰ, ਕਮਲਜੀਤ ਸਿੰਘ ਸਕੱਤਰ ਅਤੇ ਐਡਵੋਕੇਟ ਕੁਲਦੀਪ ਭੱਟੀ ਕਾਨੂੰਨੀ ਸਲਾਹਕਾਰ ਸ਼ਾਮਲ ਹਨ। ਮੀਟਿੰਗ ਦੌਰਾਨ ਸਰਬ ਸੰਮਤੀ ਨਾਲ ਸੁਰਜੀਤ ਸਿੰਘ ਮਯੂਰ ਨੂੰ ਜੱਥੇਬੰਦੀ ਦਾ ਸਰਪ੍ਰਸਤ ਐਲਾਨਿਆ ਗਿਆ। ਸੁਰਜੀਤ ਸਿੰਘ ਮਯੂਰ ਨੇ ਸਮੂਹ ਹਾਜਰ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਹਰ ਤਰ੍ਹਾਂ ਦੇ ਸੰਭਵ ਸਹਿਯੋਗ ਲਈ ਧੰਨਵਾਦ ਕੀਤਾ। ਮੀਟਿੰਗ ਦੌਰਾਨ ਆਰ.ਜੇ. ਫਿਲਮਜ਼ ਪ੍ਰੋਡਕਸ਼ਨ ਹਾਊਸ ਦੇ ਬੈਨਰ ਹੇਠ ਬਣੀ ਟੈਲੀ ਫਿਲਮ ਗੁਲਾਬ ਸਿੰਘ ਦਾ ਪੋਸਟਰ ਵੀ ਰਿਲੀਜ਼ ਕੀਤਾ ਗਿਆ। ਫਿਲਮ ਦੇ ਪ੍ਰੋਡਿਊਸਰ ਸਲਵਿੰਦਰ ਸਿੰਘ ਜੱਸੀ ਨੇ ਦੱਸਿਆ ਕਿ ਵੀਹ ਮਿਨਟ ਦੀ ਇਹ ਫਿਲਮ ਬੁਰਾਈ ਦਾ ਅੰਤ ਬੁਰਾ ਹੋਣ ਦਾ ਸੰਦੇਸ਼ ਦਿੰਦੀ ਹੈ। ਫਿਲਮ ਦਾ ਪਰੋਮੋ ਯੂ.ਟਯੂਬ 'ਤੇ ਦੇਖਿਆ ਜਾ ਸਕਦਾ ਹੈ ਅਤੇ ਜਲਦੀ ਹੀ ਫਿਲਮ ਵੀ ਰਿਲੀਜ਼ ਕੀਤੀ ਜਾਵੇਗੀ। ਉਹਨਾਂ ਦੱਸਿਆ ਕਿ ਮੁੱਖ ਕਿਰਦਾਰ ਗੁਲਾਬ ਸਿੰਘ ਦੀ ਭੂਮਿਕਾ ਰੀਤ ਪ੍ਰੀਤ ਪਾਲ ਸਿੰਘ ਅਤੇ ਬਬਿਤਾ ਬਾਂਸਲ ਵਲੋਂ ਨਿਭਾਈ ਗਈ ਹੈ। ਬਾਕੀ ਸਟਾਰ ਕਾਸਟ 'ਚ ਮਨਵੰਤ ਸਿੰਘ, ਸਤੀਸ਼ ਹਾਂਡਾ, ਹਰਬੰਸ ਲਾਲ ਵਿਰਕ, ਚੇਤ ਰਾਮ, ਰਜਨੀ, ਦੇਵ ਵਿਰਕ, ਹਰਦੀਪ ਸਿੰਘ ਰੱਤੂ, ਸ਼ਿਵ ਸ਼ਰਮਾ, ਸੱਤ ਪ੍ਰਕਾਸ਼ ਸੱਗੂ, ਵਿਜੇ ਸ਼ਰਮਾ, ਅਜੇ ਸ਼ਰਮਾ, ਰਸ਼ਪਾਲ ਸਿੰਘ ਸਿੱਧੂ, ਕਮਲ ਰਾਮਗੜ੍ਹੀਆ, ਗੁਰਦੀਪ ਸਿੰਘ, ਚਰਨਪ੍ਰੀਤ ਸਿੰਘ, ਸੁਮਿਤ੍ਰ ਸ਼ਾਮਲ ਹਨ। ਵੀਡੀਓ ਡਾਇਰੈਕਟਰ ਰਾਜੇਸ਼ ਅਧਿਆਏ ਜਦਕਿ ਫਿਲਮ ਦਾ ਨਿਰਦੇਸ਼ ਵੀ ਰੀਤ ਪ੍ਰੀਤ ਪਾਲ ਸਿੰਘ ਵਲੋਂ ਕੀਤਾ ਗਿਆ ਹੈ। ਇਸ ਮੌਕੇ ਫਿਲਮ ਦੇ ਪੋਸਟਰ ਡਿਜਾਇਨਰ ਵਿਜੇ ਸ਼ਰਮਾ ਵੀ ਹਾਜਰ ਸਨ

# ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਐਕਟੀਵਿਟੀ ਦੌਰਾਨ ਪਿੰਡ ਖਿੱਲਰੀਆ ਵਿਖੇ ਲੋਕਾਂ ਨੂੰ ਡੇਂਗੂ ਬੁਖਾਰ ਤੋਂ ਬਚਾਓ ਸਬੰਧੀ ਕੀਤਾ ਜਾਗਰੂਕ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com



ਲੌਂਗੋਵਾਲ,2 ਮਈ (ਜਗਸੀਰ ਸਿੰਘ)- ਪੰਜਾਬ ਸਰਕਾਰ ਵੱਲੋਂ "ਐਂਟੀ ਡੇਂਗੂ ਕੰਪੇਨ " ਤਹਿਤ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਐਕਟੀਵਿਟੀ ਦੌਰਾਨ ਅੱਜ ਸੈਕਟਰ ਬਡਰੁੱਖਾਂ ਅਧੀਨ ਪੈਂਦੇ ਪਿੰਡ ਖਿੱਲਰੀਆਂ ਵਿਖੇ ਸਿਵਲ ਸਰਜਨ ਸੰਗਰੂਰ ਡਾਕਟਰ ਸੰਜੇ ਕਾਮਰਾ ਮੈਡੀਕਲ ਅਫਸਰ ਡਾਕਟਰ ਮਨੀਤਾ ਬਾਂਸਲ ਬਲਾਕ ਲੌਂਗੋਵਾਲ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾਕਟਰ ਉਪਾਸਨਾ ਬਿੰਦਰਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਸਿਹਤ ਸੁਪਰਵਾਈਜਰ ਸੁਖਪਾਲ ਸਿੰਘ ਦੀ ਯੋਗ ਅਗਵਾਈ ਹੇਠ ਸਿਹਤ ਕਰਮਚਾਰੀ ਮਨਜੀਤ ਸਿੰਘ , ਹਰਜੀਤ ਸਿੰਘ ਪਿੰਡ ਖਿੱਲਰੀਆ ਵਿਖੇ ਸਕੂਲਾਂ ਵਿਚ ਬੱਚਿਆਂ ਅਤੇ ਘਰਾਂ ਵਿੱਚ ,ਸੱਥਾਂ ਵਿਚ ਅਤੇ ਪਿੰਡ ਦੀਆ ਸਾਂਝੀਆਂ ਥਾਵਾਂ ਤੇ ਇੱਕਠੇ ਹੋਏ ਲੋਕਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਡੇਂਗੂ ਇਕ ਵਾਇਰਲ ਬੁਖਾਰ ਹੈ ਜੋ ਕਿ ਏਡੀਜ਼ ਅਜਿਪਟੀ ਨਾ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ।ਇਸ ਬੁਖਾਰ ਦੇ ਮੁੱਖ ਲੱਛਣ ਤੇਜ ਸਿਰ ਦਰਦ ਅਤੇ ਬੁਖਾਰ,ਅੱਖਾ ਦੇ ਪਿਛਲੇ ਹਿੱਸੇ ਵਿੱਚ ਅਤੇ ਮਾਸ ਪੇਸ਼ੀਆਂ ਵਿਚ ਦਰਦ,ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣੀਆਂ ਅਤੇ ਜ਼ਿਆਦਾ ਹਾਲਤ ਖਰਾਬ ਹੋਣ ਤੇ ਨੱਕ, ਮੂੰਹ ਅਤੇ ਮਸੂੜਿਆਂ ਵਿੱਚੋਂ ਖੂਨ ਦਾ ਵਗਣਾ ਹੈ ।ਇਸ ਦੌਰਾਨ ਲੋਕਾਂ ਨੂੰ ਦੱਸਿਆ ਕਿ ਡੇਂਗੂ ਬੁਖਾਰ ਦੀ ਭਰਮਾਰ ਨੂੰ ਅਸਾਨੀ ਨਾਲ ਜਿੱਤਿਆ ਜਾ ਸਕਦਾ ਹੈ ਜੇਕਰ ਅਸੀਂ ਇਲਾਜ ਨਾਲੋਂ ਪ੍ਰਹੇਜ਼ ਦੀਆਂ ਸੇਵਾਵਾਂ ਤੇ ਪੂਰਾ ਧਿਆਨ ਦਈਏ ਅਤੇ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਵੀ ਜਾਗਰੂਕ ਕਰੀਏ ਕਿ ਡੇਂਗੂ ਫੈਲਾਉਣ ਵਾਲੇ ਮੱਛਰ ਖੜੇ ਅਤੇ ਸਾਫ ਪਾਣੀ ਵਿੱਚ ਪਲਦੇ ਹਨ ਜਿਵੇਂ ਕੂਲਰਾਂ ਵਿਚ, ਪਾਣੀ ਦੀਆਂ ਟੈਂਕੀਆਂ ਵਿਚ, ਗਮਲਿਆਂ ਵਿਚ, ਕਬਾੜ ਵਿਚ ਪਏ ਟੁੱਟੇ ਭੱਜੇ ਭਾਂਡਿਆਂ ਅਤੇ ਟਾਇਰਾ ਜਿਨਾਂ ਵਿੱਚ ਮੀਂਹ ਦਾ ਪਾਣੀ ਭਰ ਜਾਂਦਾ ਹੈ ਆਦਿ ਵਿੱਚ। ਇਸ ਲਈ ਆਪਣੇ ਘਰਾਂ ਦੇ ਆਲੇ ਦੁਆਲੇ ਪਾਣੀ ਇਕੱਠਾ ਨਾ ਹੋਣ ਦਿਓ।ਪਾਣੀ ਨਾਲ ਭਰੇ ਭਾਂਡਿਆਂ ਅਤੇ ਟੈਕੀਆ ਨੂੰ ਚੰਗੀ ਤਰ੍ਹਾਂ ਢੱਕ ਕੇ ਰੱਖੋ, ਹਫਤੇ ਵਿਚ ਇਕ ਵਾਰ ਕੂਲਰਾਂ ਦੇ ਪਾਣੀ ਅਤੇ ਫਰਿਜ ਦੇ ਪਿਛਲੇ ਹਿੱਸੇ ਵੇਸਟ ਪਾਣੀ ਵਾਲੀ ਟਰੇਅ ਨੂੰ ਚੰਗੀ ਤਰ੍ਹਾਂ ਸਾਫ਼ ਕਰੋ। ਡੇਂਗੂ ਫੈਲਾਉਣ ਵਾਲਾ ਮੱਛਰ ਦਿਨ ਸਮੇਂ ਕੱਟਦਾ ਹੈ ਇਸ ਲਈ ਪੂਰਾ ਸਰੀਰ ਢੱਕਣ ਵਾਲੇ ਕੱਪੜੇ ਪਾਉ ਤਾ ਜੋ ਮੱਛਰ ਨਾ ਕੱਟ ਸਕੇ। ਰਾਤ ਨੂੰ ਸੌਣ ਸਮੇਂ ਮੱਛਰ ਦਾਨੀ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕਰੋ।ਤੇਜ ਬੁਖਾਰ ਹੋਣ ਦੀ ਹਾਲਤ ਵਿੱਚ ਨੇੜੇ ਦੀ ਸਰਕਾਰੀ ਹਸਪਤਾਲ ਵਿੱਚੋ ਖੂਨ ਦੀ ਜਾਂਚ ਯਕੀਨੀ ਕਰਾਉ । ਡੇਂਗੂ ਬੁਖਾਰ ਹੋਣ ਦੀ ਹਾਲਤ ਵਿੱਚ ਪੂਰਾ ਅਰਾਮ ਕਰੋ ਜ਼ਿਆਦਾ ਮਾਤਰਾ ਵਿਚ ਤਰਲ ਪਦਾਰਥ ਲਵੋ ਅਤੇ ਸਿਰਫ ਪੈਰਾਸੀਟਾਮੋਲ ਹੀ ਲਵੋ ਅਤੇ ਜੇਕਰ ਫਿਰ ਵੀ ਬੁਖਾਰ ਨਹੀਂ ਠੀਕ ਹੋ ਰਿਹਾ ਤਾ ਨੇੜੇ ਦੀ ਸਰਕਾਰੀ ਸੰਸਥਾ (ਹਸਪਤਾਲ) ਵਿੱਚੋ ਇਸ ਦਾ ਇਲਾਜ ਕਰਵਾਉਣਾ ਚਾਹੀਦਾ ਹੈ। ਇਸ ਐਕਟੀਵਿਟੀ ਦੌਰਾਨ ਸਮੂਹ ਸਕੂਲ ਸਟਾਫ ਵੱਲੋਂ ਆਪਣਾ ਪੂਰਨ ਸਹਿਯੋਗ ਦਿੱਤਾ ਗਿਆ।

# ਰਿਜ਼ਰਵ ਕੋਟੇ ਦੀਆਂ ਅਸਾਮੀਆਂ ਚ ਕਟੌਤੀ ਕਰਕੇ ਦਲਿਤ ਵਰਗ ਦਾ ਨੁਕਸਾਨ ਕਰ ਰਹੀ ਹੈ ਸਰਕਾਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com





1ਮਈ 2025(ਬੇਅੰਤ ਸਿੰਘ ਰੋਹਟੀ ਖਾਸ) ਲੱਖਾ ਸਿੰਘ ਪੰਚਾਇਤ ਮੈਂਬਰ ਢੰਡੋਲੀ ਕਲਾ ਰਣ ਸਿੰਘ ਮਹਿਲਾ ਦਿੜ੍ਹਬਾ ਮੰਡੀ ਜ਼ਿਲਾ ਸੰਗਰੂਰ ਦੇ ਪਿੰਡ ਮਹਿਲਾ ਚੌਂਕ ਵਿੱਚ ਇੱਕ ਸਮਾਜਿਕ ਸਮਾਜਸੇਵੀ ਆਗੂਆਂ ਦੀ ਮੀਟਿੰਗ ਹੋਈ ਜੋ ਸੇਵਕ ਜ਼ਿਆਦਾ ਦਲਿਤ ਵਰਗ ਅਤੇ ਘੱਟ ਜ਼ ਵਾਲੇ ਕਿਸਾਨਾਂ ਦੀ ਅਵਾਜ਼ ਹਮੇਸ਼ਾ ਸਮੇਂ ਦੀਆਂ ਸਰਕਾਰਾਂ ਤੱਕ ਬਿਨਾਂ ਕਿਸੇ ਪੱਖ ਪਾਤ ਤੋਂ ਪਹੁੰਚਾਉਂਦੇ ਹਨ ਦੀ ਮੀਟਿੰਗ ਹੋਈ ਜਿਸ ਦੀ ਪ੍ਰਧਾਨਗੀ ਰਣ ਸਿੰਘ ਮਹਿਲਾ ਨੇ ਸਰਕਾਰ ਦੀ ਚੱਲ ਰਹੀ ਮਾੜੀ ਸੋਚ ਦੀ ਨਿਖੇਦੀ ਕੀਤੀ ਹੈ ਕਿਉਂਕਿ ਦਲਿਤ ਵਰਗ ਨਾਲ ਕੋਝਾ ਮਜ਼ਾਕ ਜ਼ ਰਾਖਵਾਂਕਰਨ ਵਿਚ ਕਟੌਤੀ ਕਰਕੇ ਸਰਕਾਰ ਦਲਿਤ ਵਰਗ ਮਾਰੂ ਨੀਤੀਆਂ ਤੋਂ ਘੱਟ ਨਹੀਂ ਹੈ ਕਿਉਂਕਿ ਇਹ ਸਰਕਾਰਾਂ ਵੋਟਾਂ ਵੇਲੇ ਦਲਿਤ ਵਰਗ ਨੂੰ ਤਰ੍ਹਾਂ ਤਰ੍ਹਾਂ ਦੇ ਫੋਕੇ ਵਾਅਦੇ ਕਰਦੇ ਹਨ ਉਹ ਸਿਰਫ ਵੋਟਾਂ ਲੈਣ ਕਰਕੇ ਹੀ ਹੁੰਦਾ ਹੈ ਜਿਵੇਂ ਵੋਟਾਂ ਵੇਲੇ ਕੇਜਰੀਵਾਲ ਨੇ ਉਪ ਮੁੱਖ ਮੰਤਰੀ ਦਾ ਝਾਸਾ ਦਿੱਤਾ ਸੀ ਪਰ ਪੰਜਾਬ ਸੁਬੇ ਚ ਸਰਕਾਰ ਬਣਨ ਤੋਂ ਬਾਅਦ ਜਨਤਾ ਦੱਸ ਨਹੀਂ ਸਕਦੀ ਕਿ ਡਿਪਟੀ ਮੁੱਖ ਮੰਤਰੀ ਕੀ ਹੁੰਦਾ ਹੈ ਜਿਸ ਕੇਜਰੀਵਾਲ ਦਾਝੂਠ ਖਮਿਆਜ਼ਾ ਦਿਲੀ ਦੀ ਹਾਰ ਸਾਹਮਣੇ ਹੈ ਸਰਕਾਰ ਹੁਣ ਫੇਰ ਦਲਿਤ ਮਾਰੂ ਨੀਤੀਆਂ ਤੇ ਤੁਲੀ ਹੋਈ ਹੈ ਸਰਕਾਰੀ ਪੋਸਟਾਂ ਤੋਂ ਰਾਖਵਾਂਕਰਨ ਖ਼ਤਮ ਕੀਤਾ ਜਾ ਰਿਹਾ ਇਥੇ ਪਤਾ ਲਗਦਾ ਹੈ ਕਿ ਸਰਕਾਰ ਦਲਿਤ ਵਰਗਾਂ ਨਾਲ ਕੀ ਵਰਤਾਰਾ ਕਰਰਹੀ ਹੈ ਭਾਵੇਂ ਸਰਕਾਰੀ ਦਫਤਰਾਂ ਵਿਚ ਬਾਵਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੀ ਅਤੇ ਭਗਤ ਸਿੰਘ ਦੀ ਆ ਫੋਟੋਆਂ ਜਰੂਰ ਲਾ ਰਖੀਆਂ ਹਨ ਪਰ ਉਹ ਫੋਟੈਆ ਸਿਰਫ ਖਾਨਾ ਪੂਰਤੀ ਲਈ ਵਰਤੀਆਂ ਜਾਂਦੀਆਂ ਹਨ ਅਤੇ ਲੋਕ ਦਿਖਾਵੇ ਲਈ ਹਨ ਦੇਖਣ ਚ ਇੱਝ ਲਗਦਾ ਕਿ ਜਿਵੇਂ ਦਲਿਤਾਂ ਨਾਲ ਸਰਕਾਰ ਮਜ਼ਾਕ ਕਰਦੀ ਹੈ ਕਿਉਂਕਿ ਸੋਚ ਅੰਬੇਡਕਰ ਸਾਹਿਬ ਵਾਲੀ ਜਿਥੋਂ ਸਾਫ ਪਤਾ ਚਲਦਾ ਮੂੰਹੋਂ ਰਾਮ ਰਾਮ ਬਗਲ ਤੇ ਸ਼ੁਰੀਆ ਸੋ ਸਰਕਾਰ ਨੂੰ ਚਾਹੀਦਾ ਹੈ ਕਿ ਕੱਲੀਆ ਫੋਟੋਆਂ ਦੇ ਵਿਖਾਵੇ ਨਾਲ ਨਾ ਸਾਰਨ ਦਲਿਤ ਵਰਗ ਲਈ ਅੰਬੇਡਕਰ ਸਾਹਿਬ ਕੀ ਸੰਦੇਸ਼ ਦਿੰਦੇ ਸਰਕਾਰ ਧਿਆਨ ਕਰੇਂ ਅਤੇ ਰਾਖਵੇਂਕਰਨ ਨੂੰ ਘਟਾਉਣ ਦੀ ਥਾਂ ਵਧਾਉਣ ਦੀ ਸੋਚ ਰਖੇ ਸਰਕਾਰ ਕਿਉਂਕਿ ਦਲਿਤ ਵਰਗ ਨੇ ਤੁਹਾਡੇ ਬੋਲੇ ਝੂਠ ਤੇ ਵਿਸ਼ਵਾਸ ਕੀਤਾ ਹੈ ਕਿਉਂਕਿ ਕਿਸੇ ਤੇ ਵਿਸ਼ਵਾਸ ਕਰਨਾ ਮਾੜਾ ਨਹੀਂ ਪਰ ਕੀਤੇ ਵਿਸ਼ਵਾਸ ਤੇ ਵਿਸ਼ਵਾਸਘਾਤ ਕਰਨਾ ਬਹੁਤ ਮਾੜਾ ਹੈ ਇਹ ਵਿਸ਼ਵਾਸਘਾਤ ਉਹਨਾਂ ਪੰਜਾਬ ਦੇ ਰਾਖਵੇਂ ਕੋਟੇ ਚ ਆਉਂਦੇ ਬੇਰੁਜ਼ਗਾਰਾ ਨਾਲ ਜੋ ਪੰਜਾਬ ਸਰਕਾਰ ਰਵੀਆਂ ਕਰ ਰਹੀ ਹੈ ਉਹ ਜਾਨ ਲੇਵਾ ਹਮਲੇ ਤੋਂ ਘੱਟ ਨਹੀਂ ਹੈ ਕਿਉਂਕਿ ਪੰਜਾਬ ਸਰਕਾਰ ਨੇ ਭਰਤੀ ਕੀਤੀਆਂ ਅਸਾਮੀਆਂ ਚ ਰਾਖਵੇਂਕਰਨ ਕੋਟੇ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਜਿਵੇਂ ਕਿ ਸਰਕਾਰ ਨੇ ਡਾਇਰੈਕਟੋਰੇਟ ਆਫ ਸੋਸ਼ਲ ਸਕਿਉਰੀਟੀ ਐਂਡ ਵੋਮੈਨ ਚਾਈਲਡ ਡਿਵੈਲਪਮੈਂਟ ਪੰਜਾਬ ਮਹਿਕਮੇ ਵਿੱਚ ਪ੍ਰੋਗ੍ਰਾਮ ਮਨੇਜਰ ਪ੍ਰੋਗਰਾਮ ਅਫ਼ਸਰ ਹੈਲਪਟਾਈਮ ਐਡਮਿਨਸਟ੍ਰੇਟਰ ਆਈ ਹੈ ਆਈ ਸੰਗਰੂਰ ਜ਼ਿਲਾ ਚਾਈਡ ਪ੍ਰੋਟੈਕਸ਼ਨ ਅਫ਼ਸਰ ਕੋਸਲਰ ਮੈਨੇਜਰ ਕੋਆਰਡੀਨੇਟਰ ਕੌਂਸਲ ਵਰਕਰ ਕਮ ਅਰਥੀ ਚਾਈਡਹੁਡ ਐਜੁਕੇਸਨ ਫਥੇਲਿਸਟ ਦੀਆਂ 88 ਅਸਾਮੀਆਂ ਭਰੀਆਂ ਗਈਆਂ ਸਨ ਜਿਨ੍ਹਾਂ ਅਸਾਮੀਆਂ ਚ ਰਾਖਵੇਂਕਰਨ ਕੋਟਾ ਖਤਮ ਕਰਕੇ ਪੰਜਾਬ ਸਰਕਾਰ ਨੇ ਸਵਿਧਾਨ ਚ ਲਿਖੇ ਕਾਨੂੰਨ ਦੀ ਉਲੰਘਣਾ ਕਰਕੇ ਰਾਖਵੇਂ ਕੋਟੇ ਦੇ ਬੇਰੁਜ਼ਗਾਰਾ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ ਸਰਕਾਰੀ ਦਫਤਰਾਂ ਵਿੱਚ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੀਆਂ ਫੋਟੋਆਂ ਲਗਾਉਣ ਵਾਲੀ ਸਰਕਾਰ ਅੱਜ ਸਵਿਧਾਨ ਦੀ ਉਲੰਘਣਾ ਕਰਕੇ ਕਾਨੂੰਨ ਦੀਆਂ ਧੱਜੀਆਂ ਉਡਾ ਰਹੀ ਹੈ ਆਮ ਆਦਮੀ ਦੀ ਸਰਕਾਰ ਚ ਸਤਾ ਚ ਆਉਣ ਲਈ ਦਲਿਤ ਵਰਗ ਰਾਖਵੇਂਕਰਨ ਵਰਗਾਂ ਦਾ ਕਾਫੀ ਸਹਿਯੋਗ ਰਿਹਾ ਹੈ ਪਰ ਸਰਕਾਰ ਪਛੜੇ ਵਰਗਾਂ ਨਾਲ ਅਤੇ ਅੰਗਹੀਣ ਰਾਖਵਾਕੋਟ ਦਲਿਤ ਰਾਖਵੇਂ ਵਰਗਾਂ ਧੱਕਾ ਕੀਤਾ ਜਾ ਰਿਹਾ ਹੈ ਕਿਉਂਕਿ ਰਾਖਵੇਂ ਕੋਟੇ ਵੱਲ ਸਰਕਾਰ ਇਸ ਤਰਾਂ ਘੁੰਡ ਕੱਡ ਵੇਖ ਰਹੀ ਹੈ ਜਿਵੇਂ ਜੇਠ ਤੋਂ ਭਰਜਾਈ ਨੇ ਘੁੰਡ ਕੱਡ ਰਖੇਆ ਹੋਵੇ ਲੱਖਾ ਸਿੰਘ ਮੈਂਬਰ ਪੰਚਾਇਤ ਢੰਡੋਲੀ ਕਲਾ ਨੇ ਅੱਗੇ ਦੱਸਿਆ ਕਿ ਪੰਜਾਬ ਸੁਬੇਗ ਵਿੱਚ ਆਮ ਆਦਮੀ ਕਲੀਨਿਕ ਵਿੱਚ ਵੀ ਰਾਖਵਾਂ ਕਰਨ ਦੂਰ ਕੀਤਾ ਗਿਆ ਇਹ ਕਲੀਨਿਕਾ ਦਾ ਪਤਾ ਨਹੀਂ ਚਲਦਾ ਕਿ ਇਹ ਸਕੀਮ ਕੇਂਦਰ ਸਰਕਾਰ ਵੱਲੋਂ ਲਾਗੁ ਹੈ ਜਾਂ ਪੰਜਾਬ ਸਰਕਾਰ ਦੀ ਜਦੋਂ ਕਿ ਫਰੀਦਕੋਟ ਜ਼ਿਲ੍ਹੇ ਵਿੱਚ ਆਮ ਆਦਮੀ ਪਾਰਟੀ ਦੀਆਂ ਫੋਟੋਆਂ ਤੇ ਤਸਵੀਰਾਂ ਕੇਂਦਰ ਸਰਕਾਰ ਨੇ ਉਤਰਾ ਦਿੱਤੀਆਂ ਸਨ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਰਣ ਸਿੰਘ ਮਹਿਲਾ ਤੇ ਮੈਂਬਰ ਪੰਚਾਇਤ ਲੱਖਾ ਸਿੰਘ ਢੰਡੋਲੀ ਕਲਾ ਨੇ ਅੱਗੇ ਦੱਸਿਆ ਕਿ ਇਹਨਾਂ ਕਲੀਨਿਕਾ ਚ ਵੀ ਰਾਖਵੇਂਕਰਨ ਨੂੰ ਖਤਮ ਕੀਤਾ ਹੋਏਆ ਹੈ ਅਤੇ ਉਹਨਾ ਪੰਜਾਬ ਰਾਜਪਾਲ ਪੰਜਾਬ ਪਾਸੋਂ ਮੰਗ ਕੀਤੀ ਹੈ ਕਿ ਇਹਨਾਂ ਅਸਾਮੀਆਂ ਚ ਰਾਖਵੇਂਕਰਨ ਜਲਦੀ ਲਾਗੂ ਕਰਕੇ ਰਾਖਵੇਂਕਰਨ ਬੇਰੁਜ਼ਗਾਰਾ ਨੂੰ ਇਨਸਾਫ ਮਿਲ ਸਕੇ ਕਿਉਂਕਿ ਉਹ ਵੀ ਪੰਜਾਬ ਸੁਥੇ ਦੇ ਨਾਗਰਿਕ ਹਨ

# ਸ਼ਿਕਾਗੋ ਦੇ ਸ਼ਹੀਦ ਹਮੇਸ਼ਾ ਲਈ ਮਜਦੂਰਾਂ ਵਾਸਤੇ ਅਮਰ ਰਹਿਣਗੇ- ਤੇਜਿੰਦਰ ਤੇਜੀ-

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com

ਨਾਭਾ 02 ਮਈ (ਬਾਂਗਾਂ/ਬੇਅੰਤ ਸਿੰਘ ਰੋਹਟੀ ਖਾਸ) ਹਿੰਦੁਸਤਾਨ ਯੂਨੀਲੀਵਰ ਲਿਮਟਿਡ ਨਾਭਾ ਮਿਲਕਫੂਡ ਫੈਕਟਰੀ ਵਰਕਰ ਯੂਨੀਅਨ ਰਜਿ. ਵਲੋਂ ਫੈਕਟਰੀ ਦੇ ਮੇਨ ਗੇਟ ਤੇ ਸ਼ਿਕਾਗੋ ਦੇ ਸ਼ਹੀਦਾਂ ਦੀ ਯਾਦ ਵਿੱਚ ਚਿੱਟੇ ਅਤੇ ਲਾਲ ਰੰਗ ਦਾ ਝੰਡਾ ਚੜ੍ਹਾਕੇ ਸ਼ਰਧਾਂਜਲੀ ਭੇਂਟ ਕੀਤੀ। ਇਸ ਮੌਕੇ ਬੋਲਦਿਆਂ ਯੂਨੀਅਨ ਦੇ ਪ੍ਰਧਾਨ ਤੇਜਿੰਦਰ ਸਿੰਘ ਤੇਜੀ ਨੇ ਕਿਹਾ ਅੱਜ ਅਸੀਂ ਅਮਰੀਕਾ ਦੇ ਸ਼ਿਕਾਗੋ ਸ਼ਹਿਰ ਵਿੱਚ ਮਜਦੂਰਾਂ ਦੇ ਖੂਨੀ ਸ਼ੰਘਰਸ਼ ਵਿੱਚ ਸ਼ਹੀਦੀਆ ਪਾਉਣ ਵਾਲੇ ਮਜਦੂਰਾਂ ਦਾ 126 ਵਾਂ ਮਜਦੂਰ ਦਿਹਾੜਾ ਮਨਾ ਰਹੇ ਹਾਂ। ਇੱਕ ਮਈ 1886 ਨੂੰ ਸ਼ੁਰੂ ਹੋਏ ਮਜਦੂਰ ਸੰਘਰਸ਼ ਦੇ ਵਿੱਚ ਸਾਡੇ ਆਗੂਆ ਅਲਬਰਟ ਪਰਸਨਜ਼, ਆਗਸਤ ਸਪਾਈਸ, ਸੈਮੂਆਅਲ ਫੀਲਡਜ, ਅਲੈਂਫ਼ਡ ਫੀਸ਼ਰ, ਜਾਰਜ ਐਂਗਲ, ਮਾਈਕਲ ਸਾਅਬ ਅਤੇ ਲੂਈ ਕਿੰਗ ਨੂੰ ਫਾਂਸੀ ਦੀ ਸਜਾ ਸੁਣਾਈ ਗਈ ਅਤੇ 8 ਵੇਂ ਆਗੂ ਆਸਕਰ ਜੀਵ ਨੂੰ 15 ਸਾਲ ਕੈਦ ਵਿੱਚ ਰੱਖਣ ਤੋਂ ਬਾਅਦ 11 ਅਗਸਤ 1887 ਨੂੰ ਫਾਂਸੀ ਦੇ ਤਖਤੇ ਤੇ ਚੜ੍ਹਾਇਆ ਗਿਆ। ਇਸ ਤਰ੍ਹਾਂ ਤਿੰਨ ਸਾਲ ਲਗਾਤਾਰ ਮਜਦੂਰਾਂ ਦਾ ਸੰਘਰਸ਼ ਆਪਣੀਆ ਜਾਇਜ ਮੰਗਾ ਲਈ ਚੱਲਿਆ ਜਿਨ੍ਹਾਂ ਵਿੱਚ ਅੱਠ ਘੰਟੇ ਡਿਊਟੀ ਤੇ ਤਨਖਾਹ ਸਕੇਲ ਮੈਡੀਕਲ ਸਹੂਲਤਾਂ ਆਦਿ ਮੰਗੀਆ ਗਈਆ। ਪੂਰੀ ਦੁਨੀਆ ਵਿੱਚ ਮਜਦੂਰਾਂ ਦੇ ਸੰਘਰਸ਼ ਨੇ ਵੱਡੇ ਵੱਡੇ ਸਾਮਰਾਜੀ ਕੰਪਨੀਆ ਦੇ ਮਾਲਕਾ ਵੱਡੇ ਵਪਾਰੀ, ਠੇਕੇਦਾਰਾ, ਸਰਕਾਰਾਂ ਨੂੰ ਆਖਰ ਮਜਦੂਰਾਂ ਦੇ ਸੰਘਰਸ਼ ਅੱਗੇ ਝੁਕਣਾ ਪਿਆ ਅੱਜ ਅਸੀਂ ਉਹਨਾਂ ਦੀਆਂ ਦਿੱਤੀਆ ਕੁਰਬਾਨੀਆਂ ਦੇ ਸਦਕਾ ਆਪਣੇ ਹੱਕ ਲੈਣ ਵਿੱਚ ਕਾਮਯਾਬ ਹੋਏ ਹਾਂ ਲੇਕਿਨ ਮੌਜੂਦਾ ਸਰਕਾਰਾਂ ਵੀ ਮਜਦੂਰਾਂ ਦੇ ਖਿਲਾਫ ਕਿਰਤ ਕਾਨੂੰਨਾ ਵਿੱਚ ਸੋਧ ਕਰਕੇ ਮਜਦੂਰ ਮਾਰੂ ਨੀਤੀਆਂ ਅਪਣਾ ਕੇ ਉਦਯੋਗਪਤੀਆ ਦੀਆਂ ਕੰਪਨੀਆ ਦੇ ਹੱਕ ਵਿੱਚ ਕਾਨੂੰਨ ਬਣਾ ਰਹੀਆ ਹਨ। ਸਾਥੀਓ ਅੱਜ ਸਾਨੂੰ ਲੋੜ ਹੈ ਆਪਣੇ ਹੱਕਾ ਦੀ ਰਾਖੀ ਕਰਨ ਦੀ ਸਾਨੂੰ ਹਮੇਸ਼ਾ ਆਪਣੀ ਏਕਤਾ ਬਣਾਈ ਰੱਖਣੀ ਪਵੇਗੀ ਏਕਤਾ ਦੇ ਬਲ ਨਾਲ ਅਸੀਂ ਆਪਣੇ ਹੱਕ ਲੈ ਸਕਦੇ ਹਾਂ। ਇਸ ਮੌਕੇ ਸੰਜੇ ਸਾਹੀ, ਪਰਮਿੰਦਰ ਸਿੰਘ, ਮਨਦੀਪ ਸਿੰਘ, ਸ਼ਮਸ਼ੇਰ ਸਿੰਘ, ਰਣਧੀਰ ਸਿੰਘ ਖੰਗੂੜਾ ਨੇ ਆਪਣੇ ਵਿਚਾਰ ਰੱਖੇ। ਯੂਨੀਅਨ ਦੇ ਨੁਮਾਇੰਦੇ ਮਨਪ੍ਰੀਤ ਸਿੰਘ ਧਾਰੋਂਕੀ, ਬਿੱਕਰ ਸਿੰਘ, ਹਰਪਾਲ ਸਿੰਘ ਪਾਲੀ, ਤੇਜਿੰਦਰ ਸਿੰਘ ਲਾਡੀ ਤੋਂ ਇਲਾਵਾ ਬਹਾਦਰ ਸਿੰਘ ਖੱਟੜਾ, ਉਧਮ ਸਿੰਘ ਭੱਪਾ, ਗੋਪਾਲ ਕ੍ਰਿਸ਼ਨ ਚੋਪੜਾ, ਪ੍ਰੇਮ ਕੁਮਾਰ, ਕੁਲਵਿੰਦਰ ਸਿੰਘ, ਚਰਨਜੀਤ ਸਿੰਘ ਫੋਜੀ, ਮਲਕੀਤ ਸਿੰਘ, ਬਲਦੇਵ ਸਿੰਘ, ਮੁਕੇਸ਼ ਜੋਸ਼ੀ, ਪਾਲਾ ਸਿੰਘ, ਡੀ.ਸੀ ਸਿੰਘ, ਤੇਜਪਾਲ ਸਿੰਘ, ਹਰਦੀਪ ਸਿੰਘ, ਸਤਨਾਮ ਸਿੰਘ, ਮਲਕੀਤ ਸਿੰਘ, ਜਸਪਾਲ ਸਿੰਘ, ਸੁਖਵਿੰਦਰ ਸਿੰਘ, ਰਣਜੀਤ ਕੁਮਾਰ, ਬਘੇਲ ਸਿੰਘ, ਅਸ਼ੋਕ ਕੁਮਾਰ, ਬੱਚਿਤਰ ਸਿੰਘ, ਬਲਵਿੰਦਰ ਕਕਰਾਲਾ ਆਦਿ ਭਾਰੀ ਗਿਣਤੀ ਵਿੱਚ ਵਰਕਰ ਮੌਜੂਦ ਸਨ।





1. ਵਰਕਰ ਯੂਨੀਅਨ ਦੇ ਪ੍ਰਧਾਨ ਤੇਜਿੰਦਰ ਸਿੰਘ ਤੇਜੀ ਵਕਰਕਾ ਨੂੰ ਸੰਬੋਧਨ ਕਰਦੇ ਹੋਏ
2. ਵਰਕਰਾ ਦੇ ਵਿਸ਼ਾਲ ਇੱਕਠ ਦਾ ਦ੍ਰਿਸ਼

# ਪੰਜਾਬ ਸਰਕਾਰ ਕੱਚੇ ਕਾਮਿਆਂ ਨੂੰ ਪੱਕੇ ਦੀ ਪਾਲਿਸੀ ਤੁਰੰਤ ਜਾਰੀ ਕਰੇ ਤਰਸੇਮ ਸਿੰਘ ਰੋਹਟੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com



1 ਮਈ 2025( ਬੇਅੰਤ ਸਿੰਘ ਰੋਹਟੀ ਖਾਸ) ਅੱਜ ਮਜ਼ਦੂਰ ਦਿਵਸ ਦੇ ਮੌਕੇ ਤੇ ਪੀ ਆਰ ਟੀ ਸੀ ਮੋਟਰ ਮਜ਼ਦੂਰ ਯੂਨੀਅਨ ਸੀਟੂ ਵੱਲੋਂ ਯੂਨੀਅਨ ਦੇ ਮੁੱਖ ਦਾ ਉੱਤਰ ਸਰਹੰਦੀ ਗੇਟ ਪਟਿਆਲਾ ਡਿਪੂ ਤੇ ਮੁੱਖ ਦਫਤਰ ਨਾਭਾ ਰੋਡ ਵਿਖੇ ਯੂਨੀਅਨ ਪ੍ਰਧਾਨ ਤਰਸੇਮ ਸਿੰਘ ਰੋਹਟੀ ਦੀ ਪ੍ਰਧਾਨਗੀ ਹੇਠ ਝੰਡੇ ਲਰਹਾਏ ਗਏ ਇਸ ਮੌਕੇ ਪਟਿਆਲਾ ਡੀਪੂ ਦੇ ਗੇਟ ਤੇ ਰੈਲੀ ਕੀਤੀ ਗਈ ਰੈਲੀ ਨੂੰ ਯੂਨੀਅਨ ਦੇ ਪ੍ਰਧਾਨ ਸੰਬੋਧਨ ਕਰਦਿਆਂ ਸਿਕਾਰੀ ਦੇ ਸ਼ਹੀਦਾਂ ਨੂੰ ਸਰਧਾਜਲੀ ਭੇਟ ਕਰਦਿਆਂ ਮੰਗ ਕੀਤੀ ਗਈ ਕਿ ਪੰਜਾਬ ਸਰਕਾਰ ਚੋਣਾਂ ਵਿੱਚ ਕੀਤੇ ਗੇ ਆਪਣੇ ਵਾਅਦੇ ਮੁਤਾਬਕ ਕੱਚੇ ਕਾਮੇ ਆ ਨੂੰ ਪੱਕੇ ਕਰਨ ਦੀ ਪਾਲਿਸੀ ਜਲਦੀ ਜਾਰੀ ਕਰੇ ਪੀਆਰ ਟੀ ਸੀ ਵਿੱਚ ਸਿੱਧੇ ਠੇਕੇ ਤੇ ਮੁਲਾਜ਼ਮਾਂ ਨੂੰ ਤੁਰੰਤ ਪੱਕਾ ਕਰੇ ਤਾਂ ਜੋ ਉਹਨਾਂ ਦੇ ਪਰਿਵਾਰ ਦਾ ਪਾਲਣ ਪੋਸ਼ਣ ਵੀ ਸਹੀ ਹੋ ਸਕੇ ਬਰਾਬਰ ਕੰਮ ਬਰਾਬਰ ਤਨਖਾਹ ਸਬੰਧੀ ਮਾਨ ਯੋਗ ਸੁਪਰੀਮ ਕੋਰਟ ਦਾ ਫੈਸਲਾ ਲਾਗੂ ਕੀਤਾ ਜਾਵੇ ਡਰਾਈਵਰਾਂ ਤੋਂ ਯਾਰਡ ਮਾਸਟਰ ਦੀ ਤਰੱਕੀ ਖੋਲੀ ਜਾਵੇ ਵਰਕਰਾਂ ਦੇ ਰਹਿੰਦੇ ਬਕਾਏ ਦਿੱਤੇ ਜਾਣ ਤਨਖਾਹ ਤੇ ਪਿਲਸਣ ਹਰ ਮਹੀਨੇ ਸਮੇਂ ਸਿਰ ਦੇਣੀ ਯਕੀਨੀ ਬਣਾਈ ਜਾਵੇ ਪੀ ਆਰ ਟੀ ਸੀ ਵਿੱਚ ਆਪਣੀ ਮਾਲਕੀ ਦੀਆਂ 500 ਬੱਸਾਂ ਪਾਈਆਂ ਜਾਣ ਪੰਜਾਬ ਸਰਕਾਰ ਵੱਲ ਰੈਂਦੇ ਲਗਭਗ 700 ਕਰੋੜ ਜਾਰੀ ਕੀਤੇ ਜਾਣ ਚਕਿੰਗ ਅਧਿਕਾਰੀਆਂ ਦੇ ਰਾਤਰੀ ਪੱਤੇ ਵਿੱਚ ਬੜ੍ਹੋਤਰੀ ਕੀਤੀ ਜਾਵੇ ਤਾਂ ਜੋ ਰਾਤ ਨੂੰ ਰਹਿਣ ਸਮੇਂ ਕੋਈ ਮੁਸ਼ਕਲ ਨਾ ਆਵੇ ਪੀਆਰ ਟੀ ਸੀ ਵਿੱਚ ਡਿਊਟੀ ਕਰਦੇ ਇਸਪੈਕਟਰ ਦਾ ਸਕੇਲ ਪੰਜਾਬ ਪੁਲਿਸ ਮਹਿਕਮੇ ਦੇ ਬਰਾਬਰ ਕੀਤਾ ਜਾਵੇ ਇਸ ਰੈਲੀ ਨੂੰ ਕਿਸਾਨ ਸਭਾ ਆਗੂ ਧਰਮਪਾਲ ਸੀਲ ਨੇ ਸੰਬੋਧਨ ਕਰਦਿਆਂ ਮਜ਼ਦੂਰ ਦਿਵਸ ਦੇ ਮੌਕੇ ਤੇ ਸਿਕਾਗੋ ਦੇ ਸ਼ਹੀਦਾਂ ਦੇ ਇਤਿਹਾਸ ਤੇ ਚਾਨਣਾ ਪਾਇਆ ਇਸਰੇਲੀ ਨੂੰ ਕਿਸਾਨ ਆਗੂ ਰਮੇਸ਼ ਅਯਾਦ ਨੇ ਕਿਸਾਨਾਂ ਦੀ ਮਾੜੀ ਹਾਲਾਤ ਬਾਰੇ ਚਾਨਣਾ ਪਾਇਆ ਇਸ ਉਪਰੰਤ ਜੈ ਰਾਮ ਭਨਰਾ ਨੇ ਵੀ ਰੈਲੀ ਨੂੰ ਸੰਬੋਧਨ ਕੀਤਾ ਇਸ ਰੈਲੀ ਦੀ ਸਮਾਪਤੀ ਉਪਰੰਤ ਪ੍ਰਧਾਨ ਰੋਹਟੀ ਦੀ ਅਗਵਾਈ ਵਿੱਚ ਇੱਕ ਬਿਸਾਲ ਮੋਟਰ ਸਾਈਕਲ ਰੈਲੀ ਯੂਨੀਅਨ ਦਫਤਰ ਤੋਂ ਪੀ ਆਰ ਟੀ ਸੀ ਦੇ ਮੁੱਖ ਦਫਤਰ ਨਾਭਾ ਰੋਡ ਤੱਕ ਕੱਢੀ ਗਈ ਇਸ ਮੌਕੇ ਪਰਮਿੰਦਰ ਸਿੰਘ ਇਸਪੈਕਟਰ ਸੁਰਿੰਦਰ ਸਿੰਘ ਇਸਪੈਕਟਰ ਸੈਰੀ ਚੋਪੜਾ ਦੇਸ ਰਾਜ ਮੱਘਰ ਸਿੰਘ ਪਰਮਜੀਤ ਸਿੰਘ ਬਲਰਾਜ ਸਿੰਘ ਹਰਮਿੰਦਰ ਸਿੰਘ ਹਰਿੰਦਰਜੀਤ ਸਿੰਘ ਕੁਲਦੀਪ ਸਿੰਘ ਪ੍ਰਿੰਸਪਾਲ ਸਿੰਘ ਮਨਦੀਪ ਸਿੰਘ ਸੁਖਧੀਰ ਸਿੰਘ ਗੁਰਪ੍ਰੀਤ ਸਿੰਘ ਪ੍ਰਦੀਪ ਸਿੰਘ ਗੁਰ ਗਿਆਨ ਸਿੰਘ ਰਣਧੀਰ ਸਿੰਘ ਰਵਿੰਦਰ ਸਿੰਘ ਭਿੰਦਰ ਖਾਨ ਸੁਖ ਚੈਨ ਸਿੰਘ ਚਮਕੌਰ ਸਿੰਘ ਤੇ ਹੋਰ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸੁਰਿੰਦਰ ਸਿੰਘ ਤੁਰੀ ਵੱਲੋਂ ਬਾਖੂਬੀ ਨਿਭਾਈ ਗਈ

# ਅਕਾਲ ਅਕੈਡਮੀ ਥੇਹ ਕਲੰਦਰ ਦੇ ਵਿਦਿਆਰਥੀ ਨੇ 68 ਵੀਆਂ ਸਕੂਲ ਨੈਸ਼ਨਲ ਗਤਕਾ ਗੇਮਜ਼ ਵਿੱਚੋਂ ਤੀਜਾ ਸਥਾਨ ਕੀਤਾ ਹਾਸਿਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com

ਸੰਗਰੂਰ,1ਮਈ (ਜਗਸੀਰ ਲੌਂਗੋਵਾਲ)- ਕਲਗੀਧਰ ਟਰੱਸਟ ਬੜੂ ਸਾਹਿਬ ਦੀ ਸ਼ਾਖਾ ਅਕਾਲ ਅਕੈਡਮੀ ਥੇਹ ਕਲੰਦਰ ਦੇ ਵਿਦਿਆਰਥੀਆਂ ਨੇ ਹਾਲ ਹੀ ਵਿੱਚ ਦਿੱਲੀ ਵਿਖੇ ਡਾਇਰੈਕਟਰ ਸਪੋਰਟਸ ਦਿੱਲੀ ਵੱਲੋਂ ਆਯੋਜਿਤ 68 ਵੀਆਂ ਸਕੂਲ ਨੈਸ਼ਨਲ ਗਤਕਾ ਗੇਮਜ਼ ਵਿੱਚ ਭਾਗ ਲਿਆ। ਇਸ ਮੁਕਾਬਲੇ ਵਿੱਚ ਦੇਸ਼ ਭਰ ਦੇ 16 ਵੱਖ-ਵੱਖ ਰਾਜਾਂ ਤੋਂ ਵਿਦਿਆਰਥੀਆਂ ਨੇ ਉਤਸ਼ਾਹ ਪੂਰਵਕ ਹਿੱਸਾ ਲਿਆ। ਪੰਜਾਬ ਰਾਜ ਦੀ ਨੁਮਾਇੰਦਗੀ ਕਰਦੇ ਹੋਏ, ਅਕਾਲ ਅਕੈਡਮੀ ਥੇਹ ਕਲੰਦਰ ਦੇ ਵਿਦਿਆਰਥੀ ਯੁਵਰਾਜ ਸਿੰਘ ਨੇ 19 ਉਮਰ ਵਰਗ ਫਰੀ ਸੋਟੀ ਵਿਅਕਤੀਗਤ ਅਤੇ ਟੀਮ ਦੋਵੇਂ ਸ਼੍ਰੇਣੀਆਂ ਵਿੱਚ ਤੀਜਾ ਸਥਾਨ ਹਾਸਿਲ ਕਰਕੇ ਨਾਂ ਪੰਜਾਬ ਰਾਜ ਦਾ ਨਾਮ ਰਾਸ਼ਟਰੀ ਪੱਧਰ ਤੇ ਰੌਸ਼ਨ ਕੀਤਾ। ਉਨ੍ਹਾਂ ਦੀ ਇਸ ਸ਼ਾਨਦਾਰ ਪ੍ਰਾਪਤੀ ਨੇ ਨਾ ਸਿਰਫ ਸਕੂਲ ਅਤੇ ਜ਼ਿਲ੍ਹਾ ਫਾਜ਼ਿਲਕਾ, ਬਲਕਿ ਪੂਰੇ ਪੰਜਾਬ ਲਈ ਮਾਣ ਦਾ ਮੌਕਾ ਉਪਲਬਧ ਕਰਵਾਇਆ | ਅਕਾਲ ਅਕੈਡਮੀ ਥੇਹ ਕਲੰਦਰ ਦੇ ਪ੍ਰਿੰਸੀਪਲ ਮੈਡਮ ਗੁਰਜੀਤ ਕੌਰ ਸਿੱਧੂ ਨੇ ਯੁਵਰਾਜ ਸਿੰਘ ਨੂੰ ਹਾਰਦਿਕ ਵਧਾਈ ਦਿੰਦਿਆਂ ਕਿਹਾ ਕਿ ਅਕਾਲ ਅਕੈਡਮੀ ਥੇਹ ਕਲੰਦਰ ਦੇ ਵਿਦਿਆਰਥੀ ਹਮੇਸ਼ਾ ਹੀ ਵਿਦਿਅਕ, ਕਲਾ ਅਤੇ ਖੇਡਾਂ ਦੇ ਖੇਤਰ ਵਿੱਚ ਰਾਸ਼ਟਰੀ ਪੱਧਰ 'ਤੇ ਵਧੀਆ ਪ੍ਰਦਰਸ਼ਨ ਕਰਦੇ ਆ ਰਹੇ ਹਨ ਅਤੇ ਜ਼ਿਕਰਯੋਗ ਹੈ ਉਨ੍ਹਾਂ ਨੇ ਇਹ ਵੀ ਦਸਿਆ ਕਿ ਪਿਛਲੇ ਸਾਲ ਵੀ ਯੁਵਰਾਜ ਸਿੰਘ ਨੇ ਨੈਸ਼ਨਲ ਗਤਕਾ ਗੇਮਜ਼ ਛੱਤੀਸਗੜ੍ਹ ਵਿੱਚੋਂ ਪਹਿਲਾ ਸਥਾਨ ਹਾਸਿਲ ਕਰਕੇ ਗੋਡਲ ਮੈਡਲ ਜਿੱਤ ਕੇ ਸਕੂਲ ਦਾ ਅਤੇ ਪੰਜਾਬ ਦਾ ਨਾਮ ਰੋਸ਼ਨ ਕੀਤਾ ਸੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਜਿੱਤ ਸਕੂਲ ਦੀ ਉੱਚ ਪੱਧਰੀ ਸਿਖਲਾਈ ਅਤੇ ਸੰਘਰਸ਼ ਦੀ ਪਛਾਣ ਹੈ। ਉਨ੍ਹਾਂ ਨੇ ਗਤਕਾ ਕੋਚ ਸ. ਕਰਮਪਾਲ ਸਿੰਘ ਅਤੇ ਵਿਦਿਆਰਥੀ ਦੇ ਮਾਤਾ-ਪਿਤਾ ਨੂੰ ਵੀ ਇਸ ਸਫਲਤਾ ਲਈ ਮੁਬਾਰਕਬਾਦ ਦਿੱਤੀ। ਨਾਲ ਹੀ ਉਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਵਿਦਿਆ ਅਤੇ ਖੇਡਾਂ ਵਿੱਚ ਉਤਸਾਹ ਪੂਰਵਕ ਭਾਗ ਲੈਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਦੀ ਪ੍ਰੇਰਣਾ ਦਿੱਤੀ। ਇਹ ਉਪਲਬਧੀ ਸਿਰਫ਼ ਅਕਾਲ ਅਕੈਡਮੀ ਥੇਹ ਕਲੰਦਰ ਦੀ ਹੀ ਨਹੀਂ, ਸਗੋਂ ਸਾਰੇ ਫਾਜ਼ਿਲਕਾ ਜ਼ਿਲ੍ਹੇ ਅਤੇ ਪੰਜਾਬ ਰਾਜ ਦੀ ਸ਼ਾਨ ਹੈ।



# ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਮਜ਼ਦੂਰ ਦਿਵਸ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਰਿਹਾਇਸ਼ ਅੱਗੇ ਜ਼ਿਲ੍ਹਾ ਪੱਧਰੀ ਧਰਨਾ

- ਸ਼ਹਿਰ ਵਿੱਚ ਰੋਸ-ਮੁਜ਼ਾਹਰੇ ਉਪਰੰਤ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਂ ਕੈਬਨਿਟ ਮੰਤਰੀ ਰਾਹੀਂ ਰੋਸ ਪੱਤਰ ਸੌਂਪਿਆ
- ਸ਼ਹਿਰ ਵਿੱਚ ਰੋਸ ਮਾਰਚ ਕਰਦਿਆਂ ਪੁਰਾਣੀ ਪੈਨਸ਼ਨ ਲਾਗੂ ਕਰਨ ਦੀ ਕੀਤੀ ਮੰਗ
- ਯੂਪੀਐੱਸ ਸਕੀਮ ਨੂੰ ਵਿਚਾਰਨ ਦੀ ਬਜਾਏ ਪੁਰਾਣੀ ਪੈਨਸ਼ਨ ਦਾ ਨੋਟੀਫਿਕੇਸ਼ਨ ਫੌਰੀ ਲਾਗੂ ਕਰੇ ਆਪ ਸਰਕਾਰ: ਪੀ.ਪੀ.ਪੀ.ਐੱਫ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com







ਦਲਜੀਤ ਕੌਰ

ਸੁਨਾਮ ਊਧਮ ਸਿੰਘ ਵਾਲਾ, 1 ਮਈ 2025: ਪੁਰਾਣੀ ਪੈਨਸ਼ਨ ਦੇ ਨੋਟੀਫ਼ਿਕੇਸ਼ਨ ਨੂੰ ਲਾਗੂ ਕਰਵਾਉਣ ਲਈ ਸੰਘਰਸ਼ ਨੂੰ ਤੇਜ਼ ਕਰਨ ਹਿੱਤ, ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਮਜ਼ਦੂਰ ਦਿਵਸ ਤੇ ਆਪ ਸਰਕਾਰ ਦੇ ਵਿਧਾਇਕਾਂ ਖਿਲਾਫ ਜਿਲਾ ਪੱਧਰੀ ਧਰਨੇ ਦੇਣ ਦੇ ਸੂਬਾਈ ਸੱਦੇ ਤਹਿਤ ਅੱਜ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਰਿਹਾਇਸ਼ ਅੱਗੇ ਧਰਨਾ ਲਗਾਇਆ। ਧਰਨੇ ਵਿੱਚ ਜ਼ਿਲੇ ਭਰ ਚੋਂ ਮੁਲਾਜ਼ਮਾਂ ਵੱਲੋਂ ਭਰਵੀਂ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਗਈ। ਪੁਰਾਣੀ ਪੈਨਸ਼ਨ ਲਾਗੂ ਕਰਨ ਵਿੱਚ ਆਪ ਸਰਕਾਰ ਦੀ ਨਕਾਮੀ ਦੇ ਸ਼ਹਿਰ ਵਿੱਚ ਰੋਸ-ਮੁਜ਼ਾਹਰੇ ਉਪਰੰਤ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਂ ਕੈਬਨਿਟ ਮੰਤਰੀ ਰਾਹੀਂ ਨੂੰ ਉਨ੍ਹਾਂ ਦੇ ਪੀਏ ਸੰਜੀਵ ਕੁਮਾਰ ਸੰਜੂ ਨੂੰ ਰੋਸ ਪੱਤਰ ਵੀ ਸੌਂਪਿਆ ਗਿਆ। ਗੌਰਤਲਬ ਹੈ ਕਿ ਪੰਜਾਬ ਸਰਕਾਰ ਵੱਲੋਂ 18 ਨਵੰਬਰ 2022 ਨੂੰ ਜਾਰੀ ਕੀਤੇ "ਕਾਗਜ਼ੀ ਨੋਟੀਫਿਕੇਸ਼ਨ" ਦੇ ਤਿੰਨ ਸਾਲ ਬੀਤਣ ਮਗਰੋਂ ਵੀ ਸੂਬੇ ਵਿੱਚ ਪੁਰਾਣੀ ਪੈਨਸ਼ਨ ਦਾ ਮੁੱਦਾ ਜਿਉਂ ਦਾ ਤਿਉਂ ਲਟਕਿਆ ਹੋਇਆ ਹੈ।

ਇਸ ਮੌਕੇ ਐਨ. ਪੀ. ਐੱਸ. ਮੁਲਾਜ਼ਮਾਂ ਦੇ ਵੱਡੀ ਗਿਣਤੀ ਇਕੱਠ ਨੂੰ ਸੰਬੋਧਨ ਕਰਦਿਆਂ ਫਰੰਟ ਦੇ ਆਗੂਆਂ ਦਲਜੀਤ ਸਫੀਪੁਰ, ਰਘਵੀਰ ਸਿੰਘ ਭਵਾਨੀਗੜ੍ਹ, ਗੁਰਸੈਂਬਰ ਸਿੰਘ ਅਤੇ ਖੁਸ਼ਦੀਪ ਸਿੰਘ ਨੇ ਆਖਿਆ ਕਿ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਲੁਟੇਰੇ ਸਾਮਰਾਜੀ ਪ੍ਰਬੰਧ ਖਿਲਾਫ ਸੰਘਰਸ਼ਾਂ ਦਾ ਪ੍ਰਤੀਕ ਹੈ ਜੋ ਮਿਹਨਤਕਸ਼ ਜਮਾਤ ਨੂੰ ਲੁੱਟ ਅਤੇ ਜਬਰ ਖਿਲਾਫ ਜੂਝਣ ਲਈ ਪ੍ਰੇਰਦਾ ਹੈ। ਉਹਨਾਂ ਕਿਹਾ ਕਿ 1 ਜਨਵਰੀ 2004 ਤੋਂ ਬਾਅਦ ਪੁਰਾਣੀ ਪੈਨਸ਼ਨ ਸਕੀਮ ਨੂੰ ਬੰਦ ਕਰਕੇ ਲਿਆਂਦੀ ਗਈ ਐੱਨ. ਪੀ.ਐੱਸ ਸਕੀਮ ਵੀ ਸਾਮਰਾਜੀ ਨਿੱਜੀਕਰਨ ਅਤੇ ਕਾਰਪੋਰੇਟ ਮੁਨਾਫੇ ਨੂੰ ਵਧਾਉਣ ਵਾਲੀਆਂ ਨੀਤੀਆਂ ਦਾ ਹੀ ਅੰਗ ਹੈ ਜਿਸ ਦੇ ਖਿਲਾਫ ਪੰਜਾਬ ਸਮੇਤ ਪੂਰੇ ਦੇਸ਼ ਵਿੱਚ ਮੁਲਾਜ਼ਮ ਸੰਘਰਸ਼ਾਂ ਦੇ ਰਾਹ ਤੇ ਹਨ। ਪੰਜਾਬ ਦੀ ਆਪ ਸਰਕਾਰ ਨੇ ਆਪਣੇ ਚੋਣ ਵਾਅਦੇ ਦੇ ਉਲਟ ਪੁਰਾਣੀ ਪੈਨਸ਼ਨ ਦੇ ਕੀਤੇ ਨੋਟੀਫ਼ਿਕੇਸ਼ਨ ਨੂੰ ਲਾਗੂ ਕਰਨ ਦੀ ਬਜਾਏ ਹੁਣ ਕੇਂਦਰ ਸਰਕਾਰ ਵੱਲੋਂ ਲਿਆਂਦੀ ਯੂਪੀਐੱਸ ਸਕੀਮ ਨੂੰ ਘੋਖਣਾ ਸ਼ੁਰੂ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਕਿ ਵਿੱਤ ਮੰਤਰੀ ਅਤੇ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਹਰਪਾਲ ਚੀਮਾ ਪੁਰਾਣੀ ਪੈਨਸ਼ਨ ਦੀ ਬਜਾਏ ਕੇਂਦਰੀ ਯੂਪੀਐੱਸ ਸਕੀਮ ਨੂੰ ਸਰਕਾਰ ਦੇ ਵਿਚਾਰਧੀਨ ਹੋਣ ਬਾਰੇ ਲਗਾਤਾਰ ਬਿਆਨ ਦੇ ਰਹੇ ਹਨ ਜਿਸ ਦੇ ਖਿਲਾਫ ਮੁਲਾਜ਼ਮਾਂ ਵਿੱਚ ਸਖ਼ਤ ਰੋਸ ਹੈ। ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਬਜਟ ਸੈਸ਼ਨ ਤੋਂ ਪਹਿਲਾਂ ਵੱਡੀ ਗਿਣਤੀ ਵਿੱਚ ਮੰਤਰੀਆਂ ਅਤੇ ਵਿਧਾਇਕਾਂ ਨੂੰ ਮੰਗ ਪੱਤਰ ਦੇ ਕੇ ਵਿਧਾਨ ਸਭਾ ਵਿੱਚ ਪੁਰਾਣੀ ਪੈਨਸ਼ਨ ਦਾ ਮਤਾ ਪਾਸ ਕਰਨ ਦੀ ਮੰਗ ਕੀਤੀ ਗਈ ਸੀ, ਪਰ ਆਪ ਸਰਕਾਰ ਨੇ ਮੁਲਾਜ਼ਮਾਂ ਦੀ ਹੱਕੀ ਅਵਾਜ਼ ਨੂੰ ਸੁਣਨ ਦੀ ਬਜਾਏ ਪੈਨਸ਼ਨ ਦੇ ਮੁੱਦੇ ਤੇ ਚੁੱਪ ਧਾਰੀ ਹੋਈ ਹੈ।

ਧਰਨੇ ਨੂੰ ਸੰਬੋਧਨ ਕਰਦਿਆਂ ਅਮਨ ਵਿਸ਼ਿਸ਼ਟ, ਕੁਲਵੰਤ ਖਨੌਰੀ, ਕਰਮਜੀਤ ਨਦਾਮਪੁਰ ਅਤੇ ਕਰਮਜੀਤ ਕੌਹਰੀਆ ਨੇ ਕਿਹਾ ਕਿ ਕੌਮੀ ਖੇਤੀ ਮੰਡੀ ਨੀਤੀ ਦੇ ਖਰੜੇ ਨੂੰ ਰੱਦ ਕੀਤੇ ਜਾਣ ਦੀ ਤਰਜ਼ ਤੇ ਪੰਜਾਬ ਸਰਕਾਰ ਵੱਲੋਂ ਐੱਨਪੀਐੱਸ ਅਤੇ ਯੂਪੀਐੱਸ ਸਕੀਮ ਨੂੰ ਰੱਦ ਕਰਨ ਦਾ ਸਪੱਸ਼ਟ ਫ਼ੈਸਲਾ ਲਿਆ ਜਾਵੇ। ਉਹਨਾਂ ਕਿਹਾ ਕਿ ਪਿਛਲੇ ਤਿੰਨ ਸਾਲ ਤੋਂ ਪੁਰਾਣੀ ਪੈਨਸ਼ਨ ਦਾ ਨੋਟੀਫਿਕੇਸ਼ਨ ਲਟਕ ਰਿਹਾ ਹੈ, ਇੱਕ ਵੀ ਐੱਨ.ਪੀ.ਐੱਸ ਮੁਲਾਜ਼ਮ ਦਾ ਜੀਪੀਐੱਫ ਖਾਤਾ ਨਹੀਂ ਖੋਲਿਆ ਗਿਆ ਪਰ ਸੂਬੇ ਵਿੱਚ ਪੁਰਾਣੀ ਪੈਨਸ਼ਨ ਲਾਗੂ ਕਰਨ ਦੀ ਝੂਠੀ ਇਸ਼ਤਿਹਾਰਬਾਜ਼ੀ ਤੇ ਕਰੋੜਾਂ ਰੁਪਏ ਖ਼ਰਚ ਕਰ ਦਿੱਤੇ ਗਏ ਹਨ।ਪੁਰਾਣੀ ਪੈਨਸ਼ਨ ਲਾਗੂ ਕਰਨ ਤੋਂ ਇਨਕਾਰੀ ਆਪ ਸਰਕਾਰ ਖਿਲਾਫ ਲੁਧਿਆਣਾ ਜ਼ਿਮਨੀ ਚੋਣ ਦੌਰਾਨ ਵੀ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ।

ਇਸ ਮੌਕੇ ਵੀਰਪਾਲ ਸਿੰਘ ਝਨੇੜੀ, ਪਰਦੀਪ ਸਿੰਘ, ਗੁਰਦੀਪ ਸਿੰਘ, ਗੁਰਪ੍ਰੀਤ ਸਿੰਘ, ਹਰਦੀਪ ਸਿੰਘ, ਰਵਿੰਦਰਜੀਤ ਸਿੰਘ, ਰਵਿੰਦਰ ਦਿੜ੍ਹਬਾ, ਪਿਰਤਪਾਲ ਸਿੰਘ, ਮਨਦੀਪ ਕੌਰ, ਨੀਰੂ, ਆਰਤੀ ਸਿੰਗਲਾ, ਬਲਜਿੰਦਰ ਕੌਰ, ਸੁਖਜਿੰਦਰ ਸਿੰਘ ਜਟਾਣਾ, ਰਜਿੰਦਰ ਸਿੰਘ, ਰਣਜੀਤ ਸਿੰਘ, ਸੰਦੀਪ ਕੌਰ, ਜੇਜੀ ਖਾਨ, ਗੁਰਦੀਪ ਸਿੰਘ, ਨਵਨੀਤ ਸਿੰਘ, ਜਤਿੰਦਰ ਸਿੰਗਲਾ, ਹਰਿੰਦਰ ਸਿੰਘ, ਕਿਰਨਜੀਤ ਕੌਰ, ਨਿਰਮਲ ਬਾਂਸਲ, ਸਤਿੰਦਰ ਬਤਰਾ, ਹਰਵੇਲ ਸਿੰਘ, ਸੁਖਪ੍ਰੀਤ ਸਿੰਘ, ਰੁਪਿੰਦਰ ਸ਼ਰਮਾ, ਚਮਕੌਰ ਸਿੰਘ, ਸੁਰਜੀਤ ਸਿੰਘ, ਗੁਰਪ੍ਰੀਤ ਕੌਰ ਆਦਿ ਮੌਜੂਦ ਸਨ।

# ਸਿਹਤ ਵਿਭਾਗ ਨੇ ਐਂਟੀ- ਡੇਂਗੂ ਕੰਮਪੇਨ 'ਹਰ ਸ਼ੁਕਰਵਾਰ - ਡੇਂਗੂ ਤੇ ਵਾਰ ' ਦੀ ਨਮੋਲ ਤੇ ਸ਼ੇਰੋਂ ਵਿੱਚ ਕੀਤੀ ਸ਼ੁਰੂਆਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com



ਲੌਂਗੋਵਾਲ, 2 ਮਈ (ਜਗਸੀਰ ਸਿੰਘ )-

ਸਿਵਲ ਸਰਜਨ ਸੰਗਰੂਰ ਡਾ. ਸੰਜੇ ਕਾਮਰਾ ਜੀ ਦੇ ਹੁਕਮਾਂ ਅਤੇ ਕਾਰਜ਼ਕਾਰੀ ਸੀਨੀਅਰ ਮੈਡੀਕਲ ਅਫਸਰ ਡਾਕਟਰ ਮਨੀਤਾ ਬਾਂਸਲ ਬਲਾਕ ਲੌਂਗੋਵਾਲ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾਕਟਰ ਉਪਾਸਨਾ ਬਿੰਦਰਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਐਸ. ਆਈ.ਰਾਜਿੰਦਰ ਕੁਮਾਰ ਬਾਂਸਲ ਅਤੇ ਐਸ.ਆਈ. ਸਤੀਸ਼ ਕੁਮਾਰ ਦੀ ਅਗਵਾਈ ਵਿੱਚ ਪੰਜਾਬ ਰਾਜ ਵਿੱਚ ਡੇਂਗੂ ਦੀ ਰੋਕਥਾਮ ਲਈ ਐਂਟੀ-ਡੇਂਗੂ ਕੰਮਪੇਨ 'ਹਰ ਸ਼ੁਕਰਵਾਰ - ਡੇਂਗੂ ਤੇ ਵਾਰ ' ਕੰਮਪੇਨ ਚਲਾਈ ਗਈ I

ਇਸ ਕੰਮਪੇਨ ਤਹਿਤ ਸਿਹਤ ਕਰਮਚਾਰੀ ਖੁਸ਼ਵੰਤ ਸਿੰਘ ਮ.ਪ.ਹ.ਵ ਨਮੋਲ, ਬਾਲ ਕ੍ਰਿਸ਼ਨ ਮ.ਪ.ਹ.ਵ ਸ਼ੇਰੋਂ ਨੇ ਪਿੰਡ ਨਮੋਲ ਅਤੇ ਸ਼ੇਰੋਂ ਵਿਖ਼ੇ ਵਿਜ਼ਿਟ ਕੀਤਾ I ਇਥੇ ਉਹਨਾਂ ਪਿੰਡ ਵਿੱਚ ਲੋਕਾਂ ਨੂੰ ਡੇਂਗੂ ਦੇ ਪ੍ਰਕੋਪ ਤੋਂ ਜਾਣੂ ਕਰਵਾਉਂਦੇ ਹੋਏ ਘਰ ਘਰ ਜਾਕੇ ਘਰਾਂ ਦਾ ਆਲਾ - ਦੁਆਲਾ, ਪਾਣੀ ਵਾਲੀਆਂ ਥਾਵਾਂ, ਟੈਂਕੀ, ਗਮਲੇ, ਫਰਿਜ, ਆਦਿ ਚੈੱਕ ਕੀਤੇ ਕਿ ਕਿਤੇ ਕੋਈ ਡੇਂਗੂ ਦਾ ਲਾਰਵਾ ਪਲ ਨਾ ਰਿਹਾ ਹੋਵੇ I ਇਸ ਸਬੰਧੀ ਲੋਕਾਂ ਨੂੰ ਹਰ ਸ਼ੁਕਰਵਾਰ ਇਹਨਾਂ ਥਾਵਾਂ ਨੂੰ ਆਪਣੇ ਪੱਧਰ ਤੇ ਚੈੱਕ ਕਰਨ ਨੂੰ ਕਿਹਾ I

ਇਥੇ ਪਿੰਡ ਵਾਸੀਆਂ ਨੂੰ ਦੱਸਿਆ ਗਿਆ ਕਿ ਡੇਂਗੂ ਬੁਖਾਰ ਮਾਦਾ ਏਡੀਜ਼ ਅਜਿੱਪਟੀ ਨਾਮੀਂ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਆਮ ਤੌਰ 'ਤੇ ਬਰਸਾਤ ਦੇ ਮੌਸਮ ਦੌਰਾਨ ਅਤੇ ਘਰਾਂ ਵਿੱਚ ਪਾਣੀ ਦੇ ਜਮਾਂ ਹੋਣ ਕਾਰਨ ਮੱਛਰ ਪੈਦਾ ਹੋ ਜਾਂਦੇ ਹਨ, ਜੋ ਸਵੇਰੇ ਅਤੇ ਸ਼ਾਮ ਵੇਲੇ ਕੱਟਦੇ ਹਨ। ਇਨ੍ਹਾਂ ਕਾਰਨ ਹੋਇਆ ਬੁਖਾਰ ਸਰੀਰ ਵਿੱਚ ਪਲੇਟਲੈੱਟ ਸੈਲਾਂ ਨੂੰ ਘਟਾ ਦਿੰਦਾ ਹੈ ਅਤੇ ਇਸ ਵਿੱਚ ਤੇਜ ਬੁਖ਼ਾਰ, ਮਾਸਪੇਸ਼ੀਆਂ ਵਿਚ ਦਰਦ , ਚਮੜੀ ਤੇ ਲਾਲ ਦਾਣੇ ਅਤੇ ਗੰਭੀਰ ਸਥਿਤੀ ਵਿੱਚ ਮਸੂੜਿਆਂ ਵਿਚੋਂ ਖੂਨ ਆਉਣਾ ਇਸ ਦੇ ਲਛੱਣ ਹਨ। ਅਜਿਹੇ ਲੱਛਣ ਦਿਖਣ ਤੇ ਨਜ਼ਦੀਕੀ ਸਰਕਾਰੀ ਸਿਹਤ ਸੰਸਥਾ ਜਾਂ ਹਸਪਤਾਲ ਨਾਲ ਸਪੰਰਕ ਕੀਤਾ ਜਾਵੇ।

## ਡੇਂਗੂ ਤੋਂ ਬਚਾਅ ਲਈ:-

ਕੂਲਰਾਂ, ਗਮਲੇ ਅਤੇ ਫ਼ਰਿਜ ਟਰਿਆਂ ਵਿਚ ਖੜ੍ਹੇ ਪਾਣੀ ਨੂੰ ਹਫ਼ਤੇ ਵਿਚ ਇੱਕ ਵਾਰ ਜਰੂਰ ਸਾਫ਼ ਕਰੋ | ਕੱਪੜੇ ਅਜਿਹੇ ਪਹਿਨੋ ਜਿਸ ਨਾਲ ਸਰੀਰ ਢਕਿਆ ਰਹੇ ਤਾਂ ਕਿ ਤਹਾਨੂੰ ਮੱਛਰ ਨਾ ਕੱਟ ਸਕੇ I ਸੌਣ ਵੇਲੇ ਮੱਛਰਦਾਨੀ, ਮੱਛਰ ਭਜਾਉਣ ਵਾਲੀਆਂ ਕਰੀਮਾਂ ਆਦਿ ਵਰਤੋਂ I ਬੁਖਾਰ ਹੋਣ ਤੇ ਸਿਰਫ ਪੈਰਾਸੀਟਾਮੋਲ ਹੀ ਲਵੋ I ਬੁਖਾਰ ਹੋਣ ਤੇ ਅਸਪ੍ਰੀਨ ਤੇ ਬਰੂਫਿਨ ਗੋਲੀ ਨਾ ਲਵੋ I ਛੱਤ ਤੇ ਰੱਖੀਆਂ ਟੈਂਕੀਆਂ ਦੇ ਢੱਕਣ ਚੰਗੀ ਤਰਾਂ ਬੰਦ ਕਰ ਕੇ ਰੱਖੋ I ਟੁਟੇ ਬਰਤਨ, ਡਰਮ, ਟਾਇਰ ਆਦਿ ਨੂੰ ਖੁਲੇ ਵਿਚ ਨਾ ਰੱਖੋ ਤਾਂ ਜੋ ਬਰਸਾਤੀ ਪਾਣੀ ਜਮਾ ਨਾ ਹੋ ਜਾਵੇ I ਪਾਣੀ ਤੇ ਤਰਲ ਚੀਜ਼ਾਂ ਜ਼ਿਆਦਾ ਪੀਓ ਤਾਂ ਜੋ ਡੇਂਗੂ ਬੁਖਾਰ ਤੋਂ ਬਚਿਆ ਜਾ ਸਕੇ I

# ਅਕਾਲ ਅਕੈਡਮੀ ਦੇ ਵਿਦਿਆਰਥੀਆਂ ਦਾ ਇੰਟਰ-ਅਕੈਡਮੀ ਖੇਡ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com



ਸੰਗਰੂਰ,1 ਮਈ (ਜਗਸੀਰ ਲੌਂਗੋਵਾਲ)-

ਕਲਗੀਧਰ ਟਰੱਸਟ ਬੜੂ ਸਾਹਿਬ ਅਧੀਨ ਚੱਲ ਰਹੀਆਂ ਅਕਾਲ ਅਕੈਡਮੀਆਂ ਵੱਲੋਂ ਸੰਤ ਬਾਬਾ ਇਕਬਾਲ ਸਿੰਘ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਇੰਟਰ-ਅਕੈਡਮੀ ਖੇਡ ਟੂਰਨਾਮੈਂਟ ਅਕਾਲ ਅਕੈਡਮੀ ਭਾਈ ਦੇਸਾ ਵਿਖੇ ਆਯੋਜਿਤ ਕੀਤਾ ਗਿਆ। ਇਸ ਟੂਰਨਾਮੈਂਟ ਵਿੱਚ ਅਕਾਲ ਅਕੈਡਮੀ ਭਾਈ ਦੇਸਾ, ਬੇਨੜਾ, ਫਫੜੇ ਭਾਈਕੇ, ਚੀਮਾ (ਪੰਜਾਬੀ ਅਤੇ ਅੰਗਰੇਜ਼ੀ ਮਾਧਿਅਮ) ਅਤੇ ਉੱਡਤ ਸੈਦੇਵਾਲਾ ਦੇ ਲੜਕੇ ਅਤੇ ਲੜਕੀਆਂ ਨੇ ਭਰਪੂਰ ਉਤਸ਼ਾਹ ਨਾਲ ਭਾਗ ਲਿਆ|ਮੁਕਾਬਲਿਆਂ ਵਿੱਚ ਹਾਕੀ, ਫੁੱਟਬਾਲ ਅਤੇ ਬਾਸਕਟਬਾਲ ਵਰਗੀਆਂ ਖੇਡਾਂ ਸ਼ਾਮਿਲ ਸਨ। ਅਕਾਲ ਅਕੈਡਮੀ ਉੱਡਤ ਸੈਦੇਵਾਲਾ ਦੇ ਵਿਦਿਆਰਥੀਆਂ ਨੇ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।ਲੜਕੀਆਂ ਦੀਆਂ ਖੇਡਾਂ ਵਿੱਚ ਹਾਕੀ ਟੀਮ ਦੇ ਕਪਤਾਨ ਹਰਨੂਰਜੋਤ ਕੌਰ ਗਿੱਲ ਦੀ ਅਗਵਾਈ ਹੇਠ, ਪਹਿਲਾ ਸਥਾਨ ਹਾਸਿਲ ਕੀਤਾ। ਫੁੱਟਬਾਲ ਟੀਮ ਦੇ ਕਪਤਾਨ ਸੁਖਮਨਜੋਤ ਕੌਰ ਦੀ ਅਗਵਾਈ ਹੇਠ, ਪਹਿਲਾ ਸਥਾਨ ਪ੍ਰਾਪਤ ਕੀਤਾ। ਬਾਸਕਟਬਾਲ ਟੀਮ ਦੇ ਕਪਤਾਨ ਮਨਦੀਪ ਕੌਰ ਦੀ ਅਗਵਾਈ ਹੇਠ, ਦੂਜਾ ਸਥਾਨ ਪ੍ਰਾਪਤ ਕੀਤਾ। ਲੜਕਿਆਂ ਦੀਆਂ ਖੇਡਾਂ ਵਿੱਚ ਫੁੱਟਬਾਲ ਟੀਮ ਨੇ ਪਹਿਲਾ ਸਥਾਨ ਤੇ ਹਾਕੀ ਟੀਮ ਨੇ ਦੂਜਾ ਸਥਾਨ ਹਾਸਿਲ ਕੀਤਾ। ਟੂਰਨਾਮੈਂਟ ਦੌਰਾਨ ਅਕਾਲ ਅਕੈਡਮੀ ਉੱਡਤ ਸੈਦੇਵਾਲਾ ਦੇ ਵਿਦਿਆਰਥੀ ਅਰਸ਼ਦੀਪ ਸਿੰਘ (ਕਲਾਸ 12ਵੀ) ਨੂੰ "ਬੈਸਟ ਪਲੇਅਰ ਆਫ ਟੂਰਨਾਮੈਂਟ" ਘੋਸ਼ਿਤ ਕੀਤਾ ਗਿਆ, ਜਿਸ ਨੇ ਆਪਣੀ ਖੇਡ ਕਲਾਵਤਾਵਾਂ ਨਾਲ ਹਰ ਕਿਸੇ ਨੂੰ ਪ੍ਰਭਾਵਿਤ ਕੀਤਾ। ਅਕਾਲ ਅਕੈਡਮੀ ਉੱਡਤ ਸੈਦੇਵਾਲਾ ਦੀ ਪ੍ਰਿੰਸੀਪਲ ਹਰਪ੍ਰੀਤ ਕੌਰ ਨੇ ਸਾਰੇ ਵਿਦਿਆਰਥੀਆਂ, ਟੀਮਾਂ ਅਤੇ ਕੋਚ ਸ. ਬਲਵਿੰਦਰ ਸਿੰਘ ਨੂੰ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਖੇਡਾਂ ਰਾਹੀਂ ਆਪਣੇ ਸਰੀਰ ਤੇ ਮਨ ਨੂੰ ਤੰਦਰੁਸਤ ਰੱਖਣ ਲਈ ਪ੍ਰੇਰਿਤ ਕੀਤਾ। ਇਹ ਟੂਰਨਾਮੈਂਟ ਨਾ ਸਿਰਫ ਖੇਡਾਂ ਦੀ ਮੁਕਾਬਲੇਬਾਜੀ ਸੀ, ਸਗੋਂ ਇਹ ਵਿਦਿਆਰਥੀਆਂ ਵਿੱਚ ਸਹਿਯੋਗ, ਆਤਮ ਵਿਸ਼ਵਾਸ ਦੇ ਗੁਣ ਵਿਕਸਤ ਕਰਨ ਵਾਲਾ ਉੱਤਮ ਮੰਚ ਸੀ।

# ਨੂਰ ਹਸਪਤਾਲ ਮੋਰਿੰਡਾ 19ਵਾਂ ਖੂਨ ਦਾਨ ਕੈਂਪ ਲਗਾਇਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com



ਮੋਰਿੰਡਾ 1 ਮਈ (ਪਤਰ ਪ੍ਰੇਰਕ) ਨੂਰ ਹਸਪਤਾਲ ਮੋਰਿੰਡਾ ਵਲੋਂ 19ਵਾਂ ਖੂਨਦਾਨ ਕੈਂਪ 1 ਮਈ ਨੂੰ ਨੂਰ ਹਸਪਤਾਲ ਚੂੰਨੀ ਰੋਡ, ਸਾਹਮਣੇ ਦਰਪਣ ਇਨਕਲੇਵ ਮੋਰਿੰਡਾ ਵਿਖੇ ਲਗਾਇਆ ਗਿਆ । ਇਸ ਖੂਨ ਦਾਨ ਕੈਂਪ ਦਾ ਉਦਘਾਟਨ ਬੇਟੀ ਜਸਨੂਰ ਕੌਰ ਨੂਰ ਨੇ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਨੂਰ ਹਸਪਤਾਲ ਦੇ ਐਮ. ਡੀ. ਗੁਰਸੇਵਕ ਸਿੰਘ ਨੇ ਦੱਸਿਆ ਕਿ ਇਹ ਖੂਨਦਾਨ ਕੈਂਪ ਹਰ ਸਾਲ ਬੇਟੀ ਜਸਨੂਰ ਕੋਰ ਨੂਰ ਦੇ ਜਨਮ ਦਿਨ ਤੇ ਲਗਾਇਆ ਜਾਂਦਾ ਹੈ। ਇਸ ਸਮੇਂ ਸਤਿਅਮ ਬਲੱਡ ਬੈਂਕ ਲੁਧਿਆਣਾ ਦੀ ਟੀਮ ਵਲੋਂ 87 ਯੁਨਿਟ ਖੂਨ ਇਕੱਤਰ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਪੀ ਏ ਡੀ ਬੈਂਕ ਦੇ ਵਾਇਸ ਚੇਅਰਮੈਨ ਕਰਨੈਲ ਸਿੰਘ ਜੀਤ ਪਹੁੰਚੇ। ਇਸ ਮੌਕੇ ਪੁੱਜੇ ਸਮੂਹ ਪਤਵੰਤੇ ਸੱਜਣਾਂ ਨੇ ਡਾ ਗੁਰਸੇਵਕ ਸਿੰਘ ਨੂਰ ਵਲੋਂ ਸਮਾਜ ਸੇਵਾ ਵਿਚ ਪਾਏ ਜਾ ਰਹੇ ਨਿਗਰ ਯੋਗਦਾਨ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਖੂਨ ਦਾਨ ਸਭ ਤੋਂ ਵੱਡਾ ਦਾਨ ਹੈ ਕਿਉਂਕਿ ਇਸ ਖੂਨ ਨਾਲ ਲੋੜਵੰਦ ਵਿਅਕਤੀਆਂ ਨੂੰ ਨਵਾਂ ਜੀਵਨ ਮਿਲਦਾ ਹੈ। ਇਸ ਸਮੇਂ ਡਾ ਗੁਰਸੇਵਕ ਸਿੰਘ ਅਤੇ ਪਤਵੰਤੇ ਸੱਜਣਾ ਵਲੋਂ ਖੂਨ ਦਾਨੀਆਂ ਅਤੇ ਮਹਿਮਾਨਾਂ ਨੂੰ ਸਰਟੀਫਿਕੇਟ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਡੀਕਲ ਅਫ਼ਸਰ ਡਾਕਟਰ ਅਰਵਿੰਦਰ ਸਿੰਘ ਐਮ ਬੀ ਬੀ ਐਸ,ਡਾ ਗੌਰਵ ਜੈਨ ਮੈਡੀਕਲ ਸਰਜਨ, ਕੌਂਸਲਰ ਸੁਖਜਿੰਦਰ ਸਿੰਘ ਕਾਕਾ, ਐਡਵੋਕੇਟ ਪਰਮਿੰਦਰ ਸਿੰਘ ਤੂਰ, ਠੇਕੇਦਾਰ ਗੁਰਮੀਤ ਸਿੰਘ ਬੜ੍ਹਾ,ਮਹਿਲਾ ਆਗੂ ਬਿੰਦਰ ਪਾਲ ਕੌਰ, ਸੇਵਾ ਸਿੰਘ ਭੂਰੜੇ,ਸੁਰਿੰਦਰ ਸਿੰਘ ਕਲੌਂਦੀ, ਗੁਰਮੀਤ ਸਿੰਘ ਮਾਜਰੀ, ਡਾਕਟਰ ਦਰਸ਼ਨ ਸਿੰਘ ਨੌਗਾਵਾਂ , ਜਸਪ੍ਰੀਤ,ਕੇਸਰ ਸਿੰਘ, ਹਰਵਿੰਦਰ ਸਿੰਘ ਪਮੌਰ, ਕ੍ਰਿਪਾਲ ਸਿੰਘ ਰੂਪਨਗਰ, ਸ਼ਵੀ ਏ ਐਨ ਐਮ ਅਤੇ ਬੰਟੂ ਸਦਾ ਵਰਤ ਆਦਿ ਪਤਵੰਤੇ ਸੱਜਣ ਹਾਜ਼ਰ ਸਨ।

# ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਰੈਗੂਲਰ ਵਿਦਿਆਰਥੀਆਂ ਲਈ ਦਾਖਲੇ ਦੀ ਅੰਤਿਮ ਮਿਤੀ ਨਿਰਧਾਰਿਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com

ਮੋਹਾਲੀ 02 ਮਈ (ਅੰਗਰੇਜ ਸਿੰਘ ਵਿੱਕੀ/ਬਲਜੀਤ ਸਿੰਘ ਕੇਟਗੁਰੂ) - ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਰਕਾਰੀ/ਏਡਿਡ ਐਫੀਲੀਏਟਿਡ ਅਤੇ ਐਸੋਸੀਏਟਿਡ ਸਕੂਲ ਮੁੱਖੀਆਂ ਅਤੇ ਪੰਜਾਬ ਰਾਜ ਦੇ ਸਮੂਹ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬੋਰਡ ਵਲੋਂ ਅਕਾਦਮਿਕ ਸਾਲ 2025- 26 ਲਈ ਅੱਠਵੀਂ ਤੋਂ ਬਾਰ੍ਹਵੀਂ ਸ੍ਰੇਣੀਆਂ ਲਈ ਸਕੂਲਾਂ ਵਿੱਚ ਦਾਖਲਾ ਲੈਣ ਵਾਲੇ ਰੈਗੂਲਰ ਵਿਦਿਆਰਥੀਆਂ ਵਾਸਤੇ ਦਾਖਲੇ ਦੀ ਅੰਤਿਮ ਮਿਤੀ 15 ਜੁਲਾਈ 2025 ਨਿਰਧਾਰਿਤ ਕੀਤੀ ਜਾਂਦੀ ਹੈ।

# ਮਨਜੀਤ ਕੌਰ ਗਾਮੀਵਾਲਾ ਕਤਲ ਕਾਂਡ ਦੀ ਸਾਜ਼ਿਸ਼ ਤੋਂ ਮਾਨਸਾ ਪੁਲਿਸ ਹਟਾਵੇ ਪਰਦਾ- ਅਰਸੀ

## ਗਾਮੀਵਾਲਾ ਕ਼ਤਲ ਕਾਂਡ ਸਬੰਧੀ ਇਨਸਾਫ਼ ਲਈ ਸੀ ਪੀ ਆਈ ਅਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਬੋਹਾ ਥਾਣੇ ਦਾ ਕੀਤਾ ਘਿਰਾਓ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com



ਮਾਨਸਾ/ਬੋਹਾ 2 ਮਈ( ਆਤਮਾ ਸਿੰਘ ਪਮਾਰ ) ਲੰਘੀ 8 ਮਾਰਚ ਨੂੰ ਵਹਿਸ਼ਿਆਨਾ ਢੰਗ ਨਾਲ ਹੋਏ ਕਤਲ ਸਬੰਧੀ ਪੁਲਿਸ ਵੱਲੋਂ ਇਨਸਾਫ਼ ਦੇਣ ਲਈ ਗੰਭੀਰ ਨਾ ਹੋਣ ਦੇ ਵਿਰੋਧ 'ਚ ਕੁਲ ਹਿੰਦ ਕਿਸਾਨ ਸਭਾ ਦੇ ਮਲਕੀਤ ਸਿੰਘ ਮੰਦਰਾਂ ਤੇ ਸੀ ਪੀ ਆਈ ਦੇ ਜ਼ਿਲ੍ਹਾ ਸਹਾਇਕ ਸਕੱਤਰ ਸੀਤਾਰਾਮ ਗੋਬਿੰਦਪੁਰਾ,ਏਟਕ ਆਗੂ ਜਗਸੀਰ ਰਾਏ ਕੇ ਦੀ ਅਗਵਾਈ ਹੇਠ ਅੱਜ ਸੈਕੜੇ ਪਾਰਟੀ ਵਰਕਰਾਂ ਤੇ ਜਨਤਕ ਜਮਹੂਰੀ ਜਥੇਬੰਦੀਆਂ ਵਲੋਂ ਵਿਸ਼ਾਲ ਰੋਹ ਭਰਪੂਰ ਅਤੇ ਰੋਸ ਧਰਨਾ ਦੇ ਕੇ ਜ਼ਬਰਦਸਤ ਪ੍ਰਦਰਸ਼ਨ ਵੀ ਕੀਤਾ ਗਿਆ। ਮਨਜੀਤ ਕੌਰ ਗਾਮੀਵਾਲਾ ਦੇ ਕਤਲ ਕੇਸ ਨੂੰ ਕੁੱਝ ਪੁਲਿਸ ਅਧਿਕਾਰੀ ਲਗਾਤਾਰ ਕਮਜ਼ੋਰ ਕਰ ਰਹੇ ਹਨ, ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਨਾ ਮਿਲਣ ਸਕਣ, ਇਸ ਲਈ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਕਤਲ ਕਾਂਡ ਦੇ ਮੁੱਖ ਸਾਜ਼ਿਸ਼ ਕਰਤਾ ਨੂੰ ਜਾਣ ਬੁੱਝ ਕੇ ਬਚਾਇਆ ਜਾ ਰਿਹਾ ਹੈ ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਕਾ. ਹਰਦੇਵ ਸਿੰਘ ਅਰਸ਼ੀ ਨੇ ਥਾਣਾ ਬੋਹਾ ਅੱਗੇ ਰੋਹ ਭਰਪੂਰ ਧਰਨੇ ਨੂੰ ਸੰਬੋਧਨ ਕਰਦਿਆਂ ਕੀਤਾ।

ਇਸ ਮੌਕੇ ਉਹਨਾਂ ਕਿਹਾ ਕਿ ਇਸ ਬੇਇਨਸਾਫ਼ੀ ਖ਼ਿਲਾਫ਼ ਇਲਾਕੇ ਦੀਆਂ ਜਨਤਕ ਧਿਰਾਂ ਤੇ ਸਿਆਸੀ ਖੇਤਰ ਵਿੱਚ ਰੋਸ ਅਤੇ ਰੋਹ ਦੀ ਲਹਿਰ ਪਾਈ ਜਾ ਰਹੀ ਹੈ। ਜਦੋਂ ਕਿ ਪੁਲਿਸ ਪ੍ਰਸ਼ਾਸਨ ਇਸ ਕੇਸ ਨੂੰ ਹਲਕੇ ਢੰਗ ਨਾਲ ਲੈ ਰਿਹਾ ਹੈ। ਉਹਨਾ ਕਿਹਾ ਕਿ ਦੋਸ਼ੀਆਂ ਖ਼ਿਲਾਫ਼ ਕਾਰਵਾਈ ਨੂੰ ਅਮਲ ਵਿੱਚ ਲਿਆਂਦਾ ਜਾਵੇ।

ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਸਿੰਘ ਚੌਹਾਨ, ਏਟਕ ਆਗੂ ਐਡਵੋਕੇਟ ਕੁਲਵਿੰਦਰ ਉੱਡਤ ਨੇ ਲੋਕਾਂ ਨੂੰ ਇਨਸਾਫ਼ ਲੈਣ ਤੱਕ ਸੰਘਰਸ਼ ਨੂੰ ਜਾਰੀ ਰੱਖਣ ਤੇ ਹਰ ਪੱਖੋਂ ਸਹਿਯੋਗ ਦੀ ਅਪੀਲ ਕੀਤੀ।

ਘਿਰਾਓ ਮੌਕੇ ਐਸ ਕੇ ਐਮ ਦੇ ਆਗੂਆਂ ਕੁਲਵੰਤ ਸਿੰਘ ਕਿਸ਼ਨਗੜ੍ਹ,ਲਛਮਣ ਸਿੰਘ ਚੱਕ ਅਲੀ ਸ਼ੇਰ,ਪ੍ਰਸੋਤਮ ਸਿੰਘ ਗਿੱਲ,ਰਾਮਫਲ ਸਿੰਘ ਚੱਕ ਅਲੀ ਸ਼ੇਰ, ਅਮਰੀਕ ਸਿੰਘ ਫਫੜੇ, ਜਗਦੇਵ ਸਿੰਘ ਚਕੇਰੀਆਂ ,ਕਾਂਗਰਸ ਦੇ ਤਰਜੀਤ ਸਿੰਘ ਚਹਿਲ ਆਦਿ ਨੇ ਇਸ ਕਤਲ ਕਾਂਡ ਵਿੱਚ ਸਾਜ਼ਿਸ਼ ਕਰਤਾ ਨੂੰ ਜਨਤਕ ਕਰਕੇ ਸਜ਼ਾ ਦੇਣ, ਰਹਿੰਦੇ ਦੋਸ਼ੀ ਨੂੰ ਗ੍ਰਿਫਤਾਰ ਕਰਨ, ਥਾਣਾ ਬੋਹਾ ਦੇ ਤਤਕਾਲੀ ਮੁਖੀ ਨੂੰ ਬਰਖਾਸਤ ਕਰਨ ਦੀ ਜ਼ੋਰਦਾਰ ਮੰਗ ਕਰਦਿਆਂ,ਭਵਿੱਖ 'ਚ ਵੀ ਹਰ ਸੰਘਰਸ਼ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ।

ਥਾਣੇ ਦੇ ਘਿਰਾਓ ਦੌਰਾਨ ਡੀ. ਐਸ. ਪੀ ਸਿੰਕਦਰ ਸਿੰਘ ਚੀਮਾ ਵੱਲੋਂ ਖ਼ੁਦ ਪਹੁੰਚ ਕੇ ਪਰਿਵਾਰ ਨੂੰ ਇਨਸਾਫ਼ ਦੇਣ ਸਬੰਧੀ ਵਿਸ਼ਵਾਸ ਦਿੱਤਾ।

ਧਰਨੇ ਅਤੇ ਘਿਰਾਓ ਮੌਕੇ ਹੋਰਨਾਂ ਤੋਂ ਇਲਾਵਾ ਰੂਪ ਸਿੰਘ ਢਿੱਲੋਂ, ਹਰਪ੍ਰੀਤ ਪਿਆਰੀ, ਲਛਮਣ ਸਿੰਘ ਗੰਢੂ, ਹਰਪ੍ਰੀਤ ਮਾਨਸਾ,ਹਰਮੀਤ ਸਿੰਘ ਬੋੜਾਵਾਲ,ਰਤਨ ਭੋਲਾ, ਭੁਪਿੰਦਰ ਗੁਰਨੇ,ਹਰੀ ਸਿੰਘ ਅੱਕਾਂ ਵਾਲੀ, ਤਰਸੇਮ ਬੋਹਾ, ਜੱਗਾ ਸ਼ੇਰ ਖਾਂ, ਮਲਕੀਤ ਸਿੰਘ ਬਖਸ਼ੀਵਾਲਾ,ਪਵਨ ਬੁਢਲਾਡਾ, ਹਰਬੰਸ ਸਿੰਘ ਫੌਜੀ,ਚਿਮਨ ਲਾਲ ਕਾਕਾ, ਮਨਪ੍ਰੀਤ ਫਰੀਦ ਕੇ,ਕੇਵਲ ਮੰਦਰਾਂ ਆਦਿ ਆਗੂ ਵੀ ਸ਼ਾਮਲ ਸਨ। ਮੰਚ ਸੰਚਾਲਨ ਦੀ ਭੂਮਿਕਾ ਮਲਕੀਤ ਮੰਦਰਾਂ ਵੱਲੋਂ ਬਾਖੂਬੀ ਨਿਭਾਈ ਗਈ।

# ਡਰਬੀ (ਯੂ. ਕੇ.) ਦੇ ਸਾਬਕਾ ਮੇਅਰ ਤੇ ਕੈਬਨਿਟ ਮੰਤਰੀ ਕੇਵਲ ਸਿੰਘ ਅਠਵਾਲ ਗੁਰੂ ਨਾਨਕ ਮਿਸ਼ਨ ਟਰੱਸਟ ਢਾਹਾਂ ਕਲੇਰਾਂ ਪੁੱਜੇ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com



ਬੰਗਾ 02 ਮਈ (ਚਰਨਜੀਤ ਸੱਲ੍ਹਾਂ): ਡਰਬੀ, ਯੂ.ਕੇ. ਦੇ ਸਾਬਕਾ ਮੇਅਰ ਤੇ ਕੈਬਨਿਟ ਮੰਤਰੀ ਸ. ਕੇਵਲ ਸਿੰਘ ਅਠਵਾਲ ਆਪਣੀ ਧਰਮ ਪਤਨੀ ਬੀਬੀ ਲਖਵੀਰ ਕੌਰ ਅਠਵਾਲ ਨਾਲ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਮੈਡੀਕਲ ਸੇਵਾਵਾਂ ਅਤੇ ਸਿੱਖਿਆ ਦੇ ਖੇਤਰ ਵਿਚ ਚਾਰ ਦਹਾਕਿਆਂ ਤੋਂ ਕਾਰਜਸ਼ੀਲ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜ਼ੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਮੁੱਖ ਦਫਤਰ ਢਾਹਾਂ ਕਲੇਰਾਂ ਵਿਖੇ ਪੁੱਜੇ ਅਤੇ ਚੱਲ ਰਹੀਆਂ ਵਿਦਿਅਕ ਅਤੇ ਮੈਡੀਕਲ ਸਿਹਤ ਸੰਸਥਾਵਾਂ ਦਾ ਦੌਰਾ ਕੀਤਾ । ਇਸ ਮੌਕੇ ਸ. ਅਠਵਾਲ ਨੇ ਗੱਲਬਾਤ ਕਰਦੇ ਹੋਏ ਟਰੱਸਟ ਦੇ ਮੁੱਖ ਪ੍ਰਬੰਧਕ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜ਼ੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਅਤੇ ਉਹਨਾਂ ਦੇ ਸਾਥੀਆਂ ਵੱਲੋਂ ਸਿਹਤ ਸੇਵਾਵਾਂ ਅਤੇ ਵਿਦਿਅਕ ਸੇਵਾਵਾਂ ਦੇ ਖੇਤਰ ਵਿਚ ਕੀਤੇ ਜਾ ਰਹੇ ਕਾਰਜ਼ਾਂ ਦੀ ਭਰਪੂਰ ਸ਼ਲਾਘਾ ਕੀਤੀ । ਇਸ ਤੋਂ ਪਹਿਲਾਂ ਟਰੱਸਟ ਦੇ ਮੀਤ ਸਕੱਤਰ ਸ. ਜਗਜੀਤ ਸਿੰਘ ਸੋਢੀ ਨੇ ਡਰਬੀ (ਯੂ. ਕੇ.) ਦੇ ਸਾਬਕਾ ਮੇਅਰ ਤੇ ਕੈਬਨਿਟ ਮੰਤਰੀ ਸ. ਕੇਵਲ ਸਿੰਘ ਅਠਵਾਲ ਅਤੇ ਉਹਨਾਂ ਦੀ ਧਰਮਪਤਨੀ ਬੀਬੀ ਲਖਵੀਰ ਕੌਰ ਅਠਵਾਲ ਦਾ ਢਾਹਾਂ ਕਲੇਰਾਂ ਪੁੱਜਣ ਤੇ ਨਿੱਘਾ ਸਵਾਗਤ ਕੀਤਾ। ਉਹਨਾਂ ਨੇ ਟਰੱਸਟ ਕੰਪਲੈਕਸ ਢਾਹਾਂ ਕਲੇਰਾਂ ਵਿਖੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਸਥਾਪਿਤ ਸੰਸਥਾਵਾਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ, ਬਾਬਾ ਬੁੱਧ ਸਿੰਘ ਢਾਹਾਂ ਟਰੌਮਾ ਸੈਂਟਰ, ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ, ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ, ਗੁਰੂ ਨਾਨਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਅਤੇ ਬਲੱਡ ਬੈਂਕ ਢਾਹਾਂ ਕਲੇਰਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ । ਜਗਜੀਤ ਸਿੰਘ ਸੋਢੀ ਮੀਤ ਸਕੱਤਰ ਨੇ ਟਰੱਸਟ ਦੇ ਪ੍ਰਧਾਨ ਸ. ਕੁਲਵਿੰਦਰ ਸਿੰਘ ਢਾਹਾਂ ਅਤੇ ਸਮੂਹ ਟਰੱਸਟ ਮੈਂਬਰਾਂ ਵੱਲੋਂ ਸ. ਕੇਵਲ ਸਿੰਘ ਅਠਵਾਲ (ਸਾਬਕਾ ਮੇਅਰ ਤੇ ਕੈਬਨਿਟ ਮੰਤਰੀ) ਅਤੇ ਬੀਬੀ ਲਖਵੀਰ ਕੌਰ ਅਠਵਾਲ ਦਾ ਸਨਮਾਨ ਕੀਤਾ ਅਤੇ ਢਾਹਾਂ ਕਲੇਰਾਂ ਵਿਖੇ ਆਉਣ ਲਈ ਧੰਨਵਾਦ ਕੀਤਾ। ਇਸ ਮੌਕੇ ਪ੍ਰੋ: ਹਰਬੰਸ ਸਿੰਘ ਬੋਲੀਨਾ ਡਾਇਰੈਕਟਰ ਸਿੱਖਿਆ, ਸ. ਮਹਿੰਦਰਪਾਲ ਸਿੰਘ ਸੁਪਰਡੈਂਟ ਤੇ ਹੋਰ ਟਰੱਸਟ ਸਟਾਫ ਮੈਂਬਰ ਵੀ ਹਾਜ਼ਰ ਸਨ । ਵਰਨਣਯੋਗ ਹੈ ਕਿ ਸ. ਕੇਵਲ ਸਿੰਘ ਅਠਵਾਲ ਟਰੱਸਟ ਦੇ ਸਿੱਖਿਆ ਡਾਇਰੈਕਟਰ ਪ੍ਰੋ: ਹਰਬੰਸ ਸਿੰਘ ਬੋਲੀਨਾ ਦੇ ਪਰਮ ਮਿੱਤਰ ਹਨ ।

ਫੋਟੋ ਕੈਪਸ਼ਨ : ਢਾਹਾਂ ਕਲੇਰਾਂ ਵਿਖੇ ਡਰਬੀ ਦੇ ਸਾਬਕਾ ਮੇਅਰ ਅਤੇ ਕੈਬਨਿਟ ਮੰਤਰੀ ਸ੍ਰੀ ਕੇਵਲ ਸਿੰਘ ਅਠਵਾਲ ਅਤੇ ਉਹਨਾਂ ਦੀ ਧਰਮ ਪਤਨੀ ਬੀਬੀ ਲਖਵੀਰ ਕੌਰ ਅਠਵਾਲ ਨੂੰ ਯਾਦ ਚਿੰਨ੍ਹ ਭੇਟ ਕਰਕੇ ਸਨਮਾਨਿਤ ਕਰਦੇ ਹੋਏ ਸ ਜਗਜੀਤ ਸਿੰਘ ਸੋਢੀ ਮੀਤ ਸਕੱਤਰ ।

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com

# “ਚੁੱਪ ਰਹਿਣ ਵਾਲੀ ਆਵਾਜ਼”

**ਕਹਾਣੀ:**

Author: Mahek jot
Course: B.A.B.ED
(Intigrated Course)

ਇਹ ਕਹਾਣੀ ਹੈ ਪੰਜਵੀਂ ਕਲਾਸ ਦੀ ਵਿਦਿਆਰਥਣ ਸੁਖਪ੍ਰੀਤ ਦੀ , ਜੋ ਕਲਾਸ ਦੇ ਕੋਨੇ ਵਾਲੀ ਬੈਂਚ ਉਪਰ ਅਕਸਰ ਆਪਣੇ- ਆਪ ਵਿੱਚ ਗੁੰਮ ਰਹਿੰਦੀ। ਉਹ ਨਾ ਕਿਸੇ ਨਾਲ ਗੱਲ ਕਰਦੀ ਤੇ ਨਾ ਹੀ ਕਿਸੇ ਨਾਲ ਖੇਡਦੀ। ਉਹ ਖੇਡਦੀ ਸੀ ਸਿਰਫ਼ ਕਿਤਾਬਾਂ ਦੇ ਪੰਨਿਆਂ ਨਾਲ । ਹਮੇਸ਼ਾ ਉਹਨਾਂ ਪੰਨਿਆਂ ਵਿੱਚ ਖੁੱਬੀ ਰਹਿੰਦੀ। ਚੁੱਪਚਾਪ ਬੈਠੀ ਰਹਿੰਦੀ- ਬਹੁਤ ਕੁਝ ਕਹਿਣਾ ਚਾਹੁੰਦੀ ਸੀ, ਪਰ ਕਦੇ ਕੁੱਝ ਨਾ ਕਹਿ ਸਕੀ। ਨਾ ਕਿਸੇ ਨੇ ਪੁੱਛਿਆ ਤੇ ਨਾ ਹੀ ਕਿਸੇ ਨੇ ਸਮਝਣ ਦੀ ਕੋਸ਼ਿਸ਼ ਕੀਤੀ।

ਉਹ ਹਰ ਰੋਜ਼ ਆਪਣੇ ਹੌਸਲੇ ਨੂੰ ਚੁੱਪੀ ਦੀ ਚਾਦਰ ਵਿੱਚ ਲਪੇਟ ਲਿਆਉਂਦੀ। ਉਸ ਦੀਆਂ ਅੱਖਾਂ ਕਿਸੇ ਅਣਕਹੀ ਕਹਾਣੀ ਦਾ ਦਰਪਣ ਸੀ, ਪਰ ਹਰ ਕੋਈ ਉਸ ਦੀ ਚੁੱਪੀ ਨੂੰ “ਸਾਦਾ ਸੁਭਾਅ” ਸਮਝ ਕੇ ਨਜ਼ਰਅੰਦਾਜ਼ ਕਰ ਜਾਂਦਾ।

ਇੱਕ ਦਿਨ ਸਕੂਲ ਵਿੱਚ ਨਵੀਂ ਅਧਿਆਪਿਕਾ ਆਈ - ਮਿਸ.ਨਿਹਾਰਿਕਾ। ਨਰਮ ਲਹਜੇ ਵਾਲੀ, ਹਮੇਸ਼ਾ ਮੁਸਕਰਾਉਣ ਵਾਲੀ ਤੇ ਵਿਦਿਆਰਥੀਆਂ ਨਾਲ ਦਿਲੋਂ ਜੁੜਨ ਵਾਲੀ। ਪਹਿਲੀ ਨਜ਼ਰ ਵਿੱਚ ਹੀ ਮਿਸ.ਨਿਹਾਰਿਕਾ ਨੇ ਸੁਖਪ੍ਰੀਤ ਦੀਆਂ ਅੱਖਾਂ ਵਿੱਚ ਛੁਪਿਆ ਦਰਦ ਵੇਖਿਆ। ਮਿਸ.ਨਿਹਾਰਿਕਾ ਸੁਖਪ੍ਰੀਤ ਕੋਲ ਗਈ ਤੇ ਕਿਹਾ”ਚੁੱਪ ਰਹਿਣ ਵਾਲੀਆਂ ਕੋਲ ਸਭ ਤੋਂ ਵਧੀਕ ਕਹਾਣੀਆਂ ਹੁੰਦੀਆਂ ਨੇ।ਕੀ ਤੂੰ ਆਪਣੀ ਕਹਾਣੀ ਕਦੇ ਸੁਣਾਈ?”

ਇਸ ਇੱਕ ਸਵਾਲ ਨੇ ਸੁਖਪ੍ਰੀਤ ਦੇ ਦਿਲ ਦੇ ਦਰਵਾਜ਼ੇ ਖੋਲ੍ਹ ਦਿੱਤੇ।ਉਸਨੇ ਆਪਣੀਆਂ ਭਾਵਨਾਵਾਂ ਨੂੰ ਕਵਿਤਾਵਾਂ ਦਾ ਰੂਪ ਦਿੱਤਾ।ਉਹ ਹਰ ਰੋਜ਼ ਇੱਕ ਨਵੀਂ ਕਵਿਤਾ ਲਿਖਣ ਲੱਗੀ।

ਮਿਸ.ਨਿਹਾਰਿਕਾ ਨੇ ਸੁਖਪ੍ਰੀਤ ਨੂੰ ਕਈ ਦਿਨ ਤੱਕ ਦੇਖਿਆਂ।ਉਸ ਵਿੱਚ ਪਹਿਲਾਂ ਨਾਲੋਂ ਬਦਲਾਵ ਹੋ ਰਿਹਾ ਸੀ। ਪਰ ਮਿਸ. ਨਿਹਾਰਿਕਾ ਜਾਣਦੀ ਸੀ ਕਿ ਜੇਕਰ ਵਿਦਿਆਰਥੀਆਂ ਨੂੰ ਕੁੱਝ ਸੁਣਾਉਣ ਲਈ ਕਿਹਾ ਜਾਵੇਗਾ ਤਾਂ ਸੁਖਪ੍ਰੀਤ ਕਦੇ ਵੀ ਅੱਗੇ ਨਹੀਂ ਆਏਗੀ, ਕਿਉਂਕਿ ਉਹ ਕਦੇ ਵੀ ਕਿਸੇ ਅੱਖ ਨਾਲ ਅੱਖ ਨਹੀਂ ਮਿਲਾਉਂਦੀ ਸੀ। ਜਿਸ ਕਰਕੇ ਮਿਸ. ਨਿਹਾਰਿਕਾ ਨੇ ਵਿਦਿਆਰਥੀਆਂ ਨੂੰ ਘਰ ਦੇ ਕੰਮ ਦੇ ਰੂਪ ਵਿੱਚ”ਮੇਰੀ ਜ਼ਿੰਦਗੀ ਦੀ ਸਭ ਤੋਂ ਖ਼ਾਸ ਯਾਦ” ਲਿਖਣ ਲਈ ਕਿਹਾ।

ਅੱਗਲੇ ਦਿਨ ਮਿਸ.ਨਿਹਾਰਿਕਾ ਨੇ ਵਿਦਿਆਰਥੀਆਂ ਦੀਆਂ ਕਾਪੀਆਂ ਚੈੱਕ ਕੀਤੀਆਂ, ਜਿਸ ਉੱਪਰ ਥੋੜ੍ਹਾ ਬਹੁਤ ਹੀ ਲਿਖਿਆ ਹੋਇਆ ਸੀ ਪਰ ਸੁਖਪ੍ਰੀਤ ਦੀ ਕਾਪੀ ਦੇ ਪੰਨੇ ਲੰਮੇ ਤੇ ਭਾਵਨਾਤਮਕ ਸਨ। ਉਸਨੇ ਕਵਿਤਾ ਦੇ ਰੂਪ ਵਿੱਚ ਲਿਖਿਆ ਹੋਇਆ ਸੀ । ਕੁੱਝ ਸਤਰਾਂ -

“ ਮੈਂ ਮਾਂ ਦਾ ਹੱਥ ਫੜ੍ਹ ਕੇ
ਸਕੂਲ ਆਈ ਸੀ,
ਉਮੀਦਾਂ ਦੀ ਕਾਪੀ 'ਚ ਚੁੱਪੀ
ਦੀ ਪੈਨਸਿਲ ਨਾਲ।
ਮਾਂ ਨੇ ਕਿਹਾ- ਬੋਲਣਾ ਸਿੱਖੀ
, ਲੋਕਾਂ ਨਾਲ ਰਹਿਣਾ ਸਿੱਖੀ,
ਪਰ ਮੈਂ ਅਜੇ ਤਕ ਆਪਣੇ
ਆਪ ਨਾਲ ਵੀ ਨਾ ਬੋਲ
ਸਕੀ।”

ਮਿਸ.ਨਿਹਾਰਿਕਾ ਦੀਆਂ ਅੱਖਾਂ ਭਿੱਜ ਗਈਆਂ।ਉਹ ਸਮਝ ਗਈ ਕਿ ਸੁਖਪ੍ਰੀਤ ਚੁੱਪ ਨਹੀਂ, ਬੋਲਦੀ ਹੈ - ਲਿਖਤ ਰਾਹੀਂ, ਅਹਿਸਾਸ ਰਾਹੀਂ। ਮਿਸ.ਨਿਹਾਰਿਕਾ ਨੇ ਸੁਖਪ੍ਰੀਤ ਦੀ ਕਵਿਤਾ ਪੜ੍ਹ ਕੇ ਸੁਣਾਈ।ਸਾਰੀ ਕਲਾਸ ਦੇ ਵਿਦਿਆਰਥੀ ਚੌਂਕ ਗਏ। ਸੁਖਪ੍ਰੀਤ ਜੋ ਹਰ ਰੋਜ਼ ਉਹਨਾਂ ਦੇ ਕੋਲ ਹੁੰਦੀ ਸੀ , ਅੱਜ ਉਹਨਾਂ ਦੇ ਦਿਲ ਵਿੱਚ ਆ ਵਸੀ। ਮਿਸ.ਨਿਹਾਰਿਕਾ ਨੇ ਉਸਨੂੰ ਹੌਂਸਲਾ ਦਿੰਦੀਆਂ ਕਿਹਾ,”ਤੂੰ ਚੁੱਪ ਸੀ, ਪਰ ਤੇਰੇ ਅੰਦਰ ਪੂਰੀ ਦੁਨੀਆ ਵੱਸਦੀ ਹੈ । ਹੁਣ ਸਮਾਂ ਆ ਗਿਆ ਹੈ ਕਿ ਤੂੰ ਇਸ ਦੁਨੀਆ ਨੂੰ ਦਿਖਾਵੇ।”

ਮਿਸ.ਨਿਹਾਰਿਕਾ ਨੇ ਸੁਖਪ੍ਰੀਤ ਨੂੰ ਸਕੂਲ ਦੇ ਰਚਨਾਤਮਕ ਲੇਖਨ ਮੁਕਾਬਲੇ ਲਈ ਤਿਆਰ ਕੀਤਾ। ਸ਼ੁਰੂ ਵਿੱਚ ਉਹ ਡਰੀ ਹੋਈ ਸੀ,ਪਰ ਮਿਸ.ਨਿਹਾਰਿਕਾ ਦੀ ਹੌਸਲਾਅਫਜ਼ਾਈ ਨੇ ਉਹ ਡਰ ਹੌਂਸਲੇ ਵਿੱਚ ਬਦਲ ਦਿੱਤਾ।

ਮੁਕਾਬਲੇ ਵਾਲੇ ਦਿਨ, ਸੁਖਪ੍ਰੀਤ ਨੇ ਆਪਣੀ ਕਵਿਤਾ “ਚੁੱਪ ਦੀ ਰਾਣੀ” ਜਿਸ ਵਿੱਚ ਉਸਨੇ ਆਪਣੇ ਤਜ਼ਰਬੇ, ਡਰ ਅਤੇ ਹੌਂਸਲੇ ਨੂੰ ਕਲਮ ਰਾਹੀਂ ਬਿਆਨ ਕੀਤਾ। ਕਵਿਤਾ ਦੀਆਂ ਕੁੱਝ ਸਤਰਾਂ-

“ਅੱਖਾਂ ਨੇ ਕਹਾਣੀ ਲਿਖੀ ,
ਲਫ਼ਜ਼ਾਂ ਦੀ ਪਿਆਸੀ ਨਦੀਂ
ਵਹੀ।
ਜਿਸਨੂੰ ਕੋਈ ਨਾ ਸਮਝ
ਸਕਿਆਂ,
ਉਸਨੂੰ ਇਕ ਅਧਿਆਪਕ ਨੇ
ਸਮਝ ਲਿਆ।”

ਜਦੋਂ ਕਵਿਤਾ ਮੁਕੰਮਲ ਹੋਈ , ਹਾਲ ਵਿੱਚ ਤਾਲੀਆਂ ਗੂੰਜਣ ਲੱਗੀਆਂ। ਪਹਿਲੀ ਵਾਰ ਸੁਖਪ੍ਰੀਤ ਦੀਆਂ ਅੱਖਾਂ ਵਿੱਚ ਪਾਣੀ ਨਹੀਂ ਚਮਕ ਸੀ। ਮਿਸ. ਨਿਹਾਰਿਕਾ ਨੇ ਸੁਖਪ੍ਰੀਤ ਤੋਂ ਮਾਈਕ ਫੜ੍ਹਦਿਆਂ ਕਿਹਾ,”ਅਸੀਂ ਅਕਸਰ ਚੁੱਪ ਰਹਿਣ ਵਾਲੇ ਚਿਹਰਿਆਂ ਪਿੱਛੇ ਛੁਪੇ ਅਸਲ ਹੀਰੇ ਨੂੰ ਨਹੀਂ ਵੇਖਦੇ। ਸੁਖਪ੍ਰੀਤ ਸਾਡੀ ਕਲਾਸ ਤੇ ਸਕੂਲ ਦੀ ਰੌਸ਼ਨੀ ਹੈ। ਜਿਸਨੇ ਸਾਨੂੰ ਦੱਸਿਆਂ ਹੈ ਕਿ ਅਸਲ ਤਾਕਤ ਅੰਦਰੋਂ ਆਉਂਦੀ ਹੈ।”

ਸੁਖਪ੍ਰੀਤ ਹੁਣ ਚੁੱਪ ਨਹੀਂ ਰਹੀ, ਲਿਖਣ ਲੱਗੀ ਅਤੇ ਹੋਰਨਾਂ ਲਈ ਪ੍ਰੇਰਨਾ ਬਣੀ।

# “ ਯੁੱਧ ਨਸ਼ਿਆਂ ਵਿਰੁੱਧ ” ਤਹਿਤ ਸਿਵਲ ਹਸਪਤਾਲ ਮੋਰਿੰਡਾ ਵੱਲੋਂ ਕੱਢੀ ਚੇਤਨਾ ਰੈਲੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com



ਮੋਰਿੰਡਾ 2 ਮਈ ( ਪਤਰ ਪ੍ਰੇਰਕ) ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ.ਪਰਮਿੰਦਰ ਜੀਤ ਸਿੰਘ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਮੋਰਿੰਡਾ ਦੀ ਯੋਗ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ “ ਯੁੱਧ ਨਸ਼ਿਆਂ ਵਿਰੁੱਧ ” ਤਹਿਤ ਲੋਕਾਂ ਨੂੰ ਜਾਗਰੂਕ ਕਰਨ ਲਈ ਰੈਲੀ ਕੱਢੀ ਗਈ। ਜਿਸ ਤਹਿਤ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਸਬੰਧੀ ਜਾਗਰੂਕ ਕੀਤਾ ਗਿਆ। ਇਸ ਮੌਕੇ ਤੇ ਡਾ. ਪਰਮਿੰਦਰ ਜੀਤ ਸਿੰਘ, ਐਸ.ਐਮ.ਓ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਮਾੜੀ ਸੰਗਤ ਵਿੱਚ ਫਸਕੇ ਵੱਖ-ਵੱਖ ਤਰ੍ਹਾਂ ਦੇ ਨਸ਼ਿਆਂ ਦਾ ਸੇਵਨ ਕਰਨ ਲੱਗ ਜਾਂਦੀ ਹੈ, ਜਿਸ ਨਾਲ ਸਰੀਰ ਦੀ ਤੰਦਰੁਸਤੀ ਤੇ ਮਾੜਾ ਪ੍ਰਭਾਵ ਪੈਂਦਾ ਹੈ।ਨੌਜਵਾਨ ਕਈ ਤਰ੍ਹਾਂ ਦੇ ਨਸ਼ੇ ਜਿਵੇਂ ਕਿ ਨਸ਼ੀਲੀਆਂ ਦਵਾਈਆਂ, ਤੰਬਾਕੂ, ਅਫੀਮ, ਹਿਰੋਇਨ, ਚਰਸ, ਗਾਂਜਾ, ਡੋਡੇ, ਸ਼ਰਾਬ, ਨਸ਼ੇ ਦੇ ਟੀਕੇ,ਗੋਲੀਆਂ,ਕੈਪਸੂਲ ਅਤੇ ਭੁੱਕੀ ਆਦਿ ਦਾ ਸੇਵਨ ਕਰਕੇ ਆਪਣਾ ਜੀਵਨ ਖਤਮ ਕਰ ਰਹੇ ਹਨ। ਨਸ਼ੇ ਦੇ ਸ਼ਿਕਾਰ ਨੌਜਵਾਨ ਆਰਥਿਕ, ਸਮਾਜਿਕ ਅਤੇ ਸਰੀਰਿਕ ਪੱਖੋਂ ਕਮਜ਼ੋਰ ਹੋ ਜਾਂਦੇ ਹਨ ਅਤੇ ਪੈਸਾ ਨਾ ਹੋਣ ਦੀ ਸੂਰਤ ਵਿੱਚ ਕਈ ਨੌਜਵਾਨ ਚੋਰੀ ਜਾਂ ਅਪਰਾਧ ਕਰਕੇ ਆਪਣਾ ਨਸ਼ਾ ਪੂਰਾ ਕਰਦੇ ਹਨ ਅਤੇ ਘਰ ਵਿੱਚ ਪਰਿਵਾਰ ਨਾਲ ਮਾਹੌਲ ਸੁਖਾਵਾਂ ਨਹੀਂ ਰਹਿੰਦਾ। ਇਸ ਮੌਕੇ ਤੇ ਸੁਖਵੀਰ ਕੌਰ ਕਾਊਂਸਲਰ (ਓ.ਓ.ਏ.ਟੀ. ਸੈਂਟਰ) ਨੇ ਦੱਸਿਆ ਕਿ ਜੇਕਰ ਕੋਈ ਵੀ ਨੌਜਵਾਨ ਤੁਹਾਨੂੰ ਨਸ਼ਾ ਕਰਦਾ ਮਿਲਦਾ ਹੈ ਅਤੇ ਜੇਕਰ ਉਹ ਨੌਜਵਾਨ ਨਸ਼ਾ ਛੱਡਣਾ ਚਾਹੁੰਦਾ ਹੈ ਤਾਂ ਪੰਜਾਬ ਸਰਕਾਰ ਵੱਲੋਂ ਖੋਲੇ ਗਏ ਓਟ ਕਲੀਨਿਕਾਂ ਅਤੇ ਓ.ਐਸ. ਟੀ ਸੈਂਟਰ ਵਿੱਚ ਨਸ਼ੇ ਦੀ ਦਵਾਈ ਮੁਫ਼ਤ ਮਿਲਦੀ ਹੈ, ਜਿਸ ਦੀ ਡੋਜ਼ ਡਾਕਟਰ ਵੱਲੋਂ ਨਿਰਧਾਰਤ ਕੀਤੀ ਜਾਂਦੀ ਹੈ ਅਤੇ ਹੌਲੀ ਹੌਲੀ ਇਹ ਡੋਜ਼ ਘਟਾ ਕੇ ਨਸ਼ਾ ਖਤਮ ਕੀਤਾ ਜਾਂਦਾ ਹੈ,ਜਿਸ ਨਾਲ ਨੌਜਵਾਨ ਆਪਣੇ ਨਵੇਂ ਅਤੇ ਨਸ਼ਾ ਰਹਿਤ ਜੀਵਨ ਦੀ ਸ਼ੁਰੂਆਤ ਕਰ ਸਕਦੇ ਹਨ। ਇਸ ਮੌਕੇ ਤੇ ਡਾ. ਗਰਜਾ ਸਿੰਘ, ਇੰਚਾਰਜ ਓ.ਐਸ.ਟੀ. ਸੈਂਟਰ, ਜਸਵੀਰ ਸਿੰਘ , ਕਾਊਂਸਲਰ ਓ.ਐਸ. ਟੀ. ਸੈਂਟਰ, ਪਰਮਜੀਤ ਕੌਰ ਨਰਸਿੰਗ ਸਿਸਟਰ, ਸੋਨਾਲੀ ਜੇਇਸ, ਸਟਾਫ ਨਰਸ, ਹਰਦੀਪ ਸਿੰਘ, ਰਮਨਦੀਪ ਸਿੰਘ, ਰਾਘਵ ਸਿੰਗਲਾ, ਕਰਮਜੀਤ ਸਿੰਘ, ਸਮੂਹ ਆਸ਼ਾ ਵਰਕਰਜ਼ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

# ਪਟਿਆਲਾ ਜ਼ਿਲ੍ਹੇ ਦੇ ਪਿੰਡ ਖੇੜੀ ਮਾਨੀਆਂ ਚ' ਪੰਜਾਬ ਵਿੱਚ ਵੱਧ ਰਹੇ ਨਸ਼ੇ ਨੂੰ ਰੋਕਣ ਲਈ ਯੁੱਧ "ਨਸ਼ਿਆਂ ਵਿਰੁੱਧ" ਤਹਿਤ 50 ਪਿੰਡਾਂ ਦੀਆਂ ਪੰਚਾਇਤਾਂ ਦਾ ਹੋਇਆ ਇਕੱਠ, ਸਰਪੰਚ ਮਨਪ੍ਰੀਤ ਸਿੰਘ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ INTERNATIONAL PAPER, 94636 01616 hardipchumber57@gmail.com

ਪਟਿਆਲਾ ਜਗਤਾਰ ਸਿੰਘ ਰੋੜੇਵਾਲ/ਬੇਅੰਤ ਰੋਹਟੀ ਖਾਸ -- ਪੰਜਾਬ ਵਿੱਚ ਵੱਧ ਰਹੇ ਨਸ਼ੇ ਨੂੰ ਰੋਕਣ ਲਈ ਯੁੱਧ ਨਸ਼ਿਆਂ ਵਿਰੁੱਧ ਤਹਿਤ ਪਿੰਡ ਖੇੜੀ ਮਾਨੀਆਂ ਜਿਲਾ ਪਟਿਆਲਾ ਵਿਖੇ 50 ਪਿੰਡਾਂ ਦੀਆਂ ਪੰਚਾਇਤਾਂ ਇਕੱਠੀਆਂ ਹੋਈਆਂ।

ਇਕੱਠੀਆਂ, ਹੋਈਆਂ ਪੰਚਾਇਤਾਂ ਨੂੰ ਪ੍ਰਸ਼ਾਸਨ ਦੇ ਸਾਥ ਦੇਣ ਦੀ ਕਹੀ ਗੱਲ ਬੀ ਡੀ ਪੀ ੳ ਟਿਵਾਣਾ ਅਤੇ ਪੁਲਿਸ ਪ੍ਰਸ਼ਾਸਨ ਨੇ ਕਹੀ। ਪਿੰਡ ਦੇ ਸਰਪੰਚ ਮਨਪ੍ਰੀਤ ਸਿੰਘ ਅਤੇ ਅਤੇ ਸਾਬਕਾ ਸਰਪੰਚ ਨਰਿੰਦਰ ਸਿੰਘ ਨੇ ਇਸ ਕਦਰ ਦੀ ਪ੍ਰਸ਼ਾਸਨ ਦੀ ਸ਼ਲਾਘਾ ਕੀਤੀ ਅਤੇ



ਵਿਸ਼ਵਾਸ ਦਿਵਾਉਂਦੇ ਹੋਏ ਕਿਹਾ ਕੇ ਪਿੰਡ ਦੇ ਨੌਜਵਾਨ ਸਤਰਕ ਰਹਿਣਗੇ। ਇਸ ਮੌਕੇ ਤੇ ਭਾਸ਼ਣ ਦੌਰਾਨ ਕਿਹਾ ਕਿ ਪਿੰਡ ਚ ਵਧ ਰਹੇ ਨਸ਼ੇ ਨਾਲ ਘਰ ਹੋ ਰਹੇ ਨੇ ਬਰਬਾਦ

ਅਸੀਂ ਡੁੱਬ ਰਹੇ ਪੰਜਾਬ ਦੇ ਦੁਸ਼ਮਣਾ ਨੂੰ ਸਿਖਾਵਾਂਗੇ ਸਬਕ ਬੀਡੀਪੀਓ ਟਿਵਾਣਾ ਬੁਲਡੋਜ਼ਰਾਂ ਨਾਲ ਪ੍ਰੋਪਰਟੀ ਤਹਿਸ ਨਹਿਸ ਕਰਨ ਦਾ ਉਪਰਾਲਾ ਚੰਗਾ ਉੱਦਮ ਡਿਪਟੀ ਕਮਿਸ਼ਨਰ ਪਟਿਆਲਾ ਪ੍ਰੀਤੀ ਯਾਦਵ ਅਤੇ ਮੁੱਖ ਮੰਤਰੀ ਦਾ ਚੰਗਾ ਉੱਦਮ ਜਿਸ ਤਹਿਤ ਨਸ਼ਾ ਵੇਚਣ ਵਾਲੇ ਲੋਕਾਂ ਦੇ ਹੌਂਸਲੇ ਢਾਹੁਣ ਦੇ ਉਪਰਾਲੇ ਨੂੰ ਤੇਜ ਕਰਦਿਆਂ ਪੰਜਾਬ ਸਰਕਾਰ ਪਿੰਡਾਂ ਚ ਲੋਕਾਂ ਨੂੰ ਜਾਗਰੁਕ ਕਰ ਰਹੀ ਹੈ ਅੱਜ ਪਟਿਆਲਾ ਦੇ ਬੀਡੀਪੀਓ ਦਫ਼ਤਰ ਵੱਲੋਂ ਪਿੰਡ ਖੇੜੀ ਮਾਨੀਆ ਵਿਚ 50 ਪਿੰਡਾਂ ਦੇ ਸਰਪੰਚ ਅਤੇ ਮੋਹਤਵਰ ਲੋਕਾਂ ਨੂੰ ਜਾਗਰੁਕ ਕਰਦਿਆਂ ਪੁਲਿਸ ਪ੍ਰਸ਼ਾਸਨ ਨੂੰ ਮੁਸਤੈਦ ਕੀਤਾ ਅਤੇ ਸਾਥ ਦੇਣ ਲਈ ਕਿਹਾ ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਕਿਹਾ ਪੰਜਾਬ ਸਰਕਾਰ ਨਸ਼ੇ ਵੇਚਣ ਵਾਲਿਆਂ ਖ਼ਿਲਾਫ਼ ਲਾਮਬੰਧ ਹੋ ਚੁੱਕੀ ਹੈ ਹੁਣ ਕੁਝ ਦਿਨਾਂ ਵਿਚ ਨਸ਼ੇ ਵੇਚਣ ਵਾਲੇ ਇਸ ਕੰਮ ਤੇ ਤੌਬਾ ਕਰ ਦੇਣਗੇ। ਪਿੰਡ ਦੇ ਸਰਪੰਚ ਮਨਪ੍ਰੀਤ ਸਿੰਘ ਅਤੇ ਸਾਬਕਾ ਸਰਪੰਚ ਨਰਿੰਦਰ ਸਿੰਘ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਜਿੱਥੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਉਥੇ ਨੌਜਵਾਨਾਂ ਦਾ ਸਹਿਯੋਗ ਵੀ ਦੇਣ ਦਾ ਵਾਅਦਾ ਕੀਤਾ ਗਿਆ ਬੀਡੀਪੀਓ ਸੁਖਵਿੰਦਰ ਸਿੰਘ ਟਿਵਾਣਾ ਨੇ ਸਰਪੰਚਾ ਤੇ ਆਏ ਲੋਕਾਂ ਤੋਂ ਉਮੀਦ ਕੀਤੀ ਜਿੱਥੇ ਪ੍ਰਸ਼ਾਸ਼ਨ ਤੁਹਾਡੇ ਕੋਲੋ ਸਾਥ ਮੰਗਦਾ ਹੈ ਉਥੇ ਤੁਹਾਨੂੰ ਵਿਸ਼ਵਾਸ ਦਿਵਾਉਂਦੇ ਹਾਂ ਕਿ ਪ੍ਰਸ਼ਾਸਨ ਹਰ ਸਮੇਂ ਤੁਹਾਡੇ ਨਾਲ ਖੜ੍ਹੇਗਾ।

# ਹਲਕਾ ਸਮਾਣਾ ਦੇ ਪਿੰਡ ਫਤਿਹਗੜ੍ਹ ਛੰਨਾ ਵਿਖੇ ਮਜ਼ਦੂਰ ਦਿਵਸ ਮਨਾਇਆ ਗਿਆ, ਪ੍ਰਧਾਨ ਜਸਵੀਰ ਸਿੰਘ

## ਮਜ਼ਦੂਰ ਦਿਵਸ ਮੌਕੇ ਪਿੰਡ ਵਿੱਚ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਸਾਹਿਬ ਜੀ ਦਾ ਬੁੱਤ ਸਥਾਪਤ ਕੀਤਾ ਗਿਆ।

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ INTERNATIONAL PAPER, 94636 01616 hardipchumber57@gmail.com

ਪਟਿਆਲਾ ਜਗਤਾਰ ਸਿੰਘ ਰੋੜੇਵਾਲ /ਬੇਅੰਤ ਸਿੰਘ ਰੋਹਟੀ ਖਾਸ)ਵਿਧਾਨ ਸਭਾ ਹਲਕਾ ਸਮਾਣਾ ਦੇ ਪਿੰਡ ਫਤਿਹਗੜ੍ਹ ਛੰਨਾ ਵਿਖੇ ਸਰਪੰਚ ਗੁਰਨੈਬ ਸਿੰਘ ਅਤੇ ਸਮੂਹ ਨਗਰ ਪੰਚਾਇਤ ਅਤੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ, ਕਲੱਬ ਵੱਲੋ ਬਾਬਾ ਗੋਲ ਮੇਲ ਜੀ ਦੇ ਸਥਾਨ ਤੇ ਮਜ਼ਦੂਰ ਦਿਵਸ, ਕਲੱਬ ਦੇ ਪ੍ਰਧਾਨ ਸ.ਜਸਵੀਰ ਸਿੰਘ, ਖਜਾਨਚੀ ਜਸਪਾਲ ਸਿੰਘ ਫੋਜੀ ਅਤੇ ਜਥੇਦਾਰ ਗੁਰਮੇਲ ਸਿੰਘ ਸਮੂਹ ਨਗਰ ਨਿਵਾਸੀਆਂ ਵੱਲੋ ਮਨਾਇਆ ਗਿਆ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਅੰਬੇਡਕਰ ਕਲੱਬ ਦੇ ਪ੍ਰਧਾਨ ਜਸਵੀਰ ਸਿੰਘ ਨੇ ਦੱਸਿਆ ਕਿ ਸਮੂਹ ਨਗਰ ਪੰਚਾਇਤ ਅਤੇ ਅੰਬੇਦਕਰ ਕਲੱਬ ਵੱਲੋ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬਾਬਾ ਸਾਹਿਬ



ਭੀਮ ਰਾਓ ਅੰਬੇਦਕਰ ਜੀ ਦਾ ਸਟੈਚੂ ਪਿੰਡ ਵਿੱਚ ਲਗਾਇਆ ਗਿਆ। ਮਜ਼ਦੂਰ ਦਿਵਸ ਮਨਾਉਣ ਮੌਕੇ ਵਿਸ਼ੇਸ਼ ਤੌਰ ਤੇ ਸ. ਰੂਪ ਸਿੰਘ ਬਠੋਈ ਇੰਚਾਰਜ ਬਹੁਜਨ ਸਮਾਜ ਪਾਰਟੀ ਜਿਲਾ ਪਟਿਆਲਾ ਵਿਸ਼ੇਸ ਤੌਰ ਤੇ ਪਹੁੰਚੇ। ਸ. ਰੂਪ ਸਿੰਘ ਬਠੋਈ ਨੇ ਬੋਲਦਿਆਂ ਕਿਹਾ ਕਿ ਅੱਜ ਦਾ ਦਿਨ ਇਤਿਹਾਸਿਕ ਮਜਦੂਰ ਦਿਵਸ ਹੈ। ਅੱਜ ਅਸੀਂ ਸ਼ਿਕਾਗੋ ਵਿਖੇ ਸ਼ਹੀਦ ਕੀਤੇ ਮਜ਼ਦੂਰ ਜੋ ਆਪਣੇ ਹੱਕਾਂ ਲਈ ਅਵਾਜ਼ ਬੁਲੰਦ ਕਰ ਰਹੇ ਸਨ ਜਿਥੇ ਮਜਦੂਰ ਸ਼ਹੀਦਾਂ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਸਰਧਾ ਦੇ ਫੁੱਲ ਭੇਟ ਕਰਦੇ ਹਾਂ। ਉਨ੍ਹਾਂ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਵਿਸਥਾਰ ਨਾਲ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਸੰਘਰਸੀ ਜੀਵਨ ਤੇ ਚਾਨਣਾ ਪਾਇਆ ਅਤੇ ਬਹੁਜਨ ਸਮਾਜ ਪਾਰਟੀ ਪੰਜਾਬ ਸੰਭਾਲੇ ਮੁਹਿਮ ਨੂੰ ਪਿੰਡ-2 ,ਗਲੀ-2, ਘਰ-ਘਰ ਪਹੁੰਚਾਉਣ ਲਈ ਸੰਗਤਾਂ ਨੂੰ ਬੇਨਤੀ ਕੀਤੀ। ਇਸ ਮੌਕੇ ਤੇ ਸ.ਦਰਸਨ ਸਿੰਘ ਨਿਦਾਮਪੁਰ ਹਲਕਾ ਪ੍ਰਧਾਨ ਬਹੁਜਨ ਸਮਾਜ ਪਾਰਟੀ ਸੰਗਰੂਰ ਨੇ ਵੀ ਸ਼ਹੀਦ ਮਜਦੂਰ ਸਾਥੀਆਂ ਨੂੰ ਸਰਧਾ ਦੇ ਫੁੱਲ ਭੇਟ ਕੀਤੇ ਅਤੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਜੀਵਨ ਤੇ ਵਿਸਥਾਰ ਨਾਲ ਚਰਚਾ ਕੀਤੀ ।ਇਸ ਮੌਕੇ ਤੇ ਚੰਦ ਸਿੰਘ ਭੱਟੀ ਸਕੱਤਰ ਬਸਪਾ ਜਿਲ੍ਹਾ ਪਟਿਆਲਾ, ਹਰਦੇਵ ਸਿੰਘ ਬਿਸ਼ਨਪੁਰਾ ਸਕੱਤਰ ਜਿਲਾ ਪਟਿਆਲਾ, ਕ੍ਰਿਸਨ ਸਿੰਘ ਬੰਮਣਾ, ਦੇਵ ਸਿੰਘ ਬੰਮਣਾ, ਬਲਬੀਰ ਸਿੰਘ ਨਮਾਦਾਂ , ਕਿਰਨਪਾਲ ਕੌਰ ਗਾਜੇਵਾਸ ਬੀਬੀਆਂ ਸਮੇਤ ਹਾਜਰੀ ਲਗਵਾਈ । ਇਸ ਮੌਕੇ ਤੇ ਕਵੀਸ਼ਰੀ ਜੱਥਾ ਰਾਮ ਕੁਲਾਰਾਂ , ਅਤੇ ਬਾਬਾ ਸਾਹਿਬ ਜੀ ਦੇ ਜੀਵਨ ਦੀਆਂ ਕਵੀਤਾਵਾਂ ਨਾਲ ਬਹੁਜਨ ਸਮਾਜ ਦੇ ਲੋਕਾਂ ਦੀ ਅਣਖ ਜਗਾਈ। ਅੰਬੇਡਕਰ ਕਲੱਬ ਪ੍ਰਧਾਨ ਜਸਵੀਰ ਸਿੰਘ ਵੱਲੋਂ ਪਿੰਡ ਵਿੱਚ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਨੂੰ ਲਗਾਉਣ ਨਾਲ ਜਿਥੇ ਗੁਰਨੈਬ ਸਿੰਘ ਸਰਪੰਚ ਸਾਹਿਬ ਤੇ ਸਮੂਚੇ ਪੰਚਾਇਤ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ਉਥੇ ਨਗਰ ਨਿਵਾਸੀਆਂ ਦਾ ਵੀ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ, ਮਜ਼ਦੂਰ ਜਮਾਤ, ਨਗਰ ਨਿਵਾਸੀ ਤੇ ਔਰਤਾਂ ਮੌਜੂਦ ਸਨ । ਅੰਤ ਵਿੱਚ ਸਭ ਬਾਹਰੋਂ ਆਏ ਮਹਿਮਾਨਾਂ ਦਾ ਵਿਸ਼ੇਸ਼ ਤੌਰ ਤੇ ਅੰਬੇਡਕਰ ਕਲੱਬ ਵੱਲੋਂ ਧੰਨਵਾਦ ਕੀਤਾ ਗਿਆ।

# ਇਨਕਲਾਬੀ ਜੋਸ਼-ਖਰੋਸ਼ ਨਾਲ ਮਜਦੂਰ ਦਿਹਾੜਾ ਮਨਾਇਆ ਗਿਆ

## ਸਰਮਾਏਦਾਰਾ ਲੁੱਟ-ਖਸੁੱਟ ਖਿਲਾਫ ਸੰਘਰਸ਼ ਤੇਜ ਕਰਨ ਦੇ ਸੰਕਲਪ ਲੈ ਕੇ ਮਜਦੂਰਾਂ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ INTERNATIONAL PAPER, 94636 01616 hardipchumber57@gmail.com

ਚੰਡੀਗੜ੍ਹ (ਸਤਨਾਮ ਸਿੰਘ ਸਹੁੰਗੜਾ)

ਅੱਜ ਕਾਰਖਾਨਾ ਮਜਦੂਰ ਯੂਨੀਅਨ ਚੰਡੀਗੜ੍ਹ ਵੱਲੋਂ ਨੌਜਵਾਨ ਭਾਰਤ ਸਭਾ ਦੇ ਸਹਿਯੋਗ ਨਾਲ ਹੱਲੋਮਾਜਰਾ (ਚੰਡੀਗੜ੍ਹ) ਵਿਖੇ 'ਮਜਦੂਰ ਦਿਵਸ ਕਾਨਫਰੰਸ' ਕੀਤੀ ਗਈ। ਕਾਨਫਰੰਸ ਦੀ ਸ਼ੁਰੂਆਤ ਮਜਦੂਰ ਜਮਾਤ ਦੇ ਸੰਘਰਸ਼ਾਂ ਅਤੇ ਕੁਰਬਾਨੀਆਂ ਦੇ ਪ੍ਰਤੀਕ ਲਾਲ ਝੰਡਾ ਲਹਿਰਾ ਕੇ ਅੰਬਰੀ ਗੂੰਜਦੇ ਇਨਕਲਾਬੀ ਨਾਅਰਿਆਂ ਅਤੇ ਕੌਮਾਂਤਰੀ ਗੀਤ ਨਾਲ ਕੀਤੀ ਗਈ। ਕਾਨਫਰੰਸ ਵਿੱਚ ਕਾਰਖਾਨਾ ਮਜਦੂਰ ਯੂਨੀਅਨ ਚੰਡੀਗੜ੍ਹ ਦੇ ਮਾਨਵ ਤੇ ਨਿੱਕੀ ਤੇ ਨੌਜਵਾਨ ਭਾਰਤ ਸਭਾ ਦੇ ਆਗੂ ਪ੍ਰਸ਼ਪਿੰਦਰ ਨੇ ਸੰਬੋਧਨ ਕੀਤਾ। ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ) ਵੱਲੋਂ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ ਗਈ। ਬੁਲਾਰਿਆਂ ਨੇ ਮਈ ਦਿਹਾੜੇ ਦੇ ਇਤਿਹਾਸਕ ਮਹੱਤਵ ਅਤੇ ਦੇਸ਼-ਦੁਨੀਆਂ ਦੇ ਹਲਾਤਾਂ



ਅਤੇ ਮਜਦੂਰ ਜਮਾਤ ਨੂੰ ਦਰਪੇਸ਼ ਚਣੌਤੀਆਂ ਬਾਰੇ ਗੱਲਬਾਤ ਕੀਤੀ। ਪ੍ਰੋਗਰਾਮ ਦੌਰਾਨ ਇਨਕਲਾਬੀ ਗੀਤਾਂ ਅਤੇ ਨਾਟਕ ' ਦਾ ਪ੍ਰੋਗਰਾਮ ਪੇਸ਼ ਕੀਤਾ ਗਿਆ। ਮੰਚ ਸੰਚਾਲਨ ਅੰਕਿਤ ਨੇ ਬਾਖੂਬੀ ਕੀਤਾ। ਅੰਤ ਵਿੱਚ ਇਲਾਕੇ 'ਚ ਪੈਦਲ ਝੰਡਾ ਮਾਰਚ ਵੀ ਕੀਤਾ ਗਿਆ।

ਕਾਨਫਰੰਸ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਮਈ ਦਿਹਾੜਾ ਮਜਦੂਰਾਂ ਦੇ ਸੰਘਰਸ਼ਾਂ ਦਾ ਚਿੰਨ੍ਹ ਹੈ। ਦੁਨੀਆ ਭਰ 'ਚ ਹਰ ਸਾਲ 1 ਮਈ ਦਾ ਦਿਨ 'ਅੱਠ ਘੰਟੇ ਕੰਮ, ਅੱਠ ਘੰਟੇ ਅਰਾਮ ਅਤੇ ਅੱਠ ਘੰਟੇ ਮਨੋਰੰਜਨ' ਦੇ ਨਾਅਰੇ ਹੇਠ ਹੋਏ ਇਤਿਹਾਸਕ ਸੰਘਰਸ਼ ਅਤੇ ਮਜਦੂਰਾਂ-ਕਿਰਤੀਆਂ ਦੇ ਹੋਰ ਹੱਕਾਂ ਲਈ ਕੁਰਬਾਨ ਹੋਏ ਮਜਦੂਰ ਸ਼ਹੀਦਾਂ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਮਈ ਦਿਹਾੜੇ ਦੇ ਸ਼ਹੀਦਾਂ ਦੇ ਵਿਚਾਰ, ਉਹਨਾਂ ਦੀਆਂ ਸ਼ਹਾਦਤਾਂ, ਉਹਨਾਂ ਦਾ ਜੀਵਨ ਲੁੱਟੀਂਦੇ ਲੋਕਾਂ ਲਈ ਪ੍ਰੇਰਨਾ ਦਾ ਸ੍ਰੋਤ ਹੈ। ਦੁਨੀਆਂ ਭਰ ਤੇ ਭਾਰਤ ਵਿੱਚ ਵੀ ਜੋ ਵੀ ਕਨੂੰਨੀ ਤੌਰ ਉੱਤੇ ਮਜਦੂਰਾਂ ਨੂੰ ਹੱਕ ਮਿਲੇ ਹਨ, ਉਹ ਸਰਮਾਏਦਾਰ ਜਮਾਤ ਦੀ ਖੈਰਾਤ ਵਿੱਚੋਂ ਨਹੀਂ ਸਗੋਂ ਮਜਦੂਰ ਜਮਾਤ ਦੇ ਇੱਕਮੁੱਠ ਜੁਝਾਰੂ ਸੰਘਰਸ਼ ਅਤੇ ਸਾਡੇ ਪੁਰਖਿਆਂ ਦੀਆਂ ਲਾਸਾਨੀ ਸ਼ਹਾਦਤਾਂ ਸਦਕਾ ਹੀ ਸਾਰੇ ਹੱਕ ਸਾਨੂੰ ਮਿਲੇ ਹਨ। ਜਦੋਂ ਵੀ ਸਰਕਾਰ ਅਤੇ ਸਰਮਾਏਦਾਰ ਮਜਦੂਰਾਂ ਦੀ ਏਕਤਾ ਨੂੰ ਕਮਜੋਰੀ ਦੀ ਹਾਲਤ 'ਚ ਦੇਖਦੇ ਹਨ ਤਾਂ ਸਾਡੇ ਹੱਕਾਂ 'ਤੇ ਹੱਲਾ ਬੋਲਦੇ ਹਨ।

ਬੁਲਾਰਿਆਂ ਨੇ ਕਿਹਾ ਕਿ ਅੱਜ ਭਾਰਤ ਵਿੱਚ ਮਜਦੂਰ ਲਹਿਰ ਦੀ ਕਮਜੋਰੀ ਦੀ ਹਾਲਤ ਵੇਖਦਿਆਂ ਮਜਦੂਰਾਂ, ਕਿਰਤੀਆਂ ਉੱਤੇ ਸਰਮਾਏਦਾਰ ਜਮਾਤ ਵੱਲੋਂ ਤਿੱਖਾ ਆਰਥਿਕ, ਸਿਆਸੀ ਹੱਲਾ ਬੋਲਿਆ ਜਾ ਰਿਹਾ ਹੈ। ਮਜਦੂਰਾਂ ਦੇ ਮਾੜੇ-ਮੋਟੇ ਕਨੂੰਨੀ ਕਿਰਤ ਹੱਕ ਵੀ ਖੋਹੇ ਜਾ ਰਹੇ ਹਨ। ਮੋਦੀ ਸਰਕਾਰ ਵੱਲੋਂ ਚਾਰ ਕਿਰਤ ਕੋਡਾਂ ਦੇ ਰੂਪ ਵਿੱਚ ਵੱਡਾ ਹਮਲਾ ਮਜਦੂਰ ਜਮਾਤ ਉੱਤੇ ਬੋਲਿਆ ਗਿਆ ਹੈ। ਹਰੇਕ ਸਰਕਾਰ ਵੱਲੋਂ ਸੰਸਾਰੀਕਰਨ-ਉਦਾਰੀਕਰਨ-ਨਿੱਜੀਕਰਨ ਦੀਆਂ ਨੀਤੀਆਂ ਧੜਾਧੜ ਲਾਗੂ ਕੀਤੀਆਂ ਜਾ ਰਹੀਆਂ ਹਨ। ਫਿਰਕੂ-ਫਾਸ਼ੀ ਹਮਲਾ ਵੀ ਵਧਦਾ ਜਾ ਰਿਹਾ ਹੈ। ਮਜਦੂਰ ਜਮਾਤ ਨੂੰ ਇਹਨਾਂ ਹੱਲਿਆਂ ਦੇ ਟਾਕਰੇ ਲਈ ਹੋਰ ਕਿਰਤੀਆਂ ਨੂੰ ਨਾਲ ਲੈਂਦੇ ਹੋਏ ਵਿਸ਼ਾਲ ਇੱਕਮੁੱਠ ਤਾਕਤ ਉਸਾਰਨੀ ਹੋਵੇਗੀ। ਹਰ ਪ੍ਰਕਾਰ ਦੀ ਲੁੱਟ-ਖਸੁੱਟ-ਬੇਇਨਸਾਫੀ ਖਿਲਾਫ ਜੂਝਣ ਲਈ ਅੱਗੇ ਆਉਣਾ ਹੀ ਪਹਿਲੀ ਮਈ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਭਾਜਪਾ ਸਰਕਾਰ ਪੰਜਾਬ ਨਾਲ ਕਰ ਰਹੀ ਹੈ ਜਬਰਦਸਤੀ, ਪਾਣੀ ਦੀ ਇਕ ਬੂੰਦ ਵੀ ਸਾਂਝੀ ਨਹੀਂ ਕੀਤੀ ਜਾਵੇਗੀ - ਬ੍ਰਹਮ ਸ਼ੰਕਰ ਜਿੰਪਾ

## ਸਥਾਨਕ ਵਿਧਾਇਕ ਨੇ ਭਾਜਪਾ ਦਫ਼ਤਰ ਸਾਹਮਣੇ ਕੀਤਾ ਰੋਸ ਪ੍ਰਦਰਸ਼ਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ INTERNATIONAL PAPER, 94636 01616 hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੁੰਗੜਾ)

ਕੇਂਦਰ ਦੀ ਭਾਜਪਾ ਸਰਕਾਰ ਦੀ ਸ਼ਹਿ 'ਤੇ ਬੀ.ਬੀ.ਐਮ.ਬੀ ਵਲੋਂ ਹਰਿਆਣਾ ਨੂੰ ਜਬਰਨ 8500 ਕਿਊਸਿਕ ਵਾਧੂ ਪਾਣੀ ਛੱਡੇ ਜਾਣ ਦੇ ਫੈਸਲੇ ਦੇ ਵਿਰੋਧ ਵਿਚ ਅੱਜ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਦੀ ਅਗਵਾਈ ਵੀ ਲੇਬਰ ਸ਼ੈਡ ਤੋਂ ਭਾਜਪਾ ਦਫ਼ਤਰ ਹੁਸ਼ਿਆਰਪੁਰ ਤੱਕ ਜ਼ੋਰਦਾਰ ਰੋਸ ਮਾਰਚ ਕੱਢਿਆ ਗਿਆ। ਇਸ ਮੌਕੇ ਜਿੰਪਾ ਨੇ ਕਿਹਾ ਕਿ ਪੰਜਾਬ ਕੋਲ ਕੇਵਲ ਆਪਣੇ ਹਿੱਸੇ ਦਾ ਹੀ ਪਾਣੀ ਹੈ ਜਿਸ ਨੂੰ ਜਬਰਦਸਤੀ ਖੋਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਭਾਜਪਾ ਵਲੋਂ ਪੰਜਾਬ ਨਾਲ ਕੀਤੀ ਜਾ ਰਹੀ ਜਬਰਦਸਤੀ



ਅਤੇ ਅਤਿਆਚਾਰ ਨੂੰ ਤੁਰੰਤ ਰੋਕਿਆ ਜਾਵੇ। ਆਪ ਪਾਰਟੀ ਦੇ ਵਰਕਰਾਂ ਅਤੇ ਵੱਡੀ ਗਿਣਤੀ ਵਿਚ ਮੌਜੂਦ ਨੇਤਾਵਾਂ ਨੇ ਕੇਂਦਰ ਸਰਕਾਰ, ਹਰਿਆਣਾ ਸਰਕਾਰ, ਭਾਜਪਾ ਅਤੇ ਬੀ.ਬੀ.ਐਮ.ਬੀ ਦੇ ਵਿਰੁੱਧ ਜ਼ੋਰਦਾਰ ਨਾਅਰੇਬਾਜੀ ਕਰਦੇ ਹੋਏ ਵਿਰੋਧ ਪ੍ਰਗਟ ਕੀਤਾ। ਵਿਧਾਇਕ ਜਿੰਪਾ ਨੇ ਕਿਹਾ ਕਿ ਹਰਿਆਣਾ ਪਹਿਲੇ ਹੀ ਆਪਣੇ ਹਿੱਸੇ ਤੋਂ ਵੱਧ ਪਾਣੀ ਲੈ ਚੁੱਕਾ ਹੈ ਅਤੇ ਹੁਣ 8500 ਕਿਊਸਿਕ ਪਾਣੀ ਜ਼ਬਰਦਸਤੀ ਲੈ ਕੇ ਪੰਜਾਬ ਨਾਲ ਬੇਇਨਸਾਫ਼ੀ ਕਰ ਰਿਹਾ ਹੈ ਜਿਸ ਨੂੰ ਪੰਜਾਬ ਸਰਕਾਰ ਵਲੋਂ ਕਦੇ ਵੀ ਸਹਿਨ ਨਹੀਂ ਕੀਤਾ ਜਾਵੇਗਾ। ਉਨ੍ਹਾਂ ਦੋਸ਼ ਲਗਾਇਆ ਕਿ ਭਾਜਪਾ ਦੀ ਕੇਂਦਰ ਸਰਕਾਰ ਹਰਿਆਣਾ, ਦਿੱਲੀ ਅਤੇ ਰਾਜਸਥਾਨ ਦੀਆਂ ਸਰਕਾਰਾਂ ਨਾਲ ਮਿਲ ਕੇ ਪੰਜਾਬ ਅਤੇ ਪੰਜਾਬੀਆਂ ਖਿਲਾਫ਼ ਗਹਿਰੀ ਸਾਜਿਸ਼ ਰਚੀ ਜਾ ਰਹੀ ਹੈ। ਇਸ ਦਾ ਮੂੰਹਤੋੜ ਜਵਾਬ ਦਿੱਤਾ ਜਾਵੇਗਾ। ਪੰਜਾਬ ਦਾ ਕਿਸਾਨ ਅਤੇ ਉਦਯੋਗ ਬਿਨਾ ਪਾਣੀ ਦੇ ਬਰਬਾਦ ਹੋ ਜਾਵੇਗਾ ਇਸ ਲਈ ਆਪਣੇ ਹੱਕ ਦੇ ਪਾਣੀ 'ਤੇ ਕਿਸੇ ਵੀ ਸੂਰਤ ਵਿਚ ਡਾਕਾ ਨਹੀਂ ਪੈਣ ਦਿੱਤਾ ਜਾਵੇਗਾ।

ਵਿਧਾਇਕ ਨੇ ਦੋਸ਼ ਲਗਾਇਆ ਕਿ ਇਹ ਇਕ ਸੋਚੀ-ਸਮਝੀ ਸਾਜਿਸ਼ ਹੈ ਜਿਸ ਤਹਿਤ ਕੇਂਦਰ ਦੀ ਭਾਜਪਾ ਸਰਕਾਰ, ਹਰਿਆਣਾ ਸਰਕਾਰ ਅਤੇ ਬੀ.ਬੀ.ਐਮ.ਬੀ. ਮਿਲ ਕੇ ਪੰਜਾਬ ਦਾ ਪਾਣੀ ਖੋਹਣਾ ਚਾਹੁੰਦੇ ਹਨ ਪਰੰਤੂ ਆਮ ਆਦਮੀ ਪਾਰਟੀ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਇਸ ਨੂੰ ਕਦੇ ਵੀ ਸਫ਼ਲ ਨਹੀਂ ਹੋਣ ਦੇਵੇਗੀ।ਅਖੀਰ ਵਿਚ ਉਨ੍ਹਾਂ ਸਪੱਸ਼ਟ ਕਿਹਾ ਕਿ ਪੰਜਾਬ ਦਾ ਪਾਣੀ ਸਾਡੀ ਅਮਾਨਤ ਹੈ ਇਸ ਨੂੰ ਕਿਸੇ ਨਾਲ ਸਾਂਝਾ ਨਹੀਂ ਕੀਤਾ ਜਾਵੇਗਾ। ਰਾਜ ਸਰਕਾਰ ਪੰਜਾਬ ਦੇ ਅਧਿਕਾਰਾਂ ਦੀ ਰੱਖਿਆ ਲਈ ਪੂਰੀ ਮਜ਼ਬੂਤ ਨਾਲ ਖੜ੍ਹੀ ਹੈ ਅਤੇ ਭਾਜਪਾ ਦੀ ਜਬਰਦਸਤੀ ਨੂੰ ਕਦੇ ਸਫ਼ਲ ਨਹੀਂ ਹੋਣ ਦੇਵੇਗੀ।

# ਮਜਦੂਰ ਦਿਵਸ ਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਸਮਾਜ ਭਲਾਈ ਸੁਸਾਇਟੀ ਨੇ ਨੌਜਵਾਨਾਂ ਨੂੰ ਟੀ-ਸ਼ਰਟਾਂ ਵੰਡੀਆਂ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com



ਨਵਾਂਸ਼ਹਿਰ (ਸਤਨਾਮ ਸਿੰਘ ਸਹੁੰਗੜਾ) ਮਈ ਦਿਵਸ ਨੂੰ ਸਮਰਪਿਤ ਸ੍ਰੀ ਗੁਰੂ ਰਵਿਦਾਸ ਮੰਦਰ ਦੇ ਸਾਹਮਣੇ ਮਜ਼ਦੂਰਾਂ ਨੂੰ ਟੀ ਸ਼ਰਟਾਂ ਵੰਡ ਕੇ ਸਾਹਿਬ ਸ੍ਰੀ ਕਾਂਸ਼ੀ ਰਾਮ ਸਮਾਜ ਭਲਾਈ ਸੁਸਾਇਟੀ ਵੱਲੋਂ ਮਜ਼ਦੂਰ ਦਿਵਸ ਮਨਾਇਆ ਗਿਆ ਜਿਸ ਵਿੱਚ ਤਰਸੇਮ ਲੱਧੜ ਬੈਂਕ ਮੈਨੇਜਰ ਰਿਟਾਇਰ ਅਤੇ ਧਰਮ ਪਾਲ ਬੈਂਕ ਮੈਨੇਜਰ ਰਿਟਾਇਰ ਮੁੱਖ ਮਹਿਮਾਨ ਸਨ ਇਸ ਮੌਕੇ ਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਸਮਾਜ ਭਲਾਈ ਸੁਸਾਇਟੀ ਦੇ ਪ੍ਰਧਾਨ ਰਿੰਕੂ ਰਾਮ ਜਨਾਗਲ ਅਤੇ ਡਾਕਟਰ ਅੰਬੇਡਕਰ ਭਵਨ ਚੈਰੀਟੇਬਲ ਰਿਲੀ ਟਰੱਸਟ ਰਜਿ ਦੇ ਪ੍ਰਧਾਨ ਸਤੀਸ਼ ਕੁਮਾਰ ਲਾਲ ਨੇ ਬੋਲਦਿਆਂ ਕਿਹਾ ਕਿ ਜਿਹੜੇ ਹੱਕ 8 ਮਜ਼ਦੂਰਾਂ ਨੂੰ 8 ਘੰਟੇ ਦੀ ਡਿਊਟੀ ਵਾਲੀ ਸੁਵਿਧਾ ਅਮਰੀਕਾ ਦੇ ਸ਼ਿਕਾਗੋ ਸ਼ਹਿਰ ਵਿਚ ਮਜ਼ਦੂਰਾਂ ਦੀਆਂ ਜਾਨਾਂ ਗੁਆ ਕੇ ਸ਼ਹੀਦੀਆਂ ਪਾ ਕੇ ਪ੍ਰਾਪਤ ਹੋਈ ਹੈ ਉਹ ਸੁਵਿਧਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਨੇ ਭਾਰਤ ਦੇ ਸੰਵਿਧਾਨ ਵਿੱਚ ਕਨੂੰਨੀ ਅਧਿਕਾਰ ਬਿਨਾਂ ਕਿਸੇ ਸਘੰਰਸ਼ ਦੇ ਤੁਹਾਨੂੰ ਲੈ ਕੇ ਦਿੱਤਾ ਹੈ ਅੱਜ ਸਮੇਂ ਅਨੁਸਾਰ ਲੋੜ ਹੈ ਉਨ੍ਹਾਂ ਸਵਿਧਾਨਕ ਅਧਿਕਾਰਾਂ ਨੂੰ ਲਾਗੂ ਲਾਗੂ ਕਰਵਾਉਣ ਲਈ ਸੰਘਰਸ਼ ਕਰਨ ਦੀ ਅੱਜ ਸਮੇਂ ਦੀਆਂ ਸਰਕਾਰਾਂ ਮਜ਼ਦੂਰਾਂ ਨੂੰ ਸਹੀ ਉਜਰਤ ਦੇਣ ਦੀ ਬਜਾਏ ਠੇਕੇਦਾਰੀ ਸਿਸਟਮ ਲਾਗੂ ਕਰ ਰਹੀਆਂ ਹਨ ਅੱਜ ਦੇ ਮਈ ਦਿਵਸ ਤੇ ਮਜ਼ਦੂਰਾਂ ਨੂੰ ਸੰਘਰਸ਼ ਕਰਨ ਦੀ ਬੇਨਤੀ ਕਰਦੇ ਹੋਏ ਇਹ ਮੰਗਕਰਦੇ ਹਾਂ ਕਿ ਇਸ ਤਰ੍ਹਾਂ ਦਾ ਕਾਨੂੰਨ ਦੇਸ਼ ਵਿੱਚ ਬਣਾਇਆ ਜਾਵੇ ਤਾਂ ਕਿ ਕੋਈ ਵੀ ਠੇਕੇਦਾਰ ਕਿਸੇ ਵੀ ਮਜ਼ਦੂਰ ਦੀ ਲੁੱਟ ਖਸੁੱਟ ਨਾ ਕਰ ਨਾ ਕਰ ਸਕੇ ਅਤੇ ਜੇਕਰ ਕੋਈ ਹਾਕਮ ਲੁੱਟ ਖਸੁੱਟ ਕਰਦਾ ਫੜਿਆ ਗਿਆ ਤਾਂ ਉਸ ਨੂੰ ਇਹੋ ਜਿਹੀ ਸਜ਼ਾ ਹੋਵੇ ਕਿ ਮੁੜ ਕੇ ਇਹੋ ਜਿਹਾ ਅਪਰਾਧ ਨਾ ਕਰ ਸਕੇ ਇਸ ਮੌਕੇ ਤੇ ਰਮਨ ਲੱਧੜ ਸੰਦੀਪ ਕਲੇਰ ਯੋਗਰਾਜ ਜੋਗੀ ਆਦੀ ਸੈਂਕੜੇ ਮਜ਼ਦੂਰ ਹਾਜ਼ਰ ਸਨ।

# ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਦੀ ਅਗਵਾਈ ਹੇਠ ਕੇਂਦਰ ਸਰਕਾਰ ਦਾ ਫੂਕਿਆ ਗਿਆ ਪੁਤਲਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੁੰਗੜਾ) ਪੰਜਾਬ ਦੇ ਪਾਣੀ ‘ਤੇ ਹਰਿਆਣਾ ਅਤੇ ਕੇਂਦਰ ਸਰਕਾਰ ਦੀ ਦਖਲਅੰਦਾਜ਼ੀ ਅਤੇ ਬੀਬੀਐਮਬੀ ਵੱਲੋਂ ਰਾਜ ਦੇ ਹਿੱਤਾਂ ਦੀ ਅਣਦੇਖੀ ਦੇ ਖਿਲਾਫ ਅੱਜ ਕਸਬਾ ਹਰਿਆਣਾ ਦੇ ਬੱਸ ਅੱਡੇ ਨੇੜੇ ਪੰਜਾਬ ਸਰਕਾਰ ਦੇ ਸਥਾਨਕ ਸਰਕਾਰਾਂ ਦੇ ਮੰਤਰੀ ਡਾ. ਰਵਜੋਤ ਸਿੰਘ ਦੀ ਅਗਵਾਈ ਹੇਠ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਕੇਂਦਰ ਸਰਕਾਰ ਦਾ ਪੁਤਲਾ ਸਾੜ ਕੇ ਆਪਣੇ ਗੁੱਸੇ ਦਾ ਇਜ਼ਹਾਰ ਕੀਤਾ ਗਿਆ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਪੰਜਾਬ ਕੋਲ ਕਿਸੇ ਹੋਰ ਰਾਜ ਨੂੰ ਦੇਣ ਲਈ ਇਕ ਵੀ ਬੂੰਦ ਵਾਧੂ ਪਾਣੀ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਪਾਣੀ ਦਾ ਹੱਕ ਸਿਰਫ ਪੰਜਾਬ ਨੂੰ ਹੈ ਅਤੇ ਜ਼ਬਰਦਸਤੀ ਇਸਨੂੰ ਹੋਰ ਰਾਜਾਂ ਵੱਲ ਮੋੜਨ ਦੀ ਕੋਸ਼ਿਸ਼ ਕਾਨੂੰਨੀ ਅਤੇ ਨੈਤਿਕ ਦੋਹਾਂ ਪੱਧਰਾਂ ‘ਤੇ ਗਲਤ ਹੈ। ਉਨ੍ਹਾਂ ਕੇਂਦਰ ਸਰਕਾਰ ਉੱਤੇ ਆਰੋਪ ਲਾਏ ਕਿ ਇਹ ਬੀਬੀਐਮਬੀ ਵਰਗੀਆਂ ਸੰਸਥਾਵਾਂ ਰਾਹੀਂ ਪੰਜਾਬ ਦੀ ਆਵਾਜ਼ ਨੂੰ ਦਬਾਉਣ ਅਤੇ ਰਾਜ ਨੂੰ ਉਸਦੇ ਸੰਵਿਧਾਨਕ ਅਧਿਕਾਰਾਂ ਤੋਂ ਵੰਚਿਤ ਕਰਨ ਦੀ ਸਾਜਿਸ਼ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਭਾਜਪਾ ਹਰਿਆਣਾ ਅਤੇ ਕੇਂਦਰ ਸਰਕਾਰਾਂ ਰਾਹੀਂ ਪੰਜਾਬ ਨਾਲ ਇਨਸਾਫ ਨਹੀਂ, ਸਗੋਂ ਜ਼ਿਆਦਤੀ ਕਰ ਰਹੀ ਹੈ। ਡਾ. ਰਵਜੋਤ ਸਿੰਘ ਨੇ ਸਵਾਲ ਉਠਾਇਆ ਕਿ ਜਦ ਭਾਖੜਾ ਅਤੇ ਪੌਂਗ ਡੈਮ ਵਿੱਚ ਪਾਣੀ ਦਾ ਪੱਧਰ ਪਹਿਲਾਂ ਹੀ ਚਿੰਤਾਜਨਕ ਤਰੀਕੇ ਨਾਲ ਘੱਟ ਹੈ, ਤਾਂ ਫਿਰ ਹਰਿਆਣਾ ਦੀ 8500 ਕਿਊਸੈਕ ਵਾਧੂ ਪਾਣੀ ਦੀ ਮੰਗ ਕਿਵੇਂ ਪੂਰੀ ਕੀਤੀ ਜਾ ਸਕਦੀ ਹੈ? ਉਨ੍ਹਾਂ ਨੇ ਕਿਹਾ ਕਿ ਪੰਜਾਬ ਪਹਿਲਾਂ ਹੀ ਸਾਫ ਪੀਣ ਵਾਲੇ ਪਾਣੀ ਦੀ ਘਾਟ ਨਾਲ ਜੂਝ ਰਿਹਾ ਹੈ ਅਤੇ ਨਦੀਆਂ ਵਿੱਚ ਪਾਣੀ ਦੇ ਵਹਾਅ ‘ਚ ਕਮੀ ਕਾਰਨ ਸਿੰਚਾਈ ਅਤੇ ਪੀਣ ਵਾਲੇ ਪਾਣੀ ਦੀ ਸਮੱਸਿਆ ਗੰਭੀਰ ਹੋ ਰਹੀ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਭਾਜਪਾ ਦੀ ਕੇਂਦਰੀ ਸਰਕਾਰ ਵੱਲੋਂ ਹਰਿਆਣਾ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਪਾਣੀ ਦਿੱਤਵਾਉਣ ਲਈ ਪੰਜਾਬ ਉੱਤੇ ਜਿਹੜਾ ਦਬਾਅ ਬਣਾਇਆ ਜਾ ਰਿਹਾ ਹੈ, ਉਹ ਰਾਜਾਂ ਦੇ ਹੱਕਾਂ ਉੱਤੇ ਸਿੱਧਾ ਹਮਲਾ ਹੈ ਅਤੇ ਇਹ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਬੀ.ਬੀ.ਐਮ.ਬੀ. ਦਾ ਫੈਸਲਾ ਪੰਜਾਬ ਨਾਲ ਧੱਕਾ, ਪੰਜਾਬੀਆਂ ਖਿਲਾਫ਼ ਡੂੰਘੀ ਸਾਜਿਸ਼ - ਡਾ. ਰਾਜ ਕੁਮਾਰ ਚੱਬੇਵਾਲ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੁੰਗੜਾ) ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਲੋਂ ਪੰਜਾਬ ਸਰਕਾਰ ਦੇ ਤਿੱਖੇ ਵਿਰੋਧ ਦੇ ਬਾਵਜੂਦ ਪੰਜਾਬ ਦੇ ਹਿੱਸੇ ‘ਚੋਂ ਗੁਆਂਢੀ ਸੂਬੇ ਹਰਿਆਣਾ ਨੂੰ ਭਾਖੜਾ ਡੈਮ ਤੋਂ ਫੌਰੀ 8500 ਕਿਊਸਿਕ ਵਾਧੂ ਪਾਣੀ ਦੇਣ ਦੇ ਫੈਸਲੇ ਨੂੰ ਪੰਜਾਬ ਨਾਲ ਧੱਕਾ ਅਤੇ ਪੰਜਾਬੀਆਂ ਖਿਲਾਫ਼ ਡੂੰਘੀ ਸਾਜਿਸ਼ ਕਰਾਰ ਦਿੱਤਾ ਹੈ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਫੈਸਲੇ ਨੂੰ ਪੰਜਾਬ ਦੇ ਪਾਣੀਆਂ ‘ਤੇ ਡਾਕਾ ਦੱਸਦਿਆਂ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਰਾਜ ਦੇ ਹੱਕਾਂ ਨਾਲ ਸਿੱਧੇ ਤੌਰ ‘ਤੇ ਜੁੜੇ ਇਸ ਗੰਭੀਰ ਮੁੱਦੇ ‘ਤੇ ਸਾਰੀਆਂ ਸਿਆਸੀ ਪਾਰਟੀਆਂ ਸਮੇਤ ਭਾਜਪਾ ਨੂੰ ਪੰਜਾਬ ਦੇ ਹਿੱਤ ਲਈ ਖੜ੍ਹਨਾ ਚਾਹੀਦਾ ਹੈ ਤਾਂ ਜੋ ਸੰਘੀ ਢਾਂਚੇ ‘ਤੇ ਹਮਲੇ ਦੀ ਇਸ ਕੋਝੀ ਸਾਜਿਸ਼ ਨੂੰ ਨਾਕਾਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਕੁਝ ਦਿਨ ਪਹਿਲਾਂ ਦੇ ਅੰਕੜਿਆਂ ਮੁਤਾਬਕ ਭਾਖੜਾ ਡੈਮ ਅਤੇ ਪੌਂਗ ਡੈਮ ਵਿਚ ਪਾਣੀ ਦਾ ਪੱਧਰ ਹੇਠਾਂ ਦਰਜ ਕੀਤਾ ਗਿਆ ਜਦਕਿ ਦੂਸਰੇ ਪਾਸੇ ਹਰਿਆਣਾ ਦੀ 8500 ਕਿਊਸਿਕ ਵਾਧੂ ਪਾਣੀ ਦੀ ਮੰਗ ਕਿੱਦਾਂ ਪੂਰੀ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਪਹਿਲਾਂ ਹੀ ਪੀਣ ਵਾਲੇ ਸਾਫ਼ ਪਾਣੀ ਦੀ ਘਾਟ ਦਾ ਸੰਕਟ ਹਰ ਸਾਲ ਗਹਿਰਾ ਰਿਹਾ ਹੈ ਅਤੇ ਦੂਸਰੇ ਪਾਸੇ ਦਰਿਆਵਾਂ ਵਿਚ ਪਾਣੀ ਦਾ ਵਹਾਅ ਘੱਟ ਹੋਣ ਕਾਰਨ ਸੂਬੇ ਵਿਚ ਪਾਣੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਵੀ ਮੁਸ਼ਕਲ ਹੋਇਆ ਪਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਹਰਿਆਣਾ ਨੂੰ ਗੈਰ-ਕਾਨੂੰਨੀ ਢੰਗ ਨਾਲ ਪਾਣੀ ਦੁਆਉਣ ਲਈ ਪੰਜਾਬ ਦੀ ਬਾਂਹ ਮਰੋੜਨੀ ਸੂਬਿਆਂ ਦੇ ਅਖਤਿਆਰ ‘ਤੇ ਸਿੱਧਾ ਹਮਲਾ ਹੈ ਜੋ ਕਿ ਨਾ ਸਹਿਣਯੋਗ ਹੈ। ਆਉਂਦੇ ਝੋਨੇ ਦੇ ਸੀਜ਼ਨ ਦਾ ਹਵਾਲਾ ਦਿੰਦਿਆਂ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਹਿਲਾਂ ਹੀ ਆਖ ਚੁੱਕੇ ਹਨ ਕਿ ਪੰਜਾਬ ਕੋਲ ਆਪਣੀਆਂ ਜ਼ਰੂਰਤਾਂ ਤੋਂ ਵੀ ਘੱਟ ਪਾਣੀ ਹੈ ਅਤੇ ਹਰਿਆਣਾ, ਜੋ ਹੁਣ ਤੱਕ ਆਪਣੇ ਹਿੱਸੇ ਤੋਂ ਵੱਧ ਪਾਣੀ ਲੈ ਚੁੱਕਾ ਹੈ,



ਨੂੰ ਹੋਰ ਪਾਣੀ ਨਹੀਂ ਦਿੱਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਬੀ.ਬੀ. ਐਮ.ਬੀ. ਵਲੋਂ ਬੋਰਡ ਦੀ ਮੀਟਿੰਗ ਸੱਦ ਕੇ ਗੈਰ-ਕਾਨੂੰਨੀ ਢੰਗ ਨਾਲ ਮਤਾ ਪਾਸ ਕਰਕੇ ਪੰਜਾਬ ਦੇ ਹੱਕਾਂ ਨੂੰ ਬੁਰੀ ਤਰ੍ਹਾਂ ਅੱਖੋਂ-ਪਰੋਖੇ ਕੀਤਾ ਗਿਆ ਹੈ ਪਰ ਪੰਜਾਬ ਸਰਕਾਰ ਸੂਬੇ ਦਾ ਹੱਕ ਖੋਹਣ ਨਹੀਂ ਦੇਵੇਗੀ। ਉਨ੍ਹਾਂ ਕਿਹਾ ਕਿ ਇਸ ਸਮੇਂ ਸੋੜੇ ਸਿਆਸੀ ਹਿੱਤਾਂ ਨੂੰ ਲਾਂਭੇ ਕਰਦਿਆਂ ਸਾਰੀਆਂ ਪਾਰਟੀਆਂ ਨੂੰ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਇਕਜੁੱਟ ਹੋਣਾ ਚਾਹੀਦਾ ਹੈ।

# ਹਰ ਪਿੰਡ ਦਾ ਸਰਵਪੱਖੀ ਵਿਕਾਸ ਮੇਰਾ ਪਹਿਲਾ ਕੰਮ ਹੈ - ਡਾ. ਈਸ਼ਾਂਕ

## ਪੰਚਾਇਤ ਘਰ ਅਤੇ ਜਿੰਮ ਨਿਰਮਾਣ ਦੇ ਕੰਮਾਂ ਦਾ ਲਿਆ ਜਾਇਜ਼ਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੁੰਗੜਾ) “ਮੈਂ ਆਪਣੇ ਹਲਕਾ ਚੱਬੇਵਾਲ ਦੇ ਹਰ ਪਿੰਡ ਦੇ ਸਰਵਪੱਖੀ ਵਿਕਾਸ ਦੇ ਲਕਸ਼ ਨਾਲ ਕੰਮ ਕਰ ਰਿਹਾ ਹਾਂ,” ਇਹ ਵਿਚਾਰ ਚੱਬੇਵਾਲ ਵਿਧਾਨ ਸਭਾ ਹਲਕੇ ਦੇ ਲੋਕਪ੍ਰਿਯ ਵਿਧਾਇਕ ਡਾ. ਈਸ਼ਾਂਕ ਨੇ ਪ੍ਰਗਟ ਕੀਤੇ। ਪਿੰਡ ਠੱਕਰਵਾਲ ਦੇ ਦੌਰੇ ਦੌਰਾਨ ਉਨ੍ਹਾਂ ਨੇ ਉੱਥੇ ਚੱਲ ਰਹੇ ਵਿਕਾਸ ਕਾਰਜਾਂ ਦੀ ਜਾਂਚ ਕੀਤੀ।ਡਾ. ਈਸ਼ਾਂਕ ਨੇ ਪਿੰਡ ਵਿੱਚ ਬਣ ਰਹੇ ਪੰਚਾਇਤ ਘਰ ਦੀ ਸਾਈਟ ਦਾ ਦੌਰਾ ਕੀਤਾ ਅਤੇ ਨਿਰਮਾਣ ਸਥਲ ‘ਤੇ ਚੱਲ ਰਹੇ ਕੰਮ ਦੀ ਪ੍ਰਗਤੀ ਬਾਰੇ ਜਾਣਕਾਰੀ ਲਈ। ਨਾਲ ਹੀ ਉਨ੍ਹਾਂ ਨੇ ਪਿੰਡ ਵਿੱਚ ਬਣ ਰਹੇ ਨਵੇਂ ਜਿਮ ਦੀ ਨਿਰਮਾਣ ਪ੍ਰਕਿਰਿਆ ਦਾ ਵੀ ਜਾਇਜ਼ਾ ਲਿਆ। ਇਸ ਮੌਕੇ ‘ਤੇ ਪਿੰਡ ਦੇ ਸਰਪੰਚ ਜਸਵਿੰਦਰ ਸਿੰਘ ਵੀ ਮੌਜੂਦ ਸਨ। ਉਨ੍ਹਾਂ ਨੇ ਵਿਧਾਇਕ ਨੂੰ ਦੱਸਿਆ ਕਿ ਪੰਚਾਇਤ ਘਰ ਦਾ ਨਿਰਮਾਣ ਪਿੰਡ ਵਾਸੀਆਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਸੀ, ਜਿਸ ਨੂੰ ਹੁਣ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਪੰਚਾਇਤ ਘਰ ਬਣਣ ਨਾਲ ਗ੍ਰਾਮੀਣ ਗਤੀਵਿਧੀਆਂ ਨੂੰ ਇੱਕ ਬਿਹਤਰ ਥਾਂ ਮਿਲੇਗੀ ਅਤੇ ਸਰਕਾਰੀ ਯੋਜਨਾਵਾਂ ਦੀ ਲਾਗੂ ਕਰਨ ਦੀ ਪ੍ਰਕਿਰਿਆ ਹੋਰ ਪ੍ਰਭਾਵਸ਼ਾਲੀ ਹੋਵੇਗੀ। ਡਾ. ਈਸ਼ਾਂਕ ਨੇ ਕਿਹਾ ਕਿ “ਪਿੰਡਾਂ ਦਾ ਵਿਕਾਸ ਹੀ ਅਸਲ ਤਰੱਕੀ ਹੈ” ਅਤੇ ਉਨ੍ਹਾਂ ਦੀ ਸਰਕਾਰ ਹਰ ਪਿੰਡ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕਰਨ ਲਈ ਵਚਨਬੱਧ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹੁਕਮ ਦਿੱਤਾ ਕਿ ਨਿਰਮਾਣ ਕਾਰਜ ਨਿਰਧਾਰਤ ਸਮੇਂ ਅੰਦਰ ਅਤੇ ਗੁਣਵੱਤਾ ਸਹਿਤ ਪੂਰੇ ਕੀਤੇ ਜਾਣ। ਨਵੇਂ ਜਿੰਮ ਬਾਰੇ ਗੱਲ ਕਰਦਿਆਂ ਵਿਧਾਇਕ ਨੇ ਕਿਹਾ ਕਿ ਨੌਜਵਾਨਾਂ ਨੂੰ ਖੇਡ ਅਤੇ ਫਿਟਨੈਸ ਵੱਲ ਪ੍ਰੇਰਿਤ ਕਰਨਾ ਸਰਕਾਰ ਦੀ ਪ੍ਰਾਥਮਿਕਤਾ ਹੈ। ਜਿਮ ਦੇ ਨਿਰਮਾਣ ਨਾਲ ਪਿੰਡ ਦੇ ਨੌਜਵਾਨਾਂ ਨੂੰ ਸਿਹਤ ਪ੍ਰਤੀ ਜਾਗਰੂਕ ਹੋਣ ਦਾ ਮੌਕਾ ਮਿਲੇਗਾ ਅਤੇ ਉਹ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਦੂਰ ਰਹਿਣਗੇ। ਡਾ. ਈਸ਼ਾਂਕ ਨੇ ਪਿੰਡ ਵਾਸੀਆਂ ਨਾਲ ਸੰਵਾਦ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਭਰੋਸਾ ਦਿੱਤਾ ਕਿ ਹਰ ਮੁੱਦੇ ਦਾ ਹੱਲ ਤਰਜੀਹ ਦੇ ਕੇ ਕੀਤਾ ਜਾਵੇਗਾ। ਇਸ ਮੌਕੇ ‘ਤੇ ਪਿੰਡ ਦੇ ਪੰਤਵੰਤੇ ਸੱਜਣ, ਨੌਜਵਾਨ ਵਰਗ ਅਤੇ ਪੰਚਾਇਤ ਮੈਂਬਰ ਵੱਡੀ ਗਿਣਤੀ ਵਿੱਚ ਮੌਜੂਦ ਸਨ। ਪਿੰਡ ਠੱਕਰਵਾਲ ਵਿੱਚ ਹੋ ਰਹੇ ਵਿਕਾਸ ਕਾਰਜਾਂ ਨੂੰ ਵੇਖ ਕੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਹੈ ਅਤੇ ਉਨ੍ਹਾਂ ਨੇ ਵਿਧਾਇਕ ਦਾ ਧੰਨਵਾਦ ਕੀਤਾ।

# ਜ਼ਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਵਿਖੇ ਸਵੈ-ਰੋਜਗਾਰ ਕੈਂਪ ਆਯੋਜਿਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com

ਬਠਿੰਡਾ, 2 ਮਈ (ਅੰਗਰੇਜ ਸਿੰਘ ਵਿੱਕੀ/ਬਲਜੀਤ ਸਿੰਘ ਕੇਟਗੁਰੂ)- ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਆਪਣਾ ਕਾਰੋਬਾਰ ਸ਼ੁਰੂ ਕਰਨ ਅਤੇ ਸਵੈ-ਰੋਜਗਾਰ ਦੇ ਕਾਬਿਲ ਬਣਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਜਿਸ ਤਹਿਤ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਡੀ.ਬੀ.ਈ.ਈ. ਸ੍ਰੀ ਸ਼ੌਕਤ ਅਹਿਮਦ ਪਰੇ ਦੇ ਦਿਸ਼ਾ-ਨਿਰਦੇਸ਼ਾਂ ਅਤੇ ਰਹਿਨੁਮਾਈ ਹੇਠ ਜ਼ਿਲ੍ਹੇ ਭਰ ਵਿੱਚ ਵੱਖ-ਵੱਖ ਰੋਜ਼ਗਾਰ ਮੇਲੇ ਲਗਾਏ ਜਾ ਰਹੇ ਹਨ। ਇਹਨਾਂ ਸ਼ਬਦਾ ਦਾ ਪ੍ਰਗਟਾਵਾ ਆਰ.ਸੀ.ਈ.ਡੀ. ਤੋਂ ਜਨਰਲ ਮੈਨੇਜਰ ਵਿਜੈ ਅਰੋੜਾ ਵੱਲੋਂ ਜ਼ਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਸਮਾਲ ਇੰਡਸਟਰੀਜ਼ ਡਿਵੈਲਪਮੈਂਟ ਬੈਂਕ ਆਫ ਇੰਡਿਆਂ ਦੇ ਸਹਿਯੋਗ ਨਾਲ ਰਿਜਨਲ ਸੈਂਟਰ ਫਾਰ ਇੰਟਰਪ੍ਰੀਨਿਓਰਸ਼ਿਪ ਡਿਵੈਲਪਮੈਂਟ ਚੰਡੀਗੜ੍ਹ ਵੱਲੋਂ ਲਗਾਏ ਗਏ ਸਵੈ-ਰੋਜਗਾਰ ਕੈਂਪ ਦੌਰਾਨ ਕੀਤਾ।ਇਸ ਦੌਰਾਨ ਉਨ੍ਹਾਂ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਉਦਮਿਤਾ ਵਿਕਾਸ ਪ੍ਰੋਗਰਾਮ ਤਹਿਤ ਲਗਾਏ ਗਏ ਇਸ ਕੈਂਪ ਵਿੱਚ ਕੁੱਲ 45 ਪ੍ਰਾਰਥੀਆਂ ਵੱਲੋਂ ਵੱਖ-ਵੱਖ ਕਾਰੋਬਾਰ ਸ਼ੁਰੂ ਕਰਨ ਲਈ ਅਰਜ਼ੀਆਂ ਪ੍ਰਾਪਤ ਹੋਈਆ, ਜਿੰਨ੍ਹਾਂ ਵਿੱਚ 32 ਅਰਜੀਆਂ ਨੂੰ ਸਿਲੈਕਟ ਕੀਤਾ ਗਿਆ। ਇਹਨਾਂ ਅਰਜੀਆਂ ਵਿੱਚ ਕੁੱਲ 13 ਔਰਤਾਂ ਵੀ ਸ਼ਾਮਿਲ ਹਨ। ਇਸ ਪ੍ਰੋਗਰਾਮ ਦਾ ਮੁੱਖ ਮੰਤਵ ਸਵੈ-ਰੋਜਗਾਰ ਤਹਿਤ ਨੌਜਵਾਨਾਂ ਨੂੰ ਆਪਣਾ ਛੋਟਾ ਉਦਯੋਗ ਸਥਾਪਿਤ ਕਰਨ ਵਿੱਚ ਸਹਾਇਤਾ ਕਰਨਾ ਹੈ। ਇਸ ਪ੍ਰੋਗਰਾਮ ਤਹਿਤ ਨੌਜਵਾਨਾਂ ਨੂੰ ਕੁੱਲ 5 ਤੋਂ 6 ਹਫਤਿਆਂ ਲਈ ਟ੍ਰੇਨਿੰਗ ਦਿੱਤੀ ਜਾਵੇਗੀ। ਇਸ ਕੋਰਸ ਨੂੰ ਕਰਨ ਉਪਰੰਤ ਨੌਜਵਾਨਾਂ ਨੂੰ ਸਵੈ ਰੋਜਗਾਰ ਸਕੀਮਾਂ ਤਹਿਤ ਕਰਜਾ ਵੀ ਪ੍ਰਦਾਨ ਕੀਤਾ ਜਾਵੇਗਾ।ਉਨ੍ਹਾਂ ਅੱਗੇ ਦੱਸਿਆ ਕਿ ਇਸ ਕੋਰਸ ਅਧੀਨ ਵੱਖ-ਵੱਖ ਤਰ੍ਹਾਂ ਦੇ ਸਵੈ ਰੋਜਗਾਰ ਦੇ ਕੰਮ ਨੂੰ ਚੁਣਨਾ, ਕੰਮ ਦੀ ਸੰਭਾਲ, ਮਾਰਕਿਟਿੰਗ ਮੈਨੇਜਰੀਅਲ ਸਕਿਲ, ਮਾਰਕਿਟ ਸਰਵੇ, ਪ੍ਰੋਜੈਕਟ ਰਿਪੋਰਟ ਤਿਆਰ ਕਰਨੀ, ਸਫਲ ਉਦਮੀਆਂ ਨਾਲ ਗੱਲਬਾਤ ਕਰਨੀ ਆਦਿ ਬਾਰੇ ਵੀ ਜਾਣਕਾਰੀ ਮੁਹੱਈਆ ਕਰਵਾਈ ਜਾਵੇਗਾ।ਇਸ ਮੌਕੇ ਰੋਜਗਾਰ ਅਫਸਰ ਸ੍ਰੀਮਤੀ ਅੰਕਿਤਾ ਅਗਰਵਾਲ, ਆਈ.ਐਚ. ਐਮ. ਬਠਿੰਡਾ ਤੋਂ ਸ੍ਰੀਮਤੀ ਰਿਤੂ ਗਰਗ, ਪ੍ਰੋਗਰਾਮ ਕੋਆਰਡੀਨੇਟਰ ਤੇਜਿੰਦਰ ਕੁਮਾਰ ਆਦਿ ਹਾਜ਼ਰ ਸਨ।

# ਕੌਮੀ ਲੋਕ ਅਦਾਲਤ 10 ਮਈ ਨੂੰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com



ਬਠਿੰਡਾ, 2 ਮਈ (ਅੰਗਰੇਜ ਸਿੰਘ ਵਿੱਕੀ/ਬਲਜੀਤ ਸਿੰਘ ਕੇਟਗੁਰੂ)-ਮਾਨਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਹੁਕਮਾਂ ਅਤੇ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਮੈਨ, ਸ੍ਰੀ ਕਰੁਨੇਸ਼ ਕੁਮਾਰ ਅਤੇ ਮਾਨਯੋਗ ਸੀ.ਜੇ.ਐਮ.ਕਮ-ਸਕੱਤਰ ਸ੍ਰੀਮਤੀ ਬਲਜਿੰਦਰ ਕੌਰ ਮਾਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਠਿੰਡਾ ਦੀ ਰਹਿਨਮਾਈ ਹੇਠ ਕੌਮੀ ਲੋਕ ਅਦਾਲਤ 10 ਮਈ 2025 ਨੂੰ ਲੱਗ ਰਹੀ ਹੈ। ਇਸ ਮੌਕੇ ਉਹਨਾਂ ਪੁਲੀਸ ਤੇ ਵੱਖ-ਵੱਖ ਵਿਭਾਗਾਂ ਅਤੇ ਟ੍ਰੈਫਿਕ ਪੁਲਿਸ ਨੂੰ ਲੋਕ ਅਦਾਲਤ ਦੇ ਸਬੰਧ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਗਈ। ਉਹਨਾਂ ਕਿਹਾ ਕਿ ਲੋਕ ਹਿਤ ਸਬੰਧੀ ਵੱਧ ਤੋਂ ਵੱਧ ਕੇਸ ਲਗਾਏ ਜਾਣ ਤਾਂ ਜੋ ਆਮ ਲੋਕਾਂ ਨੂੰ ਬਣਦਾ ਹੱਕ ਮਿਲ ਸਕੇ।ਇਸ ਮੌਕੇ ਉਹਨਾਂ ਆਮ ਲੋਕਾਂ ਨੂੰ ਪੁਰਜੋਰ ਅਪੀਲ ਕਰਦਿਆਂ ਕਿਹਾ ਕਿ ਲੱਗ ਰਹੀ ਇਸ ਲੋਕ ਅਦਾਲਤ ਦਾ ਵੱਧ ਤੋਂ ਵੱਧ ਲਾਹਾ ਲਿਆ ਜਾਵੇ।ਇਸ ਮੌਕੇ ਟਰੈਫਿਕ ਇੰਚਾਰਜ ਅਮਰੀਕ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਹਾਜ਼ਰ ਸਨ।

# ਸਿੱਖਿਆ ਕ੍ਰਾਂਤੀ ਪ੍ਰੋਗਰਾਮ ਤਹਿਤ ਪਿੰਡ ਕਮਰੇ ਵਾਲਾ ਦੇ ਸਰਕਾਰੀ ਸਕੂਲ ਵਿੱਚ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com



ਜਲਾਲਾਬਾਦ 2 ਮਈ (ਮਨੋਜ ਕੁਮਾਰ, ਸੁਭਾਸ਼ ਸਿੰਘ) ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ਼ੁਰੂ ਕੀਤੇ ਪੰਜਾਬ ਸਿੱਖਿਆ ਕ੍ਰਾਂਤੀ ਪ੍ਰੋਗਰਾਮ ਦੇ ਤਹਿਤ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਅੱਜ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਪਿੰਡ ਕਮਰੇਵਾਲਾ ਵਿਖੇ 23.52 ਲੱਖ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ । ਇਸ ਮੌਕੇ ਉਹਨਾਂ ਨੇ ਦੱਸਿਆ ਕਿ ਸਕੂਲ ਵਿੱਚ ਦੋ ਨਵੇਂ ਕਮਰੇ, ਚਾਰਦੁਆਰੀ ਅਤੇ ਮੁਰੰਮਤ ਦੇ ਕੁਝ ਕੰਮ ਕਰਵਾਏ ਗਏ ਹਨ ।ਉਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਖੇਤਰ ਵਿੱਚ ਵੱਡੇ ਸੁਧਾਰ ਕੀਤੇ ਗਏ ਹਨ ਅਤੇ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜਬੂਤ ਕੀਤਾ ਜਾ ਰਿਹਾ ਹੈ। ਇਸ ਤੋਂ ਬਿਨਾਂ ਸਕੂਲਾਂ ਦੇ ਅਧਿਆਪਕਾਂ ਨੂੰ ਦੇਸ਼ ਵਿਦੇਸ਼ ਤੋਂ ਵਧੀਆ ਸਿਖਲਾਈ ਦਵਾਈ ਜਾ ਰਹੀ ਹੈ ਤਾਂ ਜੋ ਸਾਡੇ ਮਨੁੱਖੀ ਸ਼ਕਤੀ ਦੇ ਹੁਨਰ ਵਿੱਚ ਹੋਰ ਵਾਧਾ ਹੋਵੇ ਅਤੇ ਸਾਡੇ ਅਧਿਆਪਕ ਵਿਦਿਆਰਥੀਆਂ ਨੂੰ ਵਿਸ਼ਵ ਪੱਧਰ ਦੀ ਸਿੱਖਿਆ ਮੁਹਈਆ ਕਰਵਾ ਸਕਣ। ਉਹਨਾਂ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੇਲੇ ਸਰਹੱਦੀ ਪਿੰਡਾਂ ਦੇ ਸਕੂਲ ਅਣਗੌਲੇ ਸਨ ਪਰ ਪਹਿਲੀ ਵਾਰ ਹੋਇਆ ਹੈ ਕਿ ਪੰਜਾਬ ਸਰਕਾਰ ਵੱਲੋਂ ਕੌਮਾਂਤਰੀ ਸਰਹੱਦ ਦੇ ਨੇੜੇ ਵਸੇ ਪਿੰਡਾਂ ਤੱਕ ਸਿੱਖਿਆ ਕ੍ਰਾਂਤੀ ਦੀ ਲੋਅ ਪਹੁੰਚਾਈ ਜਾ ਰਹੀ ਹੈ। ਉਹਨਾਂ ਨੇ ਕਿਹਾ ਕਿ ਸਰਕਾਰ ਵੱਲੋਂ ਆਉਣ ਵਾਲੇ ਸਮੇਂ ਵਿੱਚ ਵੀ ਸਕੂਲਾਂ ਦੀ ਬਿਹਤਰੀ ਲਈ ਹੋਰ ਗਰਾਂਟਾਂ ਵੀ ਦਿੱਤੀਆਂ ਜਾਣਗੀਆਂ। ਉਨਾਂ ਨੇ ਕਿਹਾ ਕਿ ਸਰਕਾਰ ਲਈ ਸਿੱਖਿਆ ਅਤੇ ਸਿਹਤ ਦੋ ਪ੍ਰਮੁੱਖ ਖੇਤਰ ਹਨ । ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਸਿੱਖਿਆ ਕੁਆਰਡੀਨੇਟਰ ਦੇਵਰਾਜ ਸ਼ਰਮਾ, ਬਲਾਕ ਸਿੱਖਿਆ ਕੋਆਰਡੀਨੇਟਰ ਤਿਲਕ ਰਾਜ, ਉਪ ਜਿਲ੍ਹਾ ਸਿੱਖਿਆ ਅਫਸਰ ਪਰਵਿੰਦਰ ਸਿੰਘ, ਬਲਾਕ ਸਿੱਖਿਆ ਅਫਸਰ ਸੁਸ਼ੀਲਾ ਕੁਮਾਰੀ ਵੀ ਹਾਜ਼ਰ ਸਨ।

# ਮਜ਼ਦੂਰ ਦਿਵਸ ਨੂੰ ਸਮਰਪਿਤ 82ਵਾਂ ਫਰੀ ਆਯੁਰਵੈਦਿਕ ਮੈਡੀਕਲ ਕੈਂਪ ਲਗਾਇਆ ਗਿਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com



ਸ੍ਰੀ ਚਮਕੌਰ ਸਾਹਿਬ 2 ਮਈ (ਹਰਦਿਆਲ ਸਿੰਘ ਸੰਧੂ) ਸਥਾਨਕ ਸ੍ਰੀ ਚਮਕੌਰ ਸਾਹਿਬ ਵਿਖੇ ਨੌ ਲੱਖਾ ਬਾਗ ਆਯਰੂਵੈਦਿਕ ਦਵਾਖਾਨਾ ਵੱਲੋਂ 82ਵਾਂ ਫ੍ਰੀ ਮੈਡੀਕਲ ਕੈਂਪ ਲਗਾਇਆ ਗਿਆ। ਜਿਸ ਦੇ ਸੰਬੰਧ ਚ ਜਾਣਕਾਰੀ ਦਿੰਦਿਆਂ ਹੋਇਆ ਉਪਵੈਦ ਗਿਆਨੀ ਸਤਨਾਮ ਸਿੰਘ ਨੇ ਦੱਸਿਆ ਕਿ ਇਸ ਕੈਂਪ ਦਾ ਉਦਘਾਟਨ ਠੇਕੇਦਾਰ ਸਿਮਰੂ ਪ੍ਰਧਾਨ ਵੱਲੋਂ ਕੀਤਾ ਗਿਆ। ਇਸ ਕੈਂਪ ਦੌਰਾਨ ਉਪ ਵੈਦ ਗਿਆਨੀ ਸਤਨਾਮ ਸਿੰਘ ਵੱਲੋਂ 26 ਮਰੀਜ਼ਾਂ ਦਾ ਚੈੱਕਅਪ ਕਰਕੇ ਉਨਾਂ ਨੂੰ ਇੱਕ ਹਫਤੇ ਦੀਆਂ ਫਰੀ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਐਕਸੀਅਨ ਗੁਰਚਰਨ ਸਿੰਘ, ਜਸਪਾਲ ਸਿੰਘ, ਡਾਕਟਰ ਰਾਜਪਾਲ ਸਿੰਘ ਮੌਜੂਦ ਸਨ।

# ਸੀਨੀਅਰ ਸਿਟੀਜ਼ਨ ਕੌਂਸਲ ਮੋਰਿੰਡਾ ਨੇ ਕੀਤੀ ਇਕੱਤਰਤਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com



ਮੋਰਿੰਡਾ 2 ਮਈ ਹਰਦਿਆਲ ਸਿੰਘ ਸੰਧੂ ਬੀਤੇ ਦਿਨੀਂ ਸੀਨੀਅਰ ਸਿਟੀਜ਼ਨ ਕੌਂਸਲ (ਰਜਿ:) ਮੋਰਿੰਡਾ ਵੱਲੋਂ ਸਥਾਨਕ ਖਾਲਸਾ ਗਰਲਜ ਕਾਲਜ ਮੋਰਿੰਡਾ ਵਿਖੇ ਅੰਤਰ-ਰਾਸ਼ਟਰੀ ਧਰਤੀ ਦਿਵਸ ਨੂੰ ਸਮਰਪਿਤ ਸਮਾਗਮ ਕਰਵਾਇਆ। ਇਸ ਸਮਾਗਮ ਦੇ ਸ਼ੁਰੂਆਤੀ ਦੌਰ ਵਿੱਚ, ਜੰਮੂ-ਕਸ਼ਮੀਰ ਵਿੱਚ ਬੇਕਸੂਰ ਵਿਅਕਤੀਆਂ ਦੀ ਕੀਤੀ ਗਈ ਹੱਤਿਆ ਦੀ ਘੋਰ ਨਿੰਦਾ ਕੀਤੀ ਗਈ ਅਤੇ ਵਿਛੜੀਆਂ ਆਤਮਾਵਾਂ ਦੀ ਰੂਹ ਦੀ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਧਾਰਨ ਕੀਤਾ ਗਿਆ। ਇਸ ਉਪਰੰਤ ਕੌਂਸਲ ਦੇ ਕਾਨੂੰਨੀ ਸਲਾਹਕਾਰ ਸੇਵਾ ਮੁਕਤ ਕਰਨਲ ਮਲਕੀਤ ਸਿੰਘ ਨੇ ਅੰਤਰ ਰਾਸ਼ਟਰੀ ਧਰਤੀ ਦਿਵਸ ਦੇ ਸਬੰਧ ਵਿੱਚ ਆਪਣੇ ਵਿਚਾਰ ਪੇਸ਼ ਕਰਦਿਆਂ ਦੱਸਿਆ ਕਿ ਮਨੁੱਖ ਜਾਤੀ ਆਪਣੇ ਨਿੱਜੀ ਹਿੱਤਾਂ ਨੂੰ ਮੁੱਖ ਰੱਖਦਿਆਂ ਧਰਤੀ ਮਾਤਾ ਦੀ ਸੁਰੱਖਿਆ ਨਾਲ ਖਿਲਵਾੜ ਕਰ ਰਿਹਾ ਹੈ। ਜਿਸ ਦੇ ਸਿੱਟੇ ਵਜੋਂ ਆਪਣੀ ਧਰਤੀ ਦਿਨੋ ਦਿਨੀ ਪਲੀਤ ਹੋ ਰਹੀ ਹੈ, ਜਿਹੜਾ ਕਿ ਖਤਰਨਾਕ ਰੁਝਾਨ ਹੈ। ਬੇਲੋੜੀਆਂ ਗਤੀਵਿਧੀਆਂ ਦੁਆਰਾ ਮਨੁੱਖ ਲਈ ਲੋੜੀਂਦੇ ਹਵਾ ਅਤੇ ਪਾਣੀ ਵੀ ਪ੍ਰਦੂਸ਼ਿਤ ਹੋ ਰਹੇ ਹਨ।ਜਿਆਦਾ ਮਾਤਰਾ ਵਿੱਚ ਪੈਦਾ ਹੋ ਰਹੀ ਕਾਰਬਨਡਾਈਆਕਸਾਈਡ ਅਤੇ ਕਾਰਬਨ ਮੋਨੋਆਕਸਾਈਡ ਮਨੁੱਖ ਲਈ ਕੁਦਰਤ ਵੱਲੋਂ ਬਣਾਈ ਗਈ ਸੁਰੱਖਿਅਤ ਓਜੋਨ ਪੱਟੀ ਵਿੱਚ ਛੇਕ ਪੈਦਾ ਕਰ ਰਹੇ ਹਨ। ਜਿਸ ਨਾਲ ਗਲੋਬਲ ਵਾਰਮਿੰਗ ਦਾ ਖਤਰਾ ਵੀ ਵੱਧ ਰਿਹਾ ਹੈ। ਸੋ ਉਪਰੋਕਤ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਸਾਡੇ ਵੱਲੋਂ ਵੱਧ ਤੋਂ ਵੱਧ ਦਰੱਖਤ ਲਗਾਏ ਜਾਣ, ਏਅਰ ਕੰਡੀਸ਼ਨ, ਕੀਟਨਾਸ਼ਕ ਅਤੇ ਰਸਾਇਣਕ ਖਾਦਾਂ ਦੀ ਵਰਤੋਂ ਸੀਮਤ ਕਰਨ ਦੀ ਲੋੜ ਹੈ । ਇਸ ਤੋਂ ਇਲਾਵਾ ਪਲਾਸਟਿਕ ਵਸਤੂਆਂ ਦੀ ਵਰਤੋਂ ਘੱਟ ਕਰਨ ਅਤੇ ਇਹਨਾਂ ਨੂੰ ਰੀਸਾਈਕਲ ਕੀਤੇ ਜਾਣ ਦੀ ਪ੍ਰਤੀਕਿਰਿਆ ਵਿੱਚ ਵਾਧਾ ਕੀਤਾ ਜਾਣਾ ਚਾਹੀਦਾ ਹੈ। ਇਸ ਮੋਕੇ ਕੌਂਸਲ ਦੇ ਮੈਂਬਰ ਮਨਜੀਤ ਸਿੰਘ ਭਾਟੀਆ ਵੱਲੋਂ ਦੱਸਿਆ ਗਿਆ ਕਿ ਕੌਂਸਲ ਵੱਲੋਂ 17 ਮਈ 2025 ਦਿਨ ਸ਼ਨੀਵਾਰ ਨੂੰ ਖੂਨ ਦਾਨ ਕੈਂਪ ਲਗਾਇਆ ਜਾ ਰਿਹਾ ਹੈ, ਇਸ ਲਈ ਕੈਂਪ ਨੂੰ ਸਫਲ ਬਣਾਉਣ ਲਈ ਸਾਰੇ ਮੈਂਬਰਾਂ ਦੇ ਸਹਿਯੋਗ ਦੀ ਲੋੜ ਹੈ। ਇਸ ਮੌਕੇ ਕੌਂਸਲ ਮੈਂਬਰ ਸੁਰਜੀਤ ਸਿੰਘ ਗੁਰੂ ਨੇ ਵੀ ਆਪਣੇ ਵਿਚਾਰ ਰੱਖੇ। ਸਮਾਗਮ ਦੌਰਾਨ ਅਪ੍ਰੈਲ ਮਹੀਨੇ ਵਿੱਚ ਜਨਮੇ ਮੈਂਬਰਾਂ ਦੇ ਜਨਮ ਦਿਨ ਮਨਾਏ ਗਏ ਅਤੇ ਉਨ੍ਹਾਂ ਨੂੰ ਤੋਹਫੇ ਦੇ ਕੇ ਸਨਮਾਨਿਤ ਕੀਤਾ ਗਿਆ। ਕੌਂਸਲ ਦੇ ਪ੍ਰਧਾਨ ਅਮਰਜੀਤ ਸਿੰਘ ਕੰਗ ਵੱਲੋਂ ਪਹੁੰਚੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਕੌਂਸਲ ਦੇ ਕਾਰਜਕਾਰਨੀ ਮੈਂਬਰਾਂ ਵਿੱਚੋਂ ਚਰਨਜੀਤ ਸਿੰਘ ਕਲਸੀ, ਪ੍ਰਮਾਤਮਾ ਸਿੰਘ ਢੀਡਸਾ, ਜਗਦੀਸ਼ ਕੁਮਾਰ ਵਰਮਾ, ਹਰਵਿੰਦਰ ਸਿੰਘ ਸਿੱਧੂ, ਡਾਕਟਰ ਗੁਰਮੀਤ ਸਿੰਘ ਅਤੇ ਹਰਮੀਤ ਸਿੰਘ ਪਨੈਚਾਂ ਤੋਂ ਇਲਾਵਾ ਦੂਜੇ ਮੈਂਬਰ ਹਾਜਰ ਸਨ।

# ਸਫਾਈ ਸੇਵਕ ਯੂਨੀਅਨ ਪੰਜਾਬ ਇਕਾਈ ਰਾਜਪੁਰਾ, ਬਹੁਜਨ ਸਮਾਜ ਪਾਰਟੀ ਇਕਾਈ ਰਾਜਪੁਰਾ ਵੱਲੋਂ ਸਾਂਝੇ ਤੌਰ ਤੇ

## ਸਿਕਾਗੋ ਦੇ ਸਹੀਦਾਂ ਨੂੰ ਸਰਧਾਂਜਲੀ ਦਿੱਤੀ, ਹੰਸ ਰਾਜ ਕੌਮੀ ਅਤੇ ਰਾਜਿੰਦਰ ਸਿੰਘ ਚੱਪੜ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com



ਸਿਕਾਗੋ ਦੇ ਸ਼ਹੀਦਾਂ ਨੂੰ ਸਰਧਾਂਜਲੀ ਦੇਣ ਵੇਲੇ ਭਾਰਤ ਵਿੱਚ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਯੋਗਦਾਨ ਭੁਲਾਇਆ ਨਹੀ ਜਾ ਸਕਦਾ।ਹੰਸ ਰਾਜ ਕੌਮੀ,ਰਾਜਿੰਦਰ ਸਿੰਘ ਚੱਪੜ। ਨਗਰ ਕੌਂਸਲ ਰਾਜਪੁਰਾ ਵਿਖੇ ਸ਼ਿਕਾਗੋ ਦੇ ਸ਼ਹੀਦਾ ਦੀ ਯਾਦ ਵਿੱਚ ਸਰਧਾਂਜਲੀ ਸਮਾਗਮ ਕੀਤਾ ਗਿਆ।ਸ਼ਹੀਦ ਹੋਏ ਸਮੁੱਚੇ ਮਜਦੂਰ ਆਗੂਆ ਯਾਦ ਕੀਤਾ ਗਿਆ। ਸਫਾਈ ਸੇਵਕ ਯੂਨੀਅਨ ਪੰਜਾਬ ਅਤੇ ਬਹੁਜਨ ਸਮਾਜ ਪਾਰਟੀ ਵੱਲੋ ਸਾਂਝੇ ਤੌਰ ਤੇ ਸਿਰਕਤ ਕੀਤਾ ਗਿਆ। 1886 ਚ ਅਮਰੀਕਾ ਦੇ ਸਹਿਰ ਸਿਕਾਗੋ ਵਿੱਚ ਮਨੁੱਖੀ ਅਧਿਕਾਰਾਂ ਲਈ ਲੜਦੇ ਹੋਏ ਮਜ਼ਦੂਰਾਂ ਤੇ ਮੌਕੇ ਦੀ ਸਰਕਾਰ ਨੇ ਗੋਲੀਆਂ ਚਲਾ ਕੇ ਮਨੁੱਖਤਾ ਦਾ ਘਾਣ ਕੀਤਾ ਗਿਆ, ਆਖਿਰ ਨੂੰ ਜਿੱਤ ਮਜਦੂਰਾਂ ਦੀ ਹੋਈ ਜਿਸ ਵਿੱਚ 8 ਘੰਟੇ ਦੀ ਡਿਊਟੀ, ਹਫਤਾਵਾਰ ਛੁੱਟੀ, ਹਰ ਸਾਲ ਤਨਖ਼ਾਹ ਚ ਵਾਧਾ,ਔਰਤਾਂ ਲਈ ਵਿਸ਼ੇਸ਼ ਸਹੂਲਤਾ, ਹਰੇਕ ਵਰਕਰ ਦਾ ਬੀਮਾ ਸਮੇਤ ਹੋਰ ਸਹੂਲਤਾ ਮਿਲੀਆਂ। ਭਾਰਤ ਵਿੱਚ ਇਹ ਸਹੂਲਤ ਦਿਵਾਉਣ ਵਿੱਚ ਬਾਬਾ ਸਾਹਿਬ ਅੰਬੇਡਕਰ ਜੀ ਦਾ ਵਿਸ਼ੇਸ਼ ਯੋਗਦਾਨ ਰਿਹਾ, ਭਾਰਤ ਵਿੱਚ ਮਜ਼ਦੂਰਾਂ ਲਈ ਪੈਨਸ਼ਨ, ਛੁੱਟੀ ਵਾਲੇ ਦਿਨ ਦੀ ਤਨਖ਼ਾਹ, ਹਰੇਕ ਮਜਦੂਰ ਦਾ ਬੀਮਾ ਆਦਿ ਵਾਧੂ ਸਹੂਲਤ ਬਾਬਾ ਸਾਹਿਬ ਅੰਬੇਡਕਰ ਜੀ ਦੇ ਯੋਗਦਾਨ ਕਰਕੇ ਮਿਲਿਆ। ਸ਼ਰਧਾਂਜਲੀ ਦੇਣ ਲਈ ਸਫਾਈ ਸੇਵਕ ਯੂਨੀਅਨ ਪੰਜਾਬ ਦੇ ਰੀਜਨਲ ਆਗੂ ਅਤੇ ਨਗਰ ਕੌਂਸਲ ਰਾਜਪੁਰਾ ਦੇ ਪ੍ਰਧਾਨ ਹੰਸ ਰਾਜ ਕੌਮੀ ਅਤੇ ਬਸਪਾ ਆਗੂ ਰਾਜਿੰਦਰ ਸਿੰਘ ਚੱਪੜ ਪ੍ਰਧਾਨ ਵਿਧਾਨ ਸਭਾ ਰਾਜਪੁਰਾ,ਸਫਾਈ ਸੇਵਕ ਯੂਨੀਅਨ ਦੀ ਸਮੁੱਚੀ ਟੀਮ ਸਮੇਤ ਔਰਤ ਵਰਕਰਾਂ ਨੇ ਹਿੱਸਾ ਲਿਆ, ਝੰਡੇ ਦੀ ਰਸਮ ਨਿਭਾਈ ਗਈ, ਮਜ਼ਦੂਰਾਂ ਦੇ ਜੇਤੂ ਸੰਘਰਸ਼ ਦੀ ਖੁਸ਼ੀ ਵਿੱਚ ਲੱਡੂ ਵੰਡੇ ਗਏ। ਸਰਕਾਰ ਤੋਂ ਕੱਚੇ ਮੁਲਜ਼ਮਾਂ ਦੀ ਦੋ ਮਹੀਨੇ ਦੀ ਰੁਕੀ ਹੋਈ ਤਨਖ਼ਾਹ ਦੇਣ ਦੀ ਮੰਗ, ਕੱਚੇ ਮੁਲਾਜਮ ਪੱਕੇ ਕਰਨ ਅਤੇ ਠੇਕੇਦਾਰ ਵੱਲੋ ਮੁਲਜ਼ਮਾਂ ਪੀ ਐਫ ਦਾ ਬਕਾਇਆ, ਕੰਮ ਦੇ ਦੌਰਾਨ ਐਕਸੀਡੈਂਟ ਹੋਣ ਕਾਰਨ ਮ੍ਰਿਤਕ ਅਨੀਤਾ ਰਾਣੀ ਦੇ ਪ੍ਰੀਵਾਰਕ ਮੈਂਬਰ ਨੂੰ ਨੌਕਰੀ ਅਤੇ ਇੰਸ਼ੋਰੈਂਸ ਦਾ ਬਕਾਇਆ, ਠੇਕੇਦਾਰ ਦੀ ਕੱਚੇ ਮੁਲਾਜ਼ਮਾਂ ਪ੍ਰਤੀ ਜਵਾਬਦੇਹ ਬਣਾਉਣ ਵਰਗੀਆਂ ਅਨੇਕ ਮੁਸ਼ਕਲ ਦਾ ਹੱਲ ਹੋਵੇ ਦੀ ਮੰਗ ਕੀਤੀ ਗਈ। ਇਸ ਮੌਕੇ ਤੇ ਕਮਲ ਕੁਮਾਰ ਪੱਪੂ,ਰਮਨ ਕੁਮਾਰ, ਅਨੂ ਟਾਰਗੇਟ,ਰਾਜਨ ਕੁਮਾਰ, ਬੀਰ ਬਬਰੀਕ, ਰਾਜਿੰਦਰ ਕੁਮਾਰ ਸੈਕਟਰੀ,ਕੁਲਦੀਪ ਸਿੰਘ ਹਰਪਾਲਪੁਰ, ਦਵਿੰਦਰ ਸਿੰਘ ਡਰਾਈਵਰ ਸਮੇਤ ਰੇਹੜਾ ਯੂਨੀਅਨ, ਵਾਟਰ ਸਪਲਾਈ ਵਿਭਾਗ ਦੇ ਪ੍ਰਧਾਨ ਸੰਜੂ ਸਮੇਤ ਬਹੁਜਨ ਸਮਾਜ ਨੇ ਹਿੱਸਾ ਲਿਆ।

# ਪੰਜਾਬੀ ਯੂਨੀਵਰਸਿਟੀ ਵਿਖੇ ਦਸਵੀਂ ਵਿਸ਼ਵ ਪੰਜਾਬੀ ਸਾਹਿਤ ਕਾਨਫ਼ਰੰਸ ਸੰਪੰਨ

## ਪੰਜਾਬੀ ਸਾਹਿਤ ਅਤੇ ਸੱਭਿਆਚਾਰ ਦੇ ਵੱਖ-ਵੱਖ ਪੱਖਾਂ ਬਾਰੇ ਹੋਈਆਂ ਵਿਚਾਰਾਂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com



ਪਟਿਆਲਾ, 2 ਮਈ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ) - ਪੰਜਾਬੀ ਯੂਨੀਵਰਸਿਟੀ ਵਿਖੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਵੱਲੋਂ 'ਪੰਜਾਬੀ ਸਹਿਤ ਅਤੇ ਸੱਭਿਆਚਾਰ : ਸਥਿਤੀ ਅਤੇ ਸੰਭਾਵਨਾਵਾਂ' ਵਿਸ਼ੇ ਉੱਤੇ ਕਰਵਾਈ ਗਈ ਦਸਵੀਂ ਵਿਸ਼ਵ ਪੰਜਾਬੀ ਸਾਹਿਤ ਕਾਨਫ਼ਰੰਸ ਸਫਲਤਾਪੂਰਵਕ ਸੰਪੰਨ ਹੋ ਗਈ। ਕਾਨਫ਼ਰੰਸ ਦਾ ਵਿਦਾਇਗੀ ਭਾਸ਼ਣ ਦਿੰਦਿਆਂ ਉੱਘੇ ਚਿੰਤਕ ਪ੍ਰੋ.ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਸਾਨੂੰ ਇਸ ਪੱਖੋਂ ਸਪਸ਼ਟ ਹੋਣ ਦੀ ਲੋੜ ਹੈ ਕਿ ਪੰਜਾਬੀ ਸ਼ਨਾਖਤ ਨੂੰ ਕਿਹੜੇ ਤੱਤਾਂ ਨਾਲ਼ ਸਮਝਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹੁਣ ਵਿਸ਼ਵੀਕਰਨ ਦੇ ਦੌਰ ਵਿੱਚ ਸਾਨੂੰ ਬਹੁਤ ਸਾਰੀਆਂ ਗੱਲਾਂ ਨੂੰ ਮੁੜ ਪਰਿਭਾਸ਼ਿਤ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਹੁਣ ਜਦੋਂ ਵਿਸ਼ਵ ਇੱਕ ਪਿੰਡ ਬਣ ਗਿਆ ਹੈ ਅਤੇ ਅਸੀਂ ਵੱਖ-ਵੱਖ ਪਛਾਣਾਂ ਅਤੇ ਸੱਭਿਆਚਾਰਾਂ ਵਾਲ਼ੇ ਸਮਾਜ ਵਿੱਚ ਰਹਿਣਾ ਹੈ ਤਾਂ ਸਾਨੂੰ ਕੁੱਝ ਮਾਮਲਿਆਂ ਵਿੱਚ ਵਧੇਰੇ ਉਦਾਰ ਹੋ ਕੇ ਮੁੜ ਸੋਚਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਹੁਣ ਪੁਰਾਣੇ ਸਮਿਆਂ ਦਾ ਅਵਚੇਤਨ ਲੈ ਕੇ ਜਿਉਣਾ ਮੁਸ਼ਕਿਲ ਹੈ। ਉਨ੍ਹਾਂ ਇੱਕ ਹੋਰ ਅਹਿਮ ਟਿੱਪਣੀ ਵਿੱਚ ਕਿਹਾ ਕਿ ਨਿੱਜੀਕਰਨ ਵਿਰੁੱਧ ਲੜਾਈ ਤੋਂ ਬਿਨਾ ਕੋਈ ਵੀ ਲੜਾਈ ਨਹੀਂ ਲੜੀ ਜਾ ਸਕਦੀ।ਵਿਦਾਇਗੀ ਸੈਸ਼ਨ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ ਡਾ.ਸਵਰਾਜ ਸਿੰਘ ਨੇ ਸਾਹਿਤ ਅਤੇ ਸੱਭਿਆਚਾਰ ਦੇ ਆਪਸੀ ਰਿਸ਼ਤੇ ਦੇ ਹਵਾਲੇ ਨਾਲ਼ ਗੱਲਾਂ ਕੀਤੀਆਂ। ਉਨ੍ਹਾਂ ਕਿਹਾ ਕਿ ਵਿਸ਼ਵੀਕਰਨ ਦੇ ਦੌਰ ਵਿੱਚ ਸੱਭਿਆਚਾਰਕ ਪੱਖੋਂ ਸਭ ਤੋਂ ਵਧੇਰੇ ਨੁਕਸਾਨ ਪੰਜਾਬੀਆਂ ਦਾ ਹੋਇਆ ਹੈ। ਇਸ ਸੈਸ਼ਨ ਦੀ ਪ੍ਰਧਾਨਗੀ ਭਾਸ਼ਾ ਫ਼ੈਕਲਟੀ ਦੇ ਡੀਨ ਡਾ.ਬਲਵਿੰਦਰ ਕੌਰ ਸਿੱਧੂ ਨੇ ਕੀਤੀ। ਉਨ੍ਹਾਂ ਆਪਣੇ ਭਾਸ਼ਣ ਵਿੱਚ ਪੰਜਾਬੀ ਨੂੰ ਦਰਪੇਸ਼ ਚੁਣੌਤੀਆਂ ਬਾਰੇ ਚਰਚਾ ਕੀਤੀ।ਵਿਭਾਗ ਦੇ ਮੁਖੀ ਡਾ.ਪਰਮੀਤ ਕੌਰ ਨੇ ਕਾਨਫ਼ਰੰਸ ਦੀ ਸਫਲਤਾ ਲਈ ਸਾਰਿਆਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਕਾਨਫ਼ਰੰਸ ਵਿੱਚ ਵਿਸ਼ੇ ਨਾਲ਼ ਸਬੰਧਤ 115 ਖੋਜ ਪੱਤਰ ਸ਼ਾਮਿਲ ਹੋਏ ਹਨ।ਵਿਦਾਇਗੀ ਸੈਸ਼ਨ ਤੋਂ ਪਹਿਲਾਂ ਆਖਰੀ ਅਕਾਦਮਿਕ ਪੈਨਲ ਦੌਰਾਨ ਵਿਚਾਰ-ਚਰਚਾ ਦਾ ਆਰੰਭ ਪ੍ਰੋ. ਸਰਬਜੀਤ ਸਿੰਘ ਵੱਲੋਂ ਕੀਤਾ ਗਿਆ। ਇਸ ਸੈਸ਼ਨ ਵਿਚ ਪ੍ਰੋ. ਜੋਗਾ ਸਿੰਘ,ਪ੍ਰੋ.ਭੁਪਿੰਦਰ ਸਿੰਘ ਖਹਿਰਾ, ਪ੍ਰੋ.ਜਸਵਿੰਦਰ ਸਿੰਘ ਬੁਲਾਰਿਆਂ ਵਜੋਂ ਸ਼ਾਮਿਲ ਹੋਏ। ਇਸ ਦੌਰਾਨ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਦੀ ਅਜੋਕੀ ਸਥਿਤੀ ਨੂੰ ਵਾਚਦਿਆਂ ਸਮਕਾਲੀ ਦੌਰ ਵਿਚ ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਨੂੰ ਦਰਪੇਸ਼ ਚੁਣੌਤੀਆਂ ਦਾ ਜ਼ਿਕਰ ਕੀਤਾ। ਮਸ਼ੀਨੀ ਬੁੱਧੀਮਾਨਤਾ ਦੇ ਇਸ ਸਮੇਂ ਵਿਚ ਪੰਜਾਬੀ ਸਾਹਿਤ, ਸੱਭਿਆਚਾਰ ਦੇ ਸਨਮੁਖ ਚੁਣੌਤੀਆਂ ਦੇ ਨਾਲ-ਨਾਲ ਸਾਰਥਿਕ ਸੰਭਾਵਨਾਵਾਂ ਦਾ ਵੀ ਜ਼ਿਕਰ ਕੀਤਾ ਗਿਆ।ਵਿਦਾਇਗੀ ਸੈਸ਼ਨ ਮੌਕੇ ਡਾ.ਗੁਰਨਾਇਬ ਸਿੰਘ, ਡਾ.ਰਾਜਿੰਦਰ ਕੁਮਾਰ ਲਹਿਰੀ, ਡਾ.ਸੀ.ਪੀ.ਕੰਬੋਜ, ਡਾ.ਸੁਰਜੀਤ ਸਿੰਘ ਭੱਟੀ, ਡਾ ਗੁਰਪ੍ਰੀਤ ਕੌਰ,ਡਾ.ਪ੍ਰਮਿੰਦਰਜੀਤ ਕੌਰ,ਜਸਬੀਰ ਸਿੰਘ ਜਵੱਦੀ, ਹਰਪ੍ਰੀਤ ਸਿੰਘ ਸਾਹਨੀ, ਹਰਨੂਰ ਸਿੰਘ, ਮਨਪ੍ਰੀਤ ਸਿੰਘ, ਡਾ.ਕਰਮਜੀਤ ਕੌਰ, ਡਾ.ਹਰਮਿੰਦਰ ਕੌਰ, ਡਾ. ਅਮਨਜੋਤ ਕੌਰ, ਡਾ.ਜਤਿੰਦਰ ਸਿੰਘ ਮੱਟੂ, ਡਾ.ਅਮਰਿੰਦਰ ਸਿੰਘ, ਅਲੀ ਅਕਬਰ ਦੇ ਨਾਲ-ਨਾਲ ਵੱਡੀ ਗਿਣਤੀ ਵਿਚ ਵਿਦਵਾਨਾਂ, ਆਲੋਚਕਾਂ ਅਤੇ ਖੋਜਾਰਥੀਆਂ ਨੇ ਹਿੱਸਾ ਲਿਆ।

# ਕੈਬਨਿਟ ਮੰਤਰੀ ਨੇ 'ਪਿੰਡਾਂ ਦੇ ਪਹਿਰੇਦਾਰ' ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਨਸ਼ਾ ਮੁਕਤ ਪੰਜਾਬ ਲਈ ਇਕਜੁੱਟਤਾ ਦੀ ਕੀਤੀ ਅਪੀਲ

## - ਸੂਬੇ ਵਿੱਚ ਨਸ਼ਿਆਂ ਦੇ ਖਾਤਮੇ ਲਈ ਚੱਲ ਰਹੀ ਹੈ ਵੱਡੇ ਪੱਧਰ 'ਤੇ ਕਾਰਵਾਈ : ਡਿਪਟੀ ਸਪੀਕਰ ਸਭਾ ਜੈ ਕ੍ਰਿਸ਼ਨ ਸਿੰਘ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ,/ਗੜ੍ਹਸ਼ੰਕਰ 2 ਮਈ: (ਬਲਵੀਰ ਚੌਂਪੜਾ ) ਪੰਜਾਬ ਦੇ ਸਕੂਲ ਸਿੱਖਿਆ, ਉਚੇਰੀ ਸਿੱਖਿਆ, ਤਕਨੀਕੀ ਸਿੱਖਿਆ ਅਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਵਿੱਚ ਹਰ ਪੰਜਾਬੀ ਨੂੰ ਯੋਧਾ ਬਣਨਾ ਪਵੇਗਾ, ਤਾਂ ਹੀ ਰੰਗਲਾ ਪੰਜਾਬ ਦਾ ਸਾਡਾ ਸੁਪਨਾ ਸਾਕਾਰ ਹੋਵੇਗਾ। ਉਹ ਅੱਜ ਹੁਸ਼ਿਆਰਪੁਰ ਵਿੱਚ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਚਲਾਏ ਜਾ ਰਹੇ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਅਧੀਨ ਗਠਿਤ ਕਮੇਟੀਆਂ 'ਪਿੰਡਾਂ ਦੇ ਪਹਿਰੇਦਾਰ' ਦੇ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਕੈਬਨਿਟ kmpਮੰਤਰੀ ਡਾ. ਰਵਜੋਤ ਸਿੰਘ, ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ, ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ, ਵਿਧਾਇਕ ਹੁਸ਼ਿਆਰਪੁਰ ਬ੍ਰਮ ਸ਼ੰਕਰ ਜਿੰਪਾ, ਵਿਧਾਇਕ ਟਾਂਡਾ ਉੜਮੁੜ ਜਸਵੀਰ ਸਿੰਘ ਰਾਜਾ ਗਿੱਲ, ਵਿਧਾਇਕ ਦਸੂਹਾ ਕਰਮਵੀਰ ਸਿੰਘ ਘੁੰਮਣ, ਵਿਧਾਇਕ ਚੱਬੇਵਾਲ ਡਾ.

ਇਸ਼ਾਂਕ ਕੁਮਾਰ ਅਤੇ ਮੁਕੇਰੀਆਂ ਹਲਕਾ ਇੰਚਾਰਜ ਪ੍ਰੋ. ਜੀ.ਐਸ. ਮੁਲਤਾਨੀ ਵੀ ਮੌਜੂਦ ਸਨ।

ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਨੂੰ ਤਬਾਹ ਕਰਨ ਵਾਲੀਆਂ ਤਾਕਤਾਂ ਨੂੰ ਹਰਾਉਣ ਲਈ ਜਨ-ਜਨ ਦਾ ਸਹਿਯੋਗ ਜ਼ਰੂਰੀ ਹੈ। ਉਨ੍ਹਾਂ ਮੌਜੂਦ 'ਪਿੰਡਾਂ ਦੇ ਪਹਿਰੇਦਾਰਾਂ' ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਸਰਕਾਰ ਦੀ ਪਹਿਲੀ ਲਾਈਨ ਆਫ਼ ਡਿਫੈਂਸ ਹਨ। ਉਨ੍ਹਾਂ ਕਿਹਾ ਕਿ ਹੁਣ ਸਾਡਾ ਟੀਚਾ ਹੈ ਕਿ ਨਸ਼ਿਆਂ ਵਿਰੁੱਧ ਇਹ ਮੁਹਿੰਮ ਹਰ ਘਰ ਤੱਕ ਪਹੁੰਚੇ। ਉਨ੍ਹਾਂ ਪਿਛਲੀਆਂ ਸਰਕਾਰਾਂ 'ਤੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਵੱਲ ਧੱਕਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਸਰਕਾਰ ਇਸ ਦਾਗ ਨੂੰ ਮਿਟਾਉਣ ਲਈ ਪੂਰੀ ਤਰ੍ਹਾ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਪੰਜਾਬ ਪੁਲਿਸ ਨੂੰ ਪੂਰੀ ਤਾਕਤ ਦਿੰਦਿਆਂ ਹਦਾਇਤ ਕੀਤੀ ਗਈ ਹੈ ਕਿ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਕਿਸੇ ਵੀ ਹਾਲ ਵਿੱਚ ਬਖਸ਼ਿਆ ਨਾ ਜਾਵੇ।

ਕੈਬਨਿਟ ਮੰਤਰੀ ਬੈਂਸ ਨੇ ਪਾਣੀ ਦੇ ਮੁੱਦੇ 'ਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਪੰਜਾਬ ਦੀ ਖੁਸ਼ਹਾਲੀ ਖੇਤੀਬਾੜੀ 'ਤੇ ਨਿਰਭਰ ਹੈ, ਅਤੇ ਖੇਤੀਬਾੜੀ ਦਾ ਆਧਾਰ ਪਾਣੀ ਹੈ। ਪਰ ਕੇਂਦਰ ਸਰਕਾਰ ਦੀਆਂ ਨੀਤੀਆਂ ਪੰਜਾਬ ਦੇ ਪਾਣੀ ਨੂੰ ਖੋਹਣ ਦੀ ਡੂੰਘੀ ਸਾਜ਼ਿਸ਼ ਵੱਲ ਇਸ਼ਾਰਾ ਕਰ ਰਹੀਆਂ ਹਨ। ਇਨ੍ਹਾਂ ਨੀਤੀਆਂ ਕਾਰਨ ਪੰਜਾਬ ਦਾ ਕਿਸਾਨ ਪਹਿਲਾਂ ਹੀ ਅਸਹਿ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ, ਅਤੇ ਹੁਣ ਪੰਜਾਬ ਦੇ ਅਧਿਕਾਰਾਂ 'ਤੇ ਖੁੱਲ੍ਹੀ ਲੁੱਟ ਹੋ ਰਹੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮੁੱਖ ਮੰਤਰੀ ਦੀ ਅਗਵਾਈ ਵਿੱਚ ਪੰਜਾਬ ਦੇ ਹਰ ਪਿੰਡ ਤੱਕ ਨਾ ਸਿਰਫ਼ ਪੀਣ ਵਾਲਾ ਸਗੋਂ ਨਹਿਰਾਂ ਰਾਹੀਂ ਖੇਤੀ ਲਈ ਪਾਣੀ ਪਹੁੰਚਾਣਾ ਯਕੀਨੀ ਬਣਾਇਆ ਗਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਪੰਜਾਬ ਦੇ ਜਲ ਸੋਮਿਆਂ ਦੀ ਸੁਰੱਖਿਆ ਅਤੇ ਸੰਭਾਲ ਨੂੰ ਯਕੀਨੀ ਕਰਨ ਲਈ ਸਰਕਾਰ ਹਰ ਜ਼ਰੂਰੀ ਕਦਮ ਚੁੱਕੇਗੀ। ਸਿੱਖਿਆ ਖੇਤਰ ਵਿੱਚ ਪਿਛਲੀਆਂ ਸਰਕਾਰਾਂ ਦੀ ਉਦਾਸੀਨਤਾ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਹਜ਼ਾਰਾਂ ਸਕੂਲਾਂ ਵਿੱਚ ਪਖਾਨੇ ਅਤੇ ਚਾਰਦੀਵਾਰੀ ਤੱਕ ਨਹੀਂ ਸੀ, ਜਿਸ ਨੂੰ ਹੁਣ ਦੂਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਿੱਖਿਆ ਕ੍ਰਾਂਤੀ ਰਾਹੀਂ ਸਰਕਾਰੀ ਸਕੂਲਾਂ ਨੂੰ ਹਰ ਆਧੁਨਿਕ ਸਹੂਲਤਾਂ ਦੇ ਕੇ ਅਗਾਂਹਵਧੂ ਬਣਾਇਆ ਗਿਆ ਹੈ।

ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਕਿਹਾ ਕਿ ਲੋਕਾਂ ਦੇ ਭਲੇ ਲਈ ਸਰਕਾਰ ਵੱਲੋਂ ਕੋਈ ਕਸਰ ਨਹੀਂ ਛੱਡੀ ਜਾ ਰਹੀ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਨਸ਼ਿਆਂ ਦੇ ਖਾਤਮੇ ਲਈ ਵੱਡੇ ਪੱਧਰ 'ਤੇ ਕਾਰਵਾਈ ਚੱਲ ਰਹੀ ਹੈ ਅਤੇ ਅੱਜ ਸਾਡੀ ਸਭ ਦੀ ਨੈਤਿਕ ਜ਼ਿੰਮੇਵਾਰੀ ਹੈ ਕਿ ਪਿੰਡ-ਪਿੰਡ ਤੱਕ ਇਹ ਸੁਨੇਹਾ ਪਹੁੰਚਾਈਏ।

ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸਬੰਧੀ ਕੀਤੀਆਂ ਜਾ ਰਹੀਆਂ ਕਾਰਵਾਈਆਂ, ਵਿਲੇਜ ਡਿਫੈਂਸ ਕਮੇਟੀ ਵੱਲੋਂ ਆਉਣ ਵਾਲੇ ਸਮੇਂ ਵਿੱਚ ਕੀਤੇ ਜਾਣ ਵਾਲੇ ਕੰਮਾਂ ਅਤੇ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰਾਂ ਦੇ ਕੰਮਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਐਸ.ਐਸ.ਪੀ. ਸੰਦੀਪ ਕੁਮਾਰ ਮਲਿਕ ਨੇ ਜ਼ਿਲ੍ਹਾ ਪੁਲਿਸ ਵੱਲੋਂ ਨਸ਼ਾ ਤਸਕਰਾਂ ਵਿਰੁੱਧ ਕੀਤੀ ਗਈ ਕਾਰਵਾਈ ਅਤੇ ਜਾਗਰੂਕਤਾ ਮੁਹਿੰਮ 'ਤੇ ਪ੍ਰਕਾਸ਼ ਪਾਇਆ। ਇਸ ਦੌਰਾਨ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਨੂੰ ਦਰਸਾਉਂਦਾ ਇੱਕ ਨਾਟਕ ਵੀ ਪੇਸ਼ ਕੀਤਾ ਗਿਆ।

ਇਸ ਮੌਕੇ ਪੰਜਾਬ ਸਟੇਟ ਉਦਯੋਗਿਕ ਵਿਕਾਸ ਨਿਗਮ ਦੇ



ਵਾਈਸ ਚੇਅਰਮੈਨ ਹਰਮਿੰਦਰ ਸਿੰਘ ਬਖਸ਼ੀ, ਮੇਅਰ ਸੁਰਿੰਦਰ ਕੁਮਾਰ, ਚੇਅਰਪਰਸਨ ਜ਼ਿਲ੍ਹਾ ਯੋਜਨਾ ਕਮੇਟੀ ਕਰਮਜੀਤ ਕੌਰ, ਚੇਅਰਮੈਨ ਨਗਰ ਸੁਧਾਰ ਟਰੱਸਟ ਗੁਰਵਿੰਦਰ ਸਿੰਘ ਪਾਬਲਾ, ਚੇਅਰਮੈਨ ਮਾਰਕੀਟ ਕਮੇਟੀ ਹੁਸ਼ਿਆਰਪੁਰ ਜਸਪਾਲ ਸਿੰਘ ਚੇਚੀ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਨਸ਼ਾ ਮੁਕਤੀ ਮੋਰਚਾ ਦੇ ਜ਼ੋਨਲ ਕੋਆਰਡੀਨੇਟਰ ਨਯਨ ਛਾਬੜਾ, ਜ਼ਿਲ੍ਹਾ ਕੋਆਰਡੀਨੇਟਰ ਸਤਵੰਤ ਸਿੰਘ ਸਿਆਣ ਸਮੇਤ ਹੋਰ ਪਤਵੰਤੇ, ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦੇ ਅਧਿਕਾਰੀ ਵੀ ਮੌਜੂਦ ਸਨ।

# ਇਨਡੱਸਟ੍ਰੀਅਲ ਗਰੋਥ ਸੈਂਟਰ 'ਚ ਅੰਤਰ ਰਾਸ਼ਟਰੀ ਮਜਦੂਰ ਦਿਵਸ ਕਰਵਾਇਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com




ਬਠਿੰਡਾ, 2 ਮਈ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ)- ਮਾਨਯੋਗ ਮੈਂਬਰ ਸਕੱਤਰ,ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਹੁਕਮਾਂ ਅਤੇ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਮੈਨ, ਸ੍ਰੀ ਕਰੁਨੇਸ਼ ਕੁਮਾਰ ਅਤੇ ਮਾਨਯੋਗ ਸੀ.ਜੇ. ਐਮ. ਕਮ-ਸਕੱਤਰ ਸ੍ਰੀਮਤੀ ਬਲਜਿੰਦਰ ਕੌਰ ਮਾਨ ਜਿਲ੍ਹਾ ਕਾਨੂੰਨੀ ਸੇਵਾਵਾ ਅਥਾਰਟੀ ਬਠਿੰਡਾ ਦੀ ਰਹਿਨਮਾਈ ਹੇਠ ਸੈਮੀਨਰ ਬਠਿੰਡਾ ਚੈਬਰਜ ਆਫ ਕੰਮਰਸ ਦੇ ਸਹਿਯੋਗ ਨਾਲ ਸਥਾਨਕ ਇਨਡੱਸਟ੍ਰੀਅਲ ਗਰੋਥ ਸੈਂਟਰ ਵਿੱਚ ਅੰਤਰ ਰਾਸ਼ਟਰੀ ਮਜਦੂਰ ਦਿਵਸ ਕਰਵਾਇਆ ਗਿਆ।ਇਸ ਮੌਕੇ ਮਾਨਯੋਗ ਸੀ.ਜੇ.ਐਮ ਨੇ ਮਜਦੂਰਾ, ਸੁਪਰਵਾਇਜਰਾਂ ਅਤੇ ਫੈਕਟਰੀ ਮਾਲਕਾ ਨੂੰ ਸੰਬੋਧਨ ਕਰਦਿਆ ਕਿਹਾ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾ ਅਥਾਰਟੀ ਉਹਨਾਂ ਦੇ ਹੱਕਾ ਦੀ ਰਾਖੀ ਲਈ ਹਮੇਸ਼ਾ ਤੁਹਾਡੇ ਨਾਲ ਹੈ।ਉਹਨਾਂ ਕਿਹਾ ਕਿ ਜੇਕਰ ਉਹਨਾਂ ਨੂੰ ਕਿਸੇ ਕਿਸਮ ਦੀ ਮੁਸ਼ਕਿਲ ਆਉਂਦੀ ਹੈ ਤਾਂ ਉਹ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਟੋਲ ਫ੍ਰੀ ਨੰਬਰ 15100 'ਤੇ ਸੰਪਰਕ ਕਰ ਸਕਦੇ ਹਨ।

ਇਸ ਮੌਕੇ ਉਨ੍ਹਾਂ ਨੂੰ ਨਾਲਸਾ ਅਤੇ ਪਲਸਾ ਦੀਆਂ ਸਕੀਮਾਂ ਬਾਰੇ ਵੀ ਵਿਸਥਾਰ ਪੂਰਕ ਜਾਣੂ ਕਰਵਾਇਆ ਗਿਆ।

# 4 ਮਈ ਨੂੰ ਹੋਣ ਵਾਲੇ ਸਮਾਗਮ 'ਚ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਗੁਰਮੀਤ ਸਿੰਘ ਖੁੱਡੀਆਂ ਵਲੋਂ ਕੀਤੀ ਜਾਵੇਗੀ ਸ਼ਿਰਕਤ : ਪੂਨਮ ਸਿੰਘ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com



ਬਠਿੰਡਾ, 2 ਮਈ (ਅੰਗਰੇਜ ਸਿੰਘ ਵਿੱਕੀ/ਬਲਜੀਤ ਸਿੰਘ ਕੋਟਗੁਰੂ) ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਸ਼ੁਰੂ ਕੀਤੀ ਮੁਹਿੰਮ 'ਯੁੱਧ ਨਸ਼ਿਆ ਵਿਰੁੱਧ' ਤਹਿਤ 4 ਮਈ 2025 ਨੂੰ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਸਥਾਨਕ ਕੁਈਨਜ਼ ਲੈਂਡ ਵਿਖੇ ਸਮਾਗਮ ਕਰਵਾਇਆ ਜਾਵੇਗਾ। ਇਸ ਸਮਾਗਮ ਦੌਰਾਨ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਅਤੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਜਾਵੇਗੀ। ਇਹ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਕੀਤੀ ਗਈ ਰੀਵਿਊ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਾਂਝੀ ਕੀਤੀ। ਇਸ ਮੌਕੇ ਉਨ੍ਹਾਂ ਵਲੋਂ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ ਗਏ। ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਦੀ ਯੋਗ ਅਗਵਾਈ ਹੇਠ ਕਰਵਾਏ ਜਾਣ ਵਾਲੇ ਇਸ ਸਮਾਗਮ ਦੌਰਾਨ ਨਾਟਯਮ ਪੰਜਾਬ ਦੀ ਟੀਮ ਵਲੋਂ ਨਸ਼ਿਆਂ ਦਾ ਮਾਰੂ ਪ੍ਰਭਾਵਾਂ ਨੂੰ ਦਰਸਾਉਂਦੇ ਹੋਏ ਨੁਕੜ ਨਾਟਕ ਪੇਸ਼ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹੇ ਦੇ ਸਮੂਹ ਪਿੰਡਾਂ ਦੇ ਸਰਪੰਚਾਂ ਅਤੇ ਪਿੰਡਾਂ ਅੰਦਰ ਨਿਯੁਕਤ ਕੀਤੀਆਂ ਪਿੰਡ ਪੱਧਰੀ ਸੁਰੱਖਿਆ ਕਮੇਟੀਆ ਦੇ ਮੈਂਬਰਾਂ ਵਲੋਂ ਸ਼ਿਰਕਤ ਕਰਕੇ ਨਸ਼ਿਆਂ ਦੇ ਖਾਤਮੇ ਲਈ ਪ੍ਰਣ ਵੀ ਲਿਆ ਜਾਵੇਗਾ।ਇਸ ਮੌਕੇ ਡੀਐਸਪੀ ਐਨਡੀਪੀਐੱਸ ਹਰਵਿੰਦਰ ਸਿੰਘ , ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਗੁਰਪ੍ਰਤਾਪ ਸਿੰਘ ਤੋਂ ਇਲਾਵਾ ਜ਼ਿਲ੍ਹੇ ਨਾਲ ਸਬੰਧਤ ਬੀਡੀਪੀਓਜ਼ ਆਦਿ ਸ਼ਾਮਲ ਸਨ।

# ਪੰਜਾਬ ਦੇ ਪਾਣੀਆਂ 'ਤੇ ਭਾਜਪਾ ਦਾ ਡਾਕਾ, ਪੰਜਾਬੀ ਕਦੇ ਬਰਦਾਸ਼ਤ ਨਹੀਂ ਕਰਨਗੇ : ਨਵਦੀਪ ਸਿੰਘ ਜੀਦਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com




ਬਠਿੰਡਾ, 2 ਮਈ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ)- ਪੰਜਾਬ ਗੁਰੂਆਂ, ਪੀਰਾਂ ਅਤੇ ਫਕੀਰਾਂ ਦੀ ਧਰਤੀ ਹੈ। ਇਸ ਲਈ ਧਰਤੀ, ਵਾਤਾਵਰਨ ਅਤੇ ਪਾਣੀਆਂ ਨੂੰ ਬਚਾਉਣਾ ਸਾਡਾ ਸਾਰਿਆਂ ਦਾ ਮੁੱਢਲਾ ਅਤੇ ਨਿੱਜੀ ਫਰਜ਼ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਚੇਅਰਮੈਨ ਸ਼ੂਗਰਫੈਡ ਨਵਦੀਪ ਸਿੰਘ ਜੀਦਾ ਨੇ ਹਰਿਆਣਾ ਅਤੇ ਕੇਂਦਰ ਦੀਆਂ ਸਰਕਾਰ ਵੱਲੋਂ ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰਨ ਦੀਆਂ ਕੋਝੀਆਂ ਸਾਜ਼ਿਸ਼ਾਂ ਘੜਨ ਲਈ ਭਾਰਤੀ ਜਨਤਾ ਪਾਰਟੀ ਦੇ ਖਿਲਾਫ ਸਥਾਨਕ ਸਰਕਟ ਹਾਊਸ ਵਿਖੇ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ।ਇਸ ਮੌਕੇ ਚੇਅਰਮੈਨ ਨਵਦੀਪ ਸਿੰਘ ਜੀਦਾ ਨੇ ਕਿਹਾ ਕਿ ਪੰਜਾਬ ਦੇ ਪਾਣੀਆਂ ਦਾ ਸਰੋਕਾਰ ਪੰਜਾਬ ਨਾਲ ਹੀ ਹੈ ਅਤੇ ਕਿਸੇ ਨੂੰ ਵੀ ਲਿਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪੰਜਾਬ ਨੂੰ ਉਸ ਦੇ ਕਾਨੂੰਨੀ ਹੱਕ ਤੋਂ ਸੱਖਣਾ ਕਰਨ ਦੀ ਇਜਾਜ਼ਤ ਨਹੀਂ ਦੇਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਭਾਜਪਾ ਹਰਿਆਣਾ ਅਤੇ ਕੇਂਦਰ ਦੀਆਂ ਸਰਕਾਰਾਂ ਰਾਹੀਂ ਸੂਬੇ ਨਾਲ ਧੱਕੇਸ਼ਾਹੀ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਮੰਦਭਾਗੀ ਗੱਲ ਹੈ ਕਿ ਬੀ.ਬੀ.ਐਮ.ਬੀ. ਵੱਲੋਂ ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰਨ ਲਈ ਆਏ ਦਿਨ ਨਵੇਂ ਮਤੇ ਪਾਸ ਕੀਤੇ ਜਾ ਰਹੇ ਹਨ। ਸੂਬਾ ਸਰਕਾਰ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਡਟ ਕੇ ਪਹਿਰਾ ਦੇਵੇਗੀ ਅਤੇ ਕਿਸੇ ਨੂੰ ਵੀ ਸਾਡੇ ਪਾਣੀਆਂ ਨੂੰ ਖੋਹਣ ਦੀ ਆਗਿਆ ਨਹੀਂ ਦੇਵੇਗੀ।ਚੇਅਰਮੈਨ ਸ਼ੂਗਰਫੈਡ ਨਵਦੀਪ ਸਿੰਘ ਜੀਦਾ ਨੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਦੇ ਪਾਣੀਆਂ, ਹੱਕਾਂ ਅਤੇ ਸੰਘੀ ਢਾਂਚੇ 'ਤੇ ਹਮਲਾ ਕਰਕੇ ਡਾਕਾ ਮਾਰ ਰਹੀ ਹੈ। ਉਹਨਾਂ ਕਿਹਾ ਕਿ ਜਿੱਥੇ ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ ਜੋ ਕਿ ਨਹਿਰੀ ਪਾਣੀ ਉੱਤੇ ਨਿਰਭਰ ਕਰਦਾ ਹੈ ਉੱਥੇ ਹੀ ਕੇਂਦਰ ਸਰਕਾਰ ਆਪਣਾ ਦਬਦਬਾ ਪਾ ਕੇ ਪੰਜਾਬ ਨਾਲ ਨਿਰੰਤਰ ਧੱਕੇਸ਼ਾਹੀ ਕਰਦੀ ਆ ਰਹੀ ਹੈ।

ਇਸ ਮੌਕੇ ਚੇਅਰਮੈਨ ਨਵਦੀਪ ਸਿੰਘ ਜੀਦਾ ਨੇ ਕਿਹਾ ਕਿ ਕੁਝ ਦਿਨ ਪਹਿਲਾਂ ਹਰਿਆਣਾ ਨੇ ਇਹ ਤਰਕ ਦਿੰਦਿਆਂ ਕਿ ਇਸ ਪਾਣੀ ਨਾਲ ਗੁਜ਼ਾਰਾ ਨਹੀਂ ਹੁੰਦਾ, ਸੂਬੇ ਨੂੰ ਰੋਜ਼ਾਨਾ 8500 ਕਿਊਸਿਕ ਪਾਣੀ ਦੀ ਹੋਰ ਲੋੜ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਇਹ ਪਾਣੀ ਸਿੰਚਾਈ ਮੰਤਵ ਲਈ ਚਾਹੀਦਾ ਹੈ ਅਤੇ ਇਹ ਸਮੱਸਿਆ ਵੀ ਇਸ ਕਰਕੇ ਪੈਦਾ ਹੋਈ ਹੈ ਕਿਉਂਕਿ ਹਰਿਆਣਾ ਨੇ ਆਪਣੇ ਪਾਣੀ ਦੀ ਵਰਤੋਂ ਸਹੀ ਢੰਗ ਨਾਲ ਨਹੀਂ ਕੀਤੀ।

ਚੇਅਰਮੈਨ ਨਵਦੀਪ ਜੀਦਾ ਨੇ ਕਿਹਾ ਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਦਿਨ ਪ੍ਰਤੀ ਦਿਨ ਡਿੱਗ ਰਿਹਾ ਹੈ। ਉਨ੍ਹਾਂ ਕਿਹਾ ਕਿ ਡੈਮਾਂ ਵਿੱਚ ਪਾਣੀ ਦਾ ਪੱਧਰ ਚਿੰਤਾਜਨਕ ਸਥਿਤੀ ਵਿੱਚ ਹੇਠਾਂ ਆਇਆ ਹੈ। ਉਹਨਾਂ ਕਿਹਾ ਕਿ ਪੌਂਗ ਡੈਮ, ਭਾਖੜਾ ਡੈਮ ਅਤੇ ਰਣਜੀਤ ਸਾਗਰ ਡੈਮ ਵਿੱਚ ਪਾਣੀ ਦਾ ਪੱਧਰ ਬੀਤੇ ਸਾਲ ਦੇ ਮੁਕਾਬਲੇ ਕ੍ਰਮਵਾਰ 32 ਫੁੱਟ, 12 ਫੁੱਟ ਅਤੇ 14 ਫੁੱਟ ਹੇਠਾਂ ਆ ਚੁੱਕਾ ਹੈ।ਇਸ ਉਪਰੰਤ ਚੇਅਰਮੈਨ ਨਵਦੀਪ ਸਿੰਘ ਜੀਦਾ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੀ ਸਮੂਹ ਲੀਡਰਸ਼ਿਪ ਨੇ ਸਥਾਨਕ ਫਾਇਰ ਬ੍ਰਿਗੇਡ ਚੌਂਕ, ਨਗਰ ਸੁਧਾਰ ਟਰਸਟ ਜਤਿੰਦਰ ਸਿੰਘ ਭੱਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੰਗਤ ਮੰਡੀ ਵਿਖੇ, ਗੋਨਿਆਣਾ ਵਿਖੇ ਆਪ ਆਗੂ ਸੁਰਿੰਦਰ ਬਿੱਟੂ ਅਤੇ ਰਾਮਪੁਰਾ ਵਿਖੇ ਰੇਸ਼ਮ ਸਿੰਘ ਸੁੱਖੀ, ਤਲਵੰਡੀ ਸਾਬੋ ਵਿਖੇ ਕੇਵਲ ਸਿੰਘ ਅਤੇ ਮੌੜ ਵਿਖੇ ਚੇਅਰਮੈਨ ਮਾਰਕੀਟ ਕਮੇਟੀ ਬਲਵਿੰਦਰ ਸਿੰਘ ਬੱਲੋਂ ਦੀ ਅਗਵਾਈ ਵਿੱਚ ਮਾਰਕੀਟ ਕਮੇਟੀ ਦੇ ਦਫਤਰ ਤੋਂ ਲੈ ਕੇ ਬੱਸ ਸਟੈਂਡ ਤੱਕ ਭਾਜਪਾ ਦੀ ਕੇਂਦਰ ਸਰਕਾਰ ਦੇ ਖਿਲਾਫ਼ ਪਾਣੀਆ ਦੇ ਮੱਦੇਨਜ਼ਰ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਚੇਅਰਮੈਨ ਸ਼੍ਰੀ ਅਨਿਲ ਠਾਕੁਰ, ਚੇਅਰਮੈਨ ਸ਼੍ਰੀ ਰਾਕੇਸ਼ ਪੁਰੀ ਤੋਂ ਇਲਾਵਾ ਆਮ ਆਦਮੀ ਪਾਰਟੀ ਦੀ ਸਮੂਹ ਲੀਡਰਸ਼ਿਪ ਅਤੇ ਹੋਰ ਪ੍ਰਮੁੱਖ ਸ਼ਖਸ਼ੀਅਤਾਂ ਆਦਿ ਹਾਜਰ ਸਨ।

# ਭਗਵੰਤ ਸਿੰਘ ਮਾਨ ਪਹਿਲੇ ਮੁੱਖ ਮੰਤਰੀ, ਜਿਨ੍ਹਾਂ ਨੇ ਨਸ਼ਾ ਤਸਕਰੀ ਰੋਕਣ ਤੇ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਠੋਸ ਕਦਮ ਚੁੱਕੇ : ਚੀਮਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com

ਸੰਗਰੂਰ, 2 ਮਈ (ਜਗਸੀਰ ਲੌਂਗੋਵਾਲ)- ਪੰਜਾਬ ਦੇ ਵਿੱਤ ਮੰਤਰੀ ਅਤੇ ਯੁੱਧ ਨਸ਼ਿਆਂ ਵਿਰੁੱਧ ਕੈਬਨਿਟ ਸਬ ਕਮੇਟੀ ਦੇ ਚੇਅਰਮੈਨ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇੱਥੇ ਜਿਲ੍ਹਾ ਪ੍ਰਸ਼ਾਸਨ ਵੱਲੋਂ ਸਥਾਨਕ ਪੈਲੇਸ ਵਿੱਚ ਕਰਵਾਈ ਗਈ ਵਿਲੇਜ਼ ਡਿਫੈਂਸ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਪਹਿਲੇ ਮੁੱਖ ਮੰਤਰੀ ਹਨ ਜਿਨ੍ਹਾਂ ਨੇ ਨਸ਼ਾ ਤਸਕਰੀ ਰੋਕਣ ਅਤੇ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਠੋਸ ਕਦਮ ਚੁੱਕੇ ਹਨ। ਉਨ੍ਹਾਂ ਕਿਹਾ ਕਿ ਰਾਜ ਨਸ਼ਿਆਂ ਖਿਲਾਫ ਜੰਗ ਲੜ੍ਹ ਰਿਹਾ ਹੈ ਅਤੇ ਨਸ਼ਾ ਤਸਕਰਾਂ ਨੂੰ ਸਖਤ ਚੇਤਾਵਨੀ ਦਿੱਤੀ ਗਈ ਹੈ ਕਿ ਜੇਕਰ ਉਨ੍ਹਾਂ ਨੇ ਨਸ਼ਾ ਵੇਚਣਾ ਨਾ ਛੱਡਿਆ ਤਾਂ ਉਨ੍ਹਾਂ ਨੂੰ ਪੰਜਾਬ ਛੱਡਣਾ ਪਏਗਾ।

ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਨਸ਼ੇ ਦੇ ਪੈਸੇ ਨਾਲ ਬਣੇ ਮਕਾਨਾਂ ਨੂੰ ਤੋੜਨ ਦੇ ਨਾਲ ਨਾਲ ਨਸ਼ਾ ਤਸਕਰਾਂ ਵਿਰੁੱਧ ਸਖਤ ਕਾਰਵਾਈ ਯਕੀਨੀ ਬਣਾ ਰਹੀ ਹੈ। ਉਨ੍ਹਾਂ ਦੱਸਿਆ ਕਿ “ਯੁੱਧ ਨਸ਼ਿਆਂ ਵਿਰੁੱਧ” ਮੁਹਿੰਮ ਹੇਠ ਜੇਕਰ ਇਕੱਲੇ ਜ਼ਿਲ੍ਹਾ ਸੰਗਰੂਰ ਦੀ ਹੀ ਗੱਲ ਕਰੀ ਜਾਵੇ ਤਾਂ ਹੁਣ ਤੱਕ ਐਨ ਡੀ ਪੀ ਐਸ ਤਹਿਤ 240 ਕੇਸ ਦਰਜ ਹੋਏ ਹਨ ਅਤੇ 332 ਗ੍ਰਿਫਤਾਰੀਆਂ ਹੋਈਆਂ ਹਨ, ਇਨ੍ਹਾਂ ਤੋਂ ਇਲਾਵਾ ਲਗਭਗ 9.20 ਲੱਖ ਰੁਪਏ ਦੀ ਨਕਦੀ ਵੀ ਬਰਾਮਦ ਹੋਈ ਹੈ। ਉਨ੍ਹਾਂ ਕਿਹਾ ਕਿ ਪੁਲਿਸ ਕਾਰਵਾਈ ਦੇ ਨਾਲ-ਨਾਲ ਸਰਕਾਰ ਨੇ ਪਿੰਡ ਪੱਧਰ ਤੇ ਵਿਲੇਜ ਡਿਫੈਂਸ ਕਮੇਟੀਆਂ (VDCs) ਅਤੇ ਸ਼ਹਿਰੀ ਪੱਧਰ ਤੇ ਵਾਰਡ ਡਿਫੈਂਸ ਕਮੇਟੀਆਂ (WDCs) ਬਣਾਈਆਂ ਹਨ ਜੋ ਨਸ਼ਿਆਂ ਦੇ ਖ਼ਿਲਾਫ ਲੜਾਈ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੀਆਂ। ਉਨ੍ਹਾਂ ਕਿਹਾ ਕਿ ਕਮੇਟੀਆਂ ਦੇ ਮੈਂਬਰ ਆਪਣੇ-ਆਪਣੇ ਖੇਤਰਾਂ ਵਿੱਚ ਸਖਤ ਨਿਗਰਾਨੀ ਰੱਖਣਗੇ ਅਤੇ ਕਿਸੇ ਵੀ ਨਸ਼ੇ ਨਾਲ ਜੁੜੀ ਜਾਣਕਾਰੀ ਤੁਰੰਤ ਪੁਲਿਸ ਜਾਂ ਪ੍ਰਸ਼ਾਸਕੀ ਅਧਿਕਾਰੀਆਂ ਨੂੰ ਦੇਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਇਹ ਮੈਂਬਰ ਨਸ਼ਾ ਆਦੀ ਵਿਅਕਤੀਆਂ ਨੂੰ ਨਸ਼ਾ ਮੁਕਤੀ ਕੇਂਦਰਾਂ ਵਿੱਚ ਇਲਾਜ ਲਈ ਭੇਜਣ ਅਤੇ ਉਨ੍ਹਾਂ ਨੂੰ ਮੁੱਖ ਧਾਰਾ ਸਮਾਜ ਨਾਲ ਜੋੜਨ ਵਿੱਚ ਵੀ ਮਦਦ ਕਰਨਗੇ।

ਇਸ ਦੌਰਾਨ, ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਵੀ ਵੀ.ਡੀ.ਸੀ ਅਤੇ ਡਬਲਯੂ.ਡੀ.ਸੀ ਮੈਂਬਰਾਂ ਨੂੰ ਪੰਜਾਬ ਸਰਕਾਰ ਦੀ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਵਿੱਚ ਸਰਗਰਮੀ ਨਾਲ ਭਾਗ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਨਸ਼ਾ ਤਸਕਰੀ ਨੂੰ ਪੰਜਾਬ ਤੋਂ ਖਤਮ ਕਰਨ ਲਈ ਦਿਨ ਰਾਤ ਕੰਮ ਕਰ ਰਹੀ ਹੈ ਅਤੇ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਸਰਹੱਦਾਂ ‘ਤੇ ਡਰੋਨ ਰਾਹੀਂ ਆਉਣ ਵਾਲੀਆਂ ਨਸ਼ਿਆਂ ਦੀਆਂ ਖੇਪਾਂ ਨੂੰ ਲੈਣ ਲਈ ਕੋਈ ਵੀ ਨਹੀਂ ਬਚਿਆ ਕਿਉਂਕਿ ਨਸ਼ਾ ਤਸਕਰ ਆਪਣੇ ਘਰਾਂ ‘ਤੇ ਤਾਲੇ ਲਾ ਕੇ ਹੋਰ ਰਾਜਾਂ ਵੱਲ ਭੱਜ ਗਏ ਹਨ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਅਜੇ ਤੱਕ ਲਗਭਗ 60 ਅਜਿਹੇ ਘਰ ਢਾਹੇ ਜਾ ਚੁੱਕੇ ਹਨ ਜੋ ਨਸ਼ਿਆਂ ਦੇ ਪੈਸੇ ਨਾਲ ਬਣਾਏ ਗਏ ਸਨ।

ਕੈਬਨਿਟ ਮੰਤਰੀ ਗੋਇਲ ਨੇ ਕਿਹਾ ਕਿ ਮਾਨ ਸਰਕਾਰ ਨਸ਼ਿਆਂ ਵਿਰੁੱਧ ਫੈਸਲਾਕੁੰਨ ਜੰਗ ਲੜ ਰਹੀ ਹੈ ਅਤੇ ਹੁਣ ਕੇਂਦਰ ਨੇ ਪੰਜਾਬ ਉੱਤੇ ਹੋਰ ਇੱਕ ਜੰਗ ਥੋਪ ਦਿੱਤੀ ਹੈ, ਜਿਸ ਰਾਹੀਂ ਪੰਜਾਬ ਦੇ ਪਾਣੀਆਂ ਦੀ ਲੁੱਟ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਬੀ.ਬੀ. ਐਮ.ਬੀ ਵੱਲੋਂ ਹਰਿਆਣਾ ਨੂੰ ਵਾਧੂ ਪਾਣੀ ਦੇਣ ਦਾ ਫੈਸਲਾ ਪੂਰੀ ਤਰ੍ਹਾਂ ਗੈਰਕਾਨੂੰਨੀ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ ਪਹਿਲਾਂ ਹੀ ਭੂ-ਜਲ ਪੱਧਰ ਦੇ ਮਾਮਲੇ ਵਿੱਚ ਦਬਾਅ ਹੇਠ ਹੈ ਅਤੇ ਜਦੋਂ ਮੌਜੂਦਾ ਸਰਕਾਰ ਨੇ ਖੇਤਾਂ ਨੂੰ ਸਿੰਚਾਈ ਲਈ ਨਹਿਰਾਂ ਰਾਹੀਂ ਪਾਣੀ ਦੇਣ ਦੀ ਪਹਿਲ ਕੀਤੀ ਹੈ, ਤਾਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਅਤੇ ਹਰਿਆਣਾ ਸਰਕਾਰ ਇਸ ਨਹਿਰੀ ਪਾਣੀ ਦੀ ਖੁੱਲ੍ਹੀ ਲੁੱਟ ਕਰਨਾ ਚਾਹੁੰਦੀਆਂ ਹਨ।

ਇਸ ਮੌਕੇ ‘ਤੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਸੰਯੋਜਕ ਅਰਵਿੰਦ ਕੇਜਰੀਵਾਲ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਦੀ ਅਗਵਾਈ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਨਸ਼ੇ ਦੀ ਸਮੱਸਿਆ ਨੂੰ ਸੰਸਦ ਵਿੱਚ ਵੀ ਉਠਾਇਆ ਗਿਆ ਹੈ ਅਤੇ ਪੰਜਾਬ ਦੇ ਮੁੱਖ ਮੰਤਰੀ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਲਿਖਿਆ ਹੈ ਕਿ ਡਰੋਨਾਂ ਦੀ ਰਜਿਸਟਰੇਸ਼ਨ ਹੋਣੀ ਚਾਹੀਦੀ ਹੈ ਅਤੇ ਸਰਹੱਦ ‘ਤੇ ਉੱਚ ਤਕਨੀਕੀ ਉਪਕਰਨ ਲਗਾਏ ਜਾਣ ਕਿ ਜਿਨ੍ਹਾਂ ਰਾਹੀਂ ਡਰੋਨਾਂ ਰਾਹੀਂ ਨਸ਼ਿਆਂ ਦੀ ਤਸਕਰੀ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਨਸ਼ਿਆਂ ਦੀ ਤਸਕਰੀ ਰੋਕਣ ਲਈ ਕੋਈ ਠੋਸ ਕਦਮ ਨਹੀਂ ਚੁੱਕੇ ਪਰ ਮਾਨ ਸਰਕਾਰ ਇਸ ਨੂੰ ਜੜ ਤੋਂ ਖਤਮ ਕਰਨ ਲਈ ਪੱਕੇ ਅਤੇ ਠੋਸ ਕਦਮ ਚੁੱਕ ਰਹੀ ਹੈ।

ਸੰਗਰੂਰ ਤੋਂ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਇਹ ਲੋਕਾਂ, ਪ੍ਰਸ਼ਾਸਨ, ਪੁਲਿਸ ਅਤੇ ਸਰਕਾਰ ਦੀ ਸਮੂਹਿਕ ਜ਼ਿੰਮੇਵਾਰੀ ਹੈ ਅਤੇ ਸਾਰੇ 3 ਕਰੋੜ ਪੰਜਾਬੀਆਂ ਨੂੰ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮਾਨ ਸਰਕਾਰ ਦੇ ਨਾਲ ਖੜ੍ਹੇ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵੀ ਡੀ ਸੀ ਮੈਂਬਰਾਂ ਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਉਹ ਨਸ਼ਿਆਂ ਦੀ ਤਸਕਰੀ ਨੂੰ ਰੋਕਣਗੇ ਅਤੇ ਨਸ਼ੇ ਦੀ ਲਤ ਤੋਂ ਪੀੜਤ ਮਰੀਜ਼ਾਂ ਦਾ ਮੁੜ ਵਸੇਬਾ ਵੀ ਕਰਨਗੇ।




ਪ੍ਰੋਗਰਾਮ ਦੌਰਾਨ ਐਸਐਸਪੀ ਸਰਤਾਜ ਸਿੰਘ ਚਾਹਲ ਅਤੇ ਵਧੀਕ ਡਿਪਟੀ ਕਮਿਸ਼ਨਰ (ਜ) ਅਮਿਤ ਬੈਂਬੀ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਵੱਲੋਂ ਨਸ਼ਿਆਂ ਦੇ ਪ੍ਰਕੋਪ ਨੂੰ ਰੋਕਣ ਲਈ ਕੀਤੇ ਜਾ ਰਹੇ ਯਤਨਾਂ ‘ਤੇ ਵੀ ਚਾਨਣਾ ਪਾਇਆ। ਉਨ੍ਹਾਂ ਵੀ ਡੀ ਸੀ ਮੈਂਬਰਾਂ ਨੂੰ ਉਨ੍ਹਾਂ ਦੇ ਆਪਣੇ ਖੇਤਰਾਂ ਤੋਂ ਨਸ਼ਿਆਂ ਦੀ ਦੁਰਵਰਤੋਂ ਨੂੰ ਰੋਕਣ ਲਈ ਹਰ ਸੰਭਵ ਮਦਦ ਦਾ ਭਰੋਸਾ ਵੀ ਦਿੱਤਾ।

ਇਸ ਮੌਕੇ ਤੇ ਚੇਅਰਮੈਨ ਗੁਰਮੈਲ ਸਿੰਘ ਘਰਾਚੋਂ, ਚੇਅਰਮੈਨ ਮਹਿੰਦਰ ਸਿੰਘ ਸਿੱਧੂ, ਚੇਅਰਮੈਨ ਅਸ਼ੋਕ ਕੁਮਾਰ ਸਿੰਗਲਾ, ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਜ਼ੋਨ ਕੋਆਰਡੀਨੇਟਰ ਜਗਦੀਪ ਜੱਗਾ, ਏ.ਡੀ.ਸੀ. (ਡੀ) ਸੁਖਚੈਨ ਸਿੰਘ ਪਾਪੜਾ, ਐਸ.ਪੀ. ਨਵਰੀਤ ਸਿੰਘ ਵਿਰਕ, ਐਸ.ਪੀ. ਦਿਲਪਰੀਤ ਸਿੰਘ, ਐਸ.ਡੀ.ਐਮ. ਚਰਨਜੋਤ ਸਿੰਘ ਵਾਲੀਆ, ਐਸ.ਡੀ.ਐਮ. ਰਿਸ਼ਵ ਗਰਗ, ਜਸਵੀਰ ਸਿੰਘ ਜੱਸੀ ਸੇਖੋਂ ਸਮੇਤ ਹੋਰ ਪ੍ਰਮੁੱਖ ਵਿਅਕਤੀ ਵੀ ਮੌਜੂਦ ਸਨ।

# ਐਨ.ਓ.ਸੀ ਬਗੈਰ ਹੁੰਦੀਆਂ ਰਜਿਸਟਰੀਆਂ ਤੇ ਮੁੜ ਲੱਗੀ ਰੋਕ

## ਗੈਰ ਮੁਮਕਿਨ ਜਮੀਨਾਂ ‘ਤੇ ਸਰਕਾਰ ਵੱਲੋਂ ਨਿਰਧਾਰਿਤ ਰੇਟਾਂ ਤੇ ਵੀ ਨਹੀਂ ਹੋ ਰਹੀਆਂ ਰਜਿਸਟਰੀਆਂ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com

ਮਾਨਸਾ 2ਮਈ,(ਆਤਮਾ ਸਿੰਘ ਪਮਾਰ)ਪੰਜਾਬ ਸਰਕਾਰ ਵਲੋਂ ਤਹਿਸ਼ੁਦਾ ਸਮੇਂ ਤੋਂ ਚਾਰ ਮਹੀਨੇ ਪਹਿਲਾਂ ਹੀ ਬਿਨ੍ਹਾਂ ਐਨ ਓ ਸੀ ਤੋਂ ਰਜਿਸਟਰੀਆਂ ਨਾ ਕਰਨ ਦਾ ਬਿਖੇੜਾ ਮੁੜ ਤੋਂ ਖੜਾ ਹੋ ਗਿਆ ਹੈ। ਜਿੱਥੇ ਆਮ ਲੋਕ ਇਸ ਨੂੰ ਲੈ ਕੇ ਬੇਫਿਕਰ ਸਨ, ਉੱਥੇ ਸਰਕਾਰ ਨੇ ਅਫਸਰਾਂ ਨੂੰ ਨਵੇਂ ਹੁਕਮ ਚਾੜ੍ਹ ਦਿੱਤੇ ਹਨ ਕਿ ਹੁਣ ਕੋਈ ਵੀ,ਰਜਿਸਟਰੀ ਬਗੈਰ ਐਨ ਓ ਸੀ ਤੋਂ ਨਾ ਕੀਤੀ ਜਾਵੇ।ਇਸਨੂੰ ਲੈ ਕੇ ਆਮ ਲੋਕ ਭੰਬਲਭੂਸੇ ਚ ਪੈ ਗਏ ਕਿਉਂਕਿ ਸਰਕਾਰ ਵੱਲੋਂ ਪ ਬਿਨਾਂ ਐਨਓਸੀ ਤੋਂ ਰਜਿਸਟਰੀਆਂ ਦੀ ਮਿਆਦ 30ਅਗਸਤ 2025 ਤੱਕ ਰੱਖੀ ਗਈ ਸੀ। ਜਾਪਦਾ ਹੈ ਸਰਕਾਰ ਇਹ ਸਭ ਕਹਿ ਕੇ ਭੁੱਲ ਗਈ ਹੈ । ਹੁਣ ਤਹਿਸੀਲਦਾਰਾਂ ਨੂੰ ਨਵਾਂ ਫੁਰਮਾਨ ਜਾਰੀ ਕਰ ਦਿੱਤਾ ਗਿਆ ਹੈ। ਲੋਕਾਂ ਇਸ ਫੈਸਲੇ ਨੂੰ ਲੈ ਕੇ ਸਰਕਾਰ ਤੋਂ ਕਾਫੀ ਖ਼ਫ਼ਾ ਦਿਖਾਈ ਦੇ ਰਹੇ ਹਨ। ਅਤੇ ਸਰਕਾਰ ਤੋਂ ਇਸ ਬਾਰੇ ਰੁੱਖ ਸਪੱਸ਼ਟ ਕਰਨ ਦੀ ਮੰਗ ਕਰ ਰਹੇ ਹਨ।

ਜ਼ਿਲਾ ਪ੍ਰਾਪਰਟੀ ਐਸੋਸੀਏਸ਼ਨ ਦੇ ਪ੍ਰਧਾਨ ਬਲਜੀਤ ਸ਼ਰਮਾ ਤੇ ਜ਼ਿਲਾ ਕਾਲੋਨਾਈਜ਼ਰ ਦੇ ਪ੍ਰਧਾਨ ਦਰਸ਼ਨ ਸ਼ਰਮਾ ਦਾ ਕਹਿਣਾ ਹੈ ਕਿ ਪਿਛਲੇ ਸਮੇਂ ‘ਚ ਜਮੀਨ ਜਾਇਦਾਦ ਆਦਿ ਦੀ ਖਰੀਦ ਵੇਚ ਲਈ ਐਨ ਓ ਸੀ ਨੂੰ ਲੈ ਕੇ ਲੋਕਾਂ ਨੂੰ ਕਾਫੀ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਸ਼ਰਤਾਂ ਵੀ ਜਿਆਦਾ ਤੇ ਪੇਚੀਦਾ ਹੋਣ ਕਾਰਨ ਲੋਕਾਂ ਚ ਸਰਕਾਰ ਪ੍ਰਤੀ ਰੋਸ ਦੇਖਣ ਨੂੰ ਮਿਲਿਆ ਸੀ। ਲੰਬੇ ਸੰਘਰਸ਼ ਤਤ ਤੋਂ ਬਾਅਦ ਪੰਜਾਬ ਸਰਕਾਰ ਨੇ ਐਨਓਸੀ ਦੀ ਸ਼ਰਤ ਹਟਾਈ ਸੀ। ਉਨਾਂ ਕਿਹਾ ਕਿ ਜਮੀਨਾਂ ਜਾਇਦਾਦਾਂ ਦੀ ਖਰੀਦ ਵੇਚ ਨੂੰ ਲੈ ਕੇ ਰਜਿਸਟਰੀਆਂ ਹੋਣ ਲੱਗੀਆਂ ਸਨ, ਪ੍ਰੰਤੂ ਸਰਕਾਰ ਐਨ ਓ ਸੀ ਦੀ ਮੁੜ ਸ਼ਰਤ ਲਗਾ ਦਿੱਤੀ ਹੈ। ਆਗੂਆਂ ਨੇ ਦੱਸਿਆ ਕਿ ਅਫਸਰਾਂ ਦਾ ਕਹਿਣਾ ਹੈ ਕਿ ਸਰਕਾਰ ਦੇ ਹੁਕਮ ਆ ਗਏ ਹਨ ਕਿ ਬਿਨਾਂ ਐਨਓਸੀ ਕੋਈ ਰਜਿਸਟਰੀ ਨਾ ਕੀਤੀ ਜਾਵੇ ਪਤਾ ਲੱਗਾ ਹੈ ਕਿ ਉਨ੍ਹਾਂ ਤੋਂ ਹੁਣ ਤੱਕ ਹੋਈਆਂ ਰਜਿਸਟਰੀਆਂ ਦੇ ਰਿਕਾਰਡ ਦੇ/ਵੇਰਵੇ ਮੰਗੇ ਹਨ ਹੈ,ਜੋ ਮਾਨਯੋਗ ਹਾਈਕੋਰਟ ‘ਚ ਪੇਸ਼ ਕਰਨੇ ਹਨ । ਉਨਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਪ੍ਰਾਪਰਟੀ ਉਦਯੋਗ ਨਾਲ ਜੁੜੇ ਲੋਕਾਂ, ਕਾਰੋਬਾਰੀਆਂ ਨੂੰ ਪ੍ਰੇਸ਼ਾਨ ਹੀ ਕੀਤਾ ਹੈ, ਜੋ ਅੱਜ ਵੀ ਜਾਰੀ ਹੈ। ਉਨਾਂ ਕਿ ਸਰਕਾਰ ਦੀ ਆਏ ਦਿਨ ਤਹਿਸੀਲਦਾਰਾਂ ਦੇ ਤਬਾਦਲੇ ਦੀ ਨੀਤੀ ਕਾਰਨ ਵੀ ਅਜਿਹੀਆਂ ਮੁਸ਼ਕਿਲਾਂ ‘ਵਾਧਾ ਹੁੰਦਾ ਹੈ। ਇਸ ਕਿੱਤੇ ਨਾਲ ਜੁੜੇ ਹੋਏ ਲੋਕਾਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਗੈਰ ਮੁਮਕਿਨ ਜਮੀਨ ਲਈ ਰਜਿਸਟਰੀਆਂ ਦੇ ਰੇਟ ਤੈਅ ਕੀਤੇ ਹੋਏ ਹਨ, ਪਰ ਹੁਣ ਉਸ ਰੇਟ ਤੇ ਵੀ ਅਫਸਰ ਰਜਿਸਟਰੀਆਂ ਨਹੀਂ ਕਰ ਰਹੇ।, ਇਸਨੂੰ ਸਰਕਾਰ 500 ਗਜ ਤੋਂ ਵੱਧ ਦੀ ਗੈਰ ਮੁਮਕਿਨ ਜਮੀਨ ਨੂੰ ਵੀ ਕਾਲੋਨੀ ਵਾਲੀ ਹੀ ਮੰਨਦੀ ਹੈ।। ਉਨਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਇਹ ਸਪੱਸ਼ਟ ਕਰੇ ਕਿ ਇਹ ਅਫਸਰਸ਼ਾਹੀ ਦਾ ਫੈਸਲਾ ਹੈ ਜਾਂ ਪੰਜਾਬ ਸਰਕਾਰ ਦਾ। ਆਉਂਦੇ ਸਮੇਂ ਦੌਰਾਨ ਸਰਕਾਰ ਦੇ ਇਸ ਤਰ੍ਹਾਂ ਦੇ ਪਲ ਪਲ ਬਦਲਦੇ ਫੈਸਲਿਆਂ ਦਾ ਖੁੱਲ ਕੇ ਵਿਰੋਧ ਕੀਤਾ ਜਾਵੇਗਾ।ਇਸ ਮੌਕੇ ਇੰਦਰ ਸੈਨ ਅਕਲੀਆ ਜਨਰਲ ਸਕੱਤਰ, ਖਜ਼ਾਨਚੀ ਮਹਾਂਵੀਰ ਜੈਨ ਪਾਲੀ,ਜੁਆਇੰਟ ਸੈਕਟਰੀ ਰਵੀ ਕੁਮਾਰ, ਸੀਨੀਅਰ ਵਾਈਸ ਪ੍ਰਧਾਨ ਪਾਰਸ ਜੈਨ, ਵਾਈਸ ਪ੍ਰਧਾਨ ਰਾਜਪਾਲ ਸਿੰਘ, ਕੁਲਵੰਤ ਰਾਏ ਸਾਬਕਾ ਪ੍ਰਧਾਨ ਪ੍ਰੋਪਰਟੀ ਐਸੋਸੀਏਸ਼ਨ, ਮਾ. ਕੁਲਵੰਤ ਰਾਏ,,ਮੁਕੇਸ਼ ਕੁਮਾਰ, ਸ਼ਤੀਸ਼ ਗਰਗ, ਅਸ਼ੋਕ ਕੁਮਾਰ ਭਗਤ ਅਸ਼ੋਕ ਭੱਮਾ,,ਮੁਨੀਸ਼ ਗਰਗ ਮਨੀ,ਗੋਪਾਲ ਰਾਜ ਪਾਲੀ,ਪ੍ਰਸ਼ੋਤਮ ਬਾਂਸਲ, ਅਸ਼ੋਕ ਕੁਮਾਰ ਲਾਲੀ,ਅਸ਼ੋਕ ਬਾਬਲਾ,ਵਿਜੈ ਕੁਮਾਰ ਕਾਲਾ,ਹੇਮੰਤ ਮਿੱਤਲ ,ਹਨੀ ਭਸੀਮ ਸ਼ਰਮਾ,ਸੁਰਿੰਦਰਜੀਤ ਸ਼ਰਮਾ,ਭੀਮ ਖਿਆਲਾ,ਭੋਲਾ ਸਿੰਘ ਕੈਂਚੀਆਂ,ਮੱਖਣ ਸਿੰਘ ਪੱਤੀ, ਅੰਮ੍ਰਿਤਪਾਲ ਗੋਗਾ,ਪਾਲ ਐਸ ਸੀ,ਬਿੰਦਰਪਾਲ ਐਮ ਸੀ,ਅਜੇ ਡੈਅਰੀ,ਮਾਧੋ ਮੁਰਾਰੀ ਸ਼ਰਮਾ,ਸੁਨੀਲ ਕੁਮਾਰ ਵਿੱਕੀ ਮਾਖਾ,ਰਵੀ ਮਾਖਾ,ਕਾਲਾ ਭੱਮਾ,ਮਨਪ੍ਰੀਤ ਸਿੰਘ ,ਸੁਖਵਿੰਦਰ ਸਿੰਘ ਬਿੱਲਾ ਬਿੱਟੂ ਸ਼ਰਮਾ ਭੁਪਾਲ, ਪ੍ਰਦੀਪ ਸ਼ਰਮਾ, ਸੁਨੀਲ ਕੁਮਾਰ ਸ਼ੀਲਾ,ਟੋਨੀ ਬਾਂਸਲ, ਸੱਤਪਾਲ, ਰੌਕੀ ਸ਼ਰਮਾ,ਰਾਜੂ ਨਾਗਪਾਲ, ਜੋਗਿੰਦਰ ਸਿੰਘ ਪੱਤੀ,ਹਰਵਿੰਦਰ ਸਿੰਘ, ਰਾਕੇਸ਼ ਕੁਮਾਰ, ਬਿੱਟੂ ਤਨੇਜਾ,ਨਛੱਤਰ ਸਿੰਘ ਮਿੱਤਲ,ਧੀਰਜ ਕੁਮਾਰ ਗੋਇਲ, ਬੱਲੀ ਰਾਜਪੂਤ, ਨੀਸ਼ੂ ਕੁਮਾਰ ਐਸੋਸੀਏਸ਼ਨ ਕਾਲੋਨਾਈਜ਼ਰ, ਸੁਰਿੰਦਰ ਕੁਮਾਰ ਦਾਨੇਵਾਲੀਆ,ਤਰਸੇਮ ਕੁਮਾਰ, ਸੰਦੀਪ ਕੁਮਾਰ ਲੱਕੀ,ਕੁਸ਼ਲ ਭੱਮਾ, ਆਦਿ ਨੇ ਵੀ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਐਨਓਸੀ ਤੋਂ ਛੋਟ ਜਾਰੀ ਕਰੇ।

# “ਪੰਜਾਬ ਸਿੱਖਿਆ ਕ੍ਰਾਂਤੀ” ਲਈ ਪੰਜਾਬ ਸਰਕਾਰ ਨੇ 18 ਹਜ਼ਾਰ ਕਰੋੜ ਰੁਪਏ ਦਾ ਬਜਟ ਰੱਖਿਆ - ਡਾ ਚਰਨਜੀਤ ਸਿੰਘ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com

ਮੋਰਿੰਡਾ 2 ਮਈ ( ਪਤਰ ਪ੍ਰੇਰਕ ) ਪੰਜਾਬ ਸਰਕਾਰ ਨੇ ਸਿੱਖਿਆ ਦੇ ਖੇਤਰ ਲਈ 18 ਹਜ਼ਾਰ ਕਰੋੜ ਰੁਪਏ ਦਾ ਬਜਟ ਰੱਖਿਆ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਸਰਕਾਰ ਸਿੱਖਿਆ ਖੇਤਰ ਨੂੰ ਤਰਜੀਹ ਦੇਣ ਵਿੱਚ ਕਿੰਨੀ ਗੰਭੀਰ ਹੈ। “ਪੰਜਾਬ ਸਿੱਖਿਆ ਕ੍ਰਾਂਤੀ” ਤਹਿਤ ਕਰਵਾਏ ਜਾ ਰਹੇ ਵਿਕਾਸ ਕਾਰਜ ਨਾ ਸਿਰਫ਼ ਵਿਦਿਆਰਥੀਆਂ ਨੂੰ ਬਿਹਤਰ ਵਿਦਿਅਕ ਮਾਹੌਲ ਪ੍ਰਦਾਨ ਕਰਨਗੇ ਬਲਕਿ ਅਧਿਆਪਕਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਵਿੱਚ ਵੀ ਮਦਦ ਕਰਨਗੇ। ਸਿੱਖਿਆ ਖੇਤਰ ਵਿੱਚ ਸੁਧਾਰ ਸਮਾਜ ਦੇ ਹਰ ਵਰਗ ਨੂੰ ਲਾਭ ਪਹੁੰਚਾਏਗਾ ਅਤੇ ਇਹ ਸੂਬੇ ਦੇ ਸਮੁੱਚੇ ਵਿਕਾਸ ਵਿੱਚ ਯੋਗਦਾਨ ਪਾਵੇਗਾ। ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਹਲਕਾ ਸ੍ਰੀ ਚਮਕੌਰ ਸਾਹਿਬ ਤੋਂ ਵਿਧਾਇਕ ਡਾ. ਚਰਨਜੀਤ ਸਿੰਘ ਨੇ ਅੱਜ ਹਲਕੇ ਦੇ ਵੱਖ-ਵੱਖ ਸਕੂਲਾਂ ਵਿੱਚ ਵਿਕਾਸ ਕਾਰਜਾਂ ਦਾ



ਉਦਘਾਟਨ ਕਰਨ ਮੌਕੇ ਕੀਤਾ। ਵਿਧਾਇਕ ਡਾ. ਚਰਨਜੀਤ ਸਿੰਘ ਨੇ 17 ਲੱਖ 29 ਹਜਾਰ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜ ਜਿਸ ਵਿੱਚ ਸਰਕਾਰੀ ਹਾਈ ਸਕੂਲ ਚਤਾਮਲੀ ਵਿਖੇ 1.40 ਲੱਖ ਰੁਪਏ ਦੀ ਲਾਗਤ ਨਾਲ ਸਕੂਲ ਦੇ ਹੋਏ ਵਿਕਾਸ ਕਾਰਜ, ਸਰਕਾਰੀ ਹਾਈ ਸਕੂਲ ਮੜੌਲੀ ਕਲਾਂ ਵਿਖੇ 5 ਲੱਖ 63 ਹਜਾਰ ਰੁਪਏ ਦੀ ਲਾਗਤ ਨਾਲ ਸਾਇੰਸ ਲੈਬ (5 ਲੱਖ) ਅਤੇ ਚਾਰਦੀਵਾਰੀ (63 ਹਜ਼ਾਰ), ਸਰਕਾਰੀ ਮਿਡਲ ਸਕੂਲ ਕਾਈਨੌਰ ਵਿਖੇ 2.75 ਲੱਖ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਕਕਰਾਲੀ ਵਿਖੇ 7 ਲੱਖ 51 ਹਜਾਰ ਰੁਪਏ ਦੀ ਲਾਗਤ ਨਾਲ ਨਵੇਂ ਕਲਾਸਰੂਮ ਸ਼ਾਮਿਲ ਹਨ, ਦਾ ਉਦਘਾਟਨ ਕੀਤਾ।

ਇਸ ਮੌਕੇ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਵੱਲ ਇਤਿਹਾਸਕ ਕਦਮ ਚੁੱਕੇ ਹਨ। ਵਿਧਾਇਕ ਡਾ. ਚਰਨਜੀਤ ਸਿੰਘ ਨੇ ਕਿਹਾ ਕਿ ਸਰਕਾਰ ਦਾ ਉਦੇਸ਼ ਹਰ ਬੱਚੇ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਹੈ, ਤਾਂ ਜੋ ਉਹ ਆਪਣੇ ਸੁਪਨਿਆਂ ਨੂੰ ਸਾਕਾਰ ਕਰ ਸਕਣ। ਉਨ੍ਹਾਂ ਕਿਹਾ ਕਿ ਸਰਕਾਰ ਸਿੱਖਿਆ ਦੇ ਖੇਤਰ ਵਿੱਚ ਸੁਧਾਰ ਲਿਆਉਣ ਲਈ ਵਚਨਬੱਧ ਹੈ ਅਤੇ ਇਸ ਦਿਸ਼ਾ ਵਿੱਚ ਹਰ ਸੰਭਵ ਯਤਨ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਸਿੱਖਿਆ ਪ੍ਰਣਾਲੀ ਦੀ ਮਜ਼ਬੂਤੀ ਵੱਲ ਧਿਆਨ ਨਾ ਦੇਣ ਕਾਰਨ ਸੂਬੇ ਵਿੱਚ ਵੱਡੀ ਪੱਧਰ ’ਤੇ ਪ੍ਰਾਈਵੇਟ ਸਕੂਲ ਖੁੱਲ੍ਹੇ ਅਤੇ ਸਿੱਖਿਆ ਨੂੰ ਮਹਿੰਗਾ ਕਰ ਕੇ ਆਮ ਲੋਕਾਂ ਦੇ ਬੱਚਿਆਂ ਦੀ ਪਹੁੰਚ ਤੋਂ ਦੂਰ ਕਰ ਦਿੱਤਾ ਪਰ ਇਸ ਸਰਕਾਰ ਵੱਲੋਂ ਤਿੰਨ ਸਾਲਾਂ ਵਿੱਚ ਸਿੱਖਿਆ ਦੇ ਖੇਤਰ ਵਿੱਚ ਲਾ ਮਿਸਾਲ ਤਬਦੀਲੀਆਂ ਸਦਕਾ ਸਕੂਲਾਂ ਵਿੱਚ ਬੁਨਿਆਦੀ ਢਾਂਚਾ ਮਜ਼ਬੂਤ ਹੋਇਆ ਹੈ।

ਇਸ ਮੌਕੇ ਵਿਦਿਆਰਥੀਆਂ ਦੇ ਮਾਪਿਆਂ ਨੇ ਸੂਬਾ ਸਰਕਾਰ ਵਲੋਂ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਅਤਿ ਆਧੁਨਿਕ ਬੁਨਿਆਦੀ ਢਾਂਚਾ ਅਤੇ ਪੜ੍ਹਾਈ ਲਈ ਢੁੱਕਵਾਂ ਮਾਹੌਲ ਵਿਦਿਆਰਥੀਆਂ ਲਈ ਬਹੁਤ ਹੀ ਮਦਦਗਾਰ ਸਾਬਿਤ ਹੋਵੇਗਾ। ਇਸ ਮੌਕੇ ਸਿੱਖਿਆ ਕੋਆਰਡੀਨੇਟਰ ਰਾਜਿੰਦਰ ਸਿੰਘ ਰਾਜਾ, ਜਸਵੀਰ ਸਿੰਘ, ਬੀਰਦਵਿੰਦਰ ਸਿੰਘ ਬੱਲਾਂ, ਪੀਏ ਸ਼੍ਰੀ ਚੰਦ, ਵੱਖ-ਵੱਖ ਸਕੂਲਾਂ ਦੇ ਪ੍ਰਿੰਸੀਪਲ, ਸਟਾਫ਼, ਵਿਦਿਆਰਥੀ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਕਿਸਾਨਾਂ ਨੂੰ 1285.34 ਕਰੋੜ ਰੁਪਏ ਦੀ ਕੀਤੀ ਅਦਾਇਗੀ - ਡਿਪਟੀ ਕਮਿਸ਼ਨਰ

## - ਮੰਡੀਆਂ ਵਿੱਚ ਪੁੱਜੀ 5 ਲੱਖ 77 ਹਜ਼ਾਰ 172 ਮੀਟਰਕ ਟਨ ਕਣਕ,, -3 ਲੱਖ 66 ਹਜ਼ਾਰ 042 ਮੀਟਰਕ ਟਨ ਕਣਕ ਦੀ ਹੋਈ ਲਿਫਟਿੰਗ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ INTERNATIONAL PAPER, 9463601616 hardipchumber57@gmail.com

ਮਾਨਸਾ, 02 ਮਈ। (ਆਤਮਾ ਸਿੰਘ ਪਮਾਰ) ਡਿਪਟੀ ਕਮਿਸ਼ਨਰ ਮਾਨਸਾ ਸ੍ਰੀ ਕੁਲਵੰਤ ਸਿੰਘ ਆਈ.ਏ.ਐਸ. ਨੇ ਦੱਸਿਆ ਕਿ ਮਾਨਸਾ ਜ਼ਿਲ੍ਹੇ ਦੇ ਖ਼ਰੀਦ ਕੇਂਦਰਾਂ ਵਿਚ ਕਣਕ ਦੀ ਖ਼ਰੀਦ ਦਾ ਕੰਮ ਬਹੁਤ ਹੀ ਸੁਖਾਵੇਂ ਅਤੇ ਨਿਰਵਿਘਨ ਢੰਗ ਨਾਲ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਮੰਡੀਆਂ ਅੰਦਰ ਜਿੱਥੇ ਕਿਸਾਨਾਂ ਦੀ ਫਸਲ ਨਿਰਧਾਰਿਤ ਸਮੇਂ ਅੰਦਰ ਖਰੀਦ ਕੀਤੀ ਜਾ ਰਹੀ ਹੈ, ਉਥੇ ਹੀ ਉਨ੍ਹਾਂ ਨੂੰ ਖਰੀਦ ਕੀਤੀ ਫਸਲ ਦੀ1285.34 ਕਰੋੜ ਰੁਪਏ ਦੀ ਅਦਾਇਗੀ ਵੀ ਕੀਤੀ ਜਾ ਚੁੱਕੀ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਹੁਣ ਤੱਕ 5 ਲੱਖ 77 ਹਜ਼ਾਰ 172 ਮੀਟਰਕ ਟਨ ਕਣਕ ਦੀ ਆਮਦ ਹੋਈ ਹੈ ਜਿਸ ਵਿੱਚੋਂ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ 5 ਲੱਖ 60 ਹਜ਼ਾਰ 015 ਮੀਟਰਕ ਟਨ ਕਣਕ ਦੀ ਖਰੀਦ ਵੀ ਕੀਤੀ ਜਾ ਚੁੱਕੀ ਹੈ।

ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਕੰਟਰੋਲਰ ਸ੍ਰੀ ਮਨਦੀਪ ਸਿੰਘ ਮਾਨ ਨੇ ਦੱਸਿਆ ਕਿ ਪਨਗਰੇਨ ਵੱਲੋਂ 1 ਲੱਖ 76 ਹਜ਼ਾਰ 581 ਮੀਟਰਕ ਟਨ, ਮਾਰਕਫੈਡ ਨੇ 1 ਲੱਖ 53 ਹਜ਼ਾਰ 737 ਮੀਟਰਕ ਟਨ, ਪਨਸਪ ਨੇ 1 ਲੱਖ 34 ਹਜ਼ਾਰ 463 ਮੀਟਰਕ ਟਨ, ਪੰਜਾਬ ਰਾਜ ਵੇਅਰ ਹਾਊਸ ਨੇ 78 ਹਜ਼ਾਰ 034 ਮੀਟਰਕ ਟਨ ਅਤੇ ਪ੍ਰਾਈਵੇਟ ਵਪਾਰੀਆਂ ਵੱਲੋਂ 17 ਹਜ਼ਾਰ 200 ਮੀਟਰਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਮੰਡੀਆਂ ਵਿੱਚੋਂ 3 ਲੱਖ 66 ਹਜ਼ਾਰ 042 ਮੀਟਰਕ ਟਨ ਦੀ ਲਿਫਟਿੰਗ ਵੀ ਕੀਤੀ ਜਾ ਚੁੱਕੀ ਹੈ।

ਉਨ੍ਹਾਂ ਦੱਸਿਆ ਕਿ ਵੱਧ ਰਹੀ ਗਰਮੀ ਦੇ ਮੱਦੇਨਜ਼ਰ ਕਿਸਾਨਾਂ, ਲੇਬਰ ਆਦਿ ਲਈ



ਮੰਡੀਆਂ ਵਿੱਚ ਛਾਂ, ਪੀਣ ਵਾਲੇ ਪਾਣੀ ਆਦਿ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਅਪੀਲ ਕੀਤੀ ਕਿ ਕਣਕ ਦੀ ਰਹਿੰਦ-ਖੂੰਹਦ ਅਤੇ ਨਾੜ ਨੂੰ ਅੱਗ ਨਾ ਲਗਾਈ ਜਾਵੇ, ਤਾਂ ਜੋ ਵਾਤਾਵਰਣ ਨੂੰ ਦੂਸ਼ਿਤ ਨਾ ਹੋ ਤੋਂ ਸਕੇ।

# ਪੰਜਾਬ ਦੇ ਪਾਣੀ ਸਬੰਧੀ ਆਪ ਸਰਕਾਰ ਦੇ ਰਵਈਏ ਵਿਰੁੱਧ ਭਾਜਪਾ ਨੇ ਜਤਾਇਆ ਵਿਰੋਧ

## ਮਾਨ ਸਰਕਾਰ ਨੇ ਬੀਬੀਐਮਬੀ ਦੀ ਮੀਟਿੰਗ 'ਚ ਮਜਬੂਤੀ ਨਾਲ ਨਹੀਂ ਆਪਣਾ ਪੱਖ: ਦੁੱਲਟ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ INTERNATIONAL PAPER, 9463601616 hardipchumber57@gmail.com

ਸੰਗਰੂਰ,2 ਮਈ (ਜਗਸੀਰ ਲੌਂਗੋਵਾਲ)- ਅੱਜ ਸੰਗਰੂਰ ਵਿਖੇ ਜਿਲਾ ਪ੍ਰਧਾਨ ਧਰਮਿੰਦਰ ਸਿੰਘ ਦੁੱਲਟ ਦੀ ਅਗਵਾਈ ਹੇਠ ਭਾਜਪਾ ਵਰਕਰਾਂ ਅਤੇ ਆਗੂਆਂ ਵੱਲੋਂ ਪੰਜਾਬ ਸਰਕਾਰ ਖਿਲਾਫ ਸੂਬੇ ਦੇ ਪਾਣੀ ਨੂੰ ਲੈਕੇ ਅਪਣਾਏ ਰਵਈਏ ਖਿਲਾਫ ਰੋਸ ਜਤਾਇਆ ਗਿਆ ਅਤੇ ਪੰਜਾਬ ਸਰਕਾਰ ਤੋਂ ਇਸ ਗੰਭੀਰ ਮਸਲੇ ਤੇ ਮਜਬੂਤੀ ਨਾਲ ਪੰਜਾਬ ਪੱਖ ਰੱਖਣ ਦੀ ਮੰਗ ਕੀਤੀ।

ਜ਼ਿਲ੍ਹਾ ਪ੍ਰਧਾਨ ਦੁੱਲਟ ਨੇ ਕਿਹਾ ਕਿ ਕਿ ਮੌਜੂਦਾ ਮਾਨ ਸਰਕਾਰ ਪੰਜਾਬ ਦੇ ਪਾਣੀਆਂ ਦੇ ਮਸਲੇ ਉੱਤੇ ਰਾਜਨੀਤੀ ਤੱਕ ਹੀ ਸੀਮਤ ਹੈ ਜਦਕਿ ਪੰਜਾਬ ਦੇ ਪੱਖ ਨੂੰ ਬੀਬੀਐਮਬੀ ਦੀ ਮੀਟਿੰਗ ਵਿੱਚ ਮਜਬੂਤੀ ਨਾਲ ਰੱਖਿਆ ਜਾਣਾ ਚਾਹੀਦਾ ਸੀ।

ਉਹਨਾਂ ਕਿਹਾ ਕਿ ਪੰਜਾਬ



ਭਾਜਪਾ ਪੰਜਾਬ ਦੇ ਪਾਣੀ ਨੂੰ ਲੈਕੇ ਪੂਰੀ ਮਜਬੂਤੀ ਨਾਲ ਸੂਬੇ ਦੇ ਲੋਕਾਂ ਨਾਲ ਖੜੀ ਹੈ ਤੇ ਕਿਸੇ ਵੀ ਸੰਘਰਸ਼ ਤੋਂ ਪਿੱਛੇ ਹਟਣ ਵਾਲੀ ਨਹੀਂ ਪਰੰਤੂ ਮਾਨ ਸਰਕਾਰ ਨੂੰ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਅਤੇ ਗੰਭੀਰਤਾ ਨਾਲ ਨਿਭਾਉਣੀ ਪਵੇਗੀ ਤਦ ਜਾਕੇ ਪੰਜਾਬ ਦਾ ਪੱਖ ਮਜਬੂਤ ਹੋਵੇਗਾ।

ਦੁੱਲਟ ਨੇ ਅੱਗੇ ਕਿਹਾ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦੀ ਮੀਟਿੰਗ ਵਿੱਚ ਹਰਿਆਣਾ ਨੂੰ 8500 ਕਿਊਸਿਕ ਪਾਣੀ ਦਿੱਤੇ ਜਾਣ ਦੇ ਫੈਸਲੇ ਨਾਲ ਪੰਜਾਬ ਦੇ ਹਿਤਾਂ ਨੂੰ ਗੰਭੀਰ ਢੰਗ ਨਾਲ ਨੁਕਸਾਨ ਪਹੁੰਚਿਆ ਹੈ ਪੰਜਾਬ ਭਾਜਪਾ ਇਸ ਫੈਸਲੇ ਨਾਲ ਬਿਲਕੁਲ ਸਹਿਮਤ ਨਹੀਂ ਹੈ ਅਤੇ ਇਹ ਫੈਸਲਾ ਤੁਰੰਤ ਵਾਪਸ ਲਿਆ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਪਣੀ ਰਾਜਨੀਤੀ ਅਤੇ ਫੌਕੀ ਬਿਆਨਬਾਜੀ ਛੱਡਕੇ ਪੰਜਾਬ ਦੇ ਪਾਣੀਆਂ ਦੇ ਮਸਲੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਅਤੇ ਪੰਜਾਬ ਦੇ ਪੱਖ ਨੂੰ ਮਜਬੂਤੀ ਨਾਲ ਉਜਾਗਰ ਕਰਨਾ ਚਾਹੀਦਾ ਹੈ ਪਰੰਤੂ ਦੁਖ ਦੀ ਗੱਲ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਸਿਰਫ ਬਿਆਨਬਾਜ਼ੀ ਵਿੱਚ ਵਿਅਸਤ ਹਨ ਜਦਕਿ ਅਸਲ ਲੜਾਈ ਵਿੱਚ ਪੰਜਾਬ ਪਿੱਛੇ ਰਹਿ ਗਿਆ। ਅੱਜ ਜੋ ਵੀ ਸਥਿਤੀ ਬਣੀ ਹੈ, ਉਸ ਲਈ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਸਿੱਧੀ ਤੌਰ 'ਤੇ ਜ਼ਿੰਮੇਵਾਰ ਹੈ। ਉਨਾ ਕਿਹਾ ਕਿ ਪੰਜਾਬ ਦੇ ਕਿਸਾਨਾਂ ਦੇ ਹਿੱਤ ਨੂੰ ਦੇਖਦੇ ਹੋਏ ਮਾਨ ਸਰਕਾਰ ਹੁਣ ਵੀ ਨੀਂਦ ਵਿੱਚੋਂ ਜਾ ਕੇ ਅਤੇ ਪੂਰੀ ਮਜਬੂਤੀ ਨਾਲ ਆਪਣਾ ਪੱਖ ਰੱਖੇ ਕਿਉਂਕਿ ਪੰਜਾਬ ਕੋਲ ਕਿਸੇ ਵੀ ਸੂਬੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ। ਉਹਨਾਂ ਕਿਹਾ ਕਿ ਇਹ ਮਸਲਾ ਪੰਜਾਬ ਲਈ ਬਹੁਤ ਹੀ ਗੰਭੀਰ ਅਤੇ ਵੱਡਾ ਹੈ ਇਸ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਰਾਜਨੀਤੀ ਤੋਂ ਉੱਪਰ ਉੱਠ ਕੇ ਪੰਜਾਬ ਦੇ ਹਿੱਤ ਨੂੰ ਧਿਆਨ ਵਿੱਚ ਰੱਖਦਿਆਂ ਕਦਮ ਚੁੱਕਣੇ ਚਾਹੀਦੇ ਹਨ।

ਦੁੱਲਟ ਨੇ ਕਿਹਾ ਭਾਜਪਾ ਪੰਜਾਬ ਦੇ ਪਾਣੀ ਦੀ ਬੂੰਦ ਬੂੰਦ ਦੀ ਰਾਖੀ ਕਰਨ ਲਈ ਬਚਨ ਵੱਧ ਹੈ ਅਤੇ ਪੰਜਾਬ ਦੇ ਹਿੱਤ ਲਈ ਹਰ ਸੰਘਰਸ਼ ਵਿੱਚ ਡੱਟ ਕੇ ਖੜ੍ਹੇਗੀ। ਇਸ ਮੌਕੇ ਸਤਵੰਤ ਸਿੰਘ ਪੂਨੀਆਂ, ਜੋਗੀ ਰਾਮ ਸਨੀ, ਦਿਨੇਸ਼ ਪਰਚਾ, ਮਾ. ਸੁਰਿੰਦਰ ਸ਼ਰਮਾ, ਗੁਰੂਜੀਤ ਸਿੰਘ ਖਨੌਰੀ, ਨਰਿੰਦਰ ਗੁਪਤਾ ਆਦਿ ਆਗੂ ਮੌਜੂਦ ਸਨ।

# ਸੀਟੂ ਆਗੂਆਂ ਨੇ ਮਈ ਦਿਵਸ ਨੂੰ ਇਨਕਲਾਬੀ ਢੰਗ ਨਾਲ ਮਨਾਉਣ ਲਈ ਆਗੂਆਂ ਤੇ ਵਰਕਰਾਂ ਦੀ ਕੀਤੀ ਪ੍ਰਸੰਸਾ

## 20 ਮਈ ਦੀ ਦੇਸ਼ ਵਿਆਪੀ ਹੜਤਾਲ ਨੂੰ ਸਫ਼ਲ ਕਰਨ ਵਿੱਚ ਕੋਈ ਵੀ ਕਸਰ ਬਾਕੀ ਨਾਂ ਛੱਡੀ ਜਾਵੇ- ਚੰਦਰ ਸ਼ੇਖਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ INTERNATIONAL PAPER, 9463601616 hardipchumber57@gmail.com







ਸੰਗਰੂਰ,2 ਮਈ (ਜਗਸੀਰ ਲੌਂਗੋਵਾਲ ) - ਸੀਟੂ ਦੀ ਆਲ ਇੰਡੀਆ ਸਕੱਤਰ ਕਾਮਰੇਡ ਊਸ਼ਾ ਰਾਣੀ, ਸੂਬਾਈ ਪ੍ਰਧਾਨ ਮਹਾਂਸਿੰਘ ਰੌੜੀ, ਸੂਬਾਈ ਜਨਰਲ ਸਕੱਤਰ ਚੰਦਰ ਸ਼ੇਖਰ ਅਤੇ ਸੂਬਾਈ ਖਜ਼ਾਂਚੀ ਸਾਥੀ ਸੁੱਚਾ ਸਿੰਘ ਅਜਨਾਲਾ ਨੇ ਪ੍ਰੈਸ ਬਿਆਨ ਰਾਹੀਂ ਪੰਜਾਬ ਭਰ ਦੇ ਸੀਟੂ ਦੇ ਆਗੂਆਂ,ਅਤੇ ਮੈਂਬਰਾ ਦੀ ਇਸ ਗਲੋਂ ਭਰਵੀਂ ਪ੍ਰਸੰਸ਼ਾ ਕੀਤੀ ਹੈ ਕਿ ਉਹਨਾਂ ਨੇ ਬਹੁਤ ਹੀ ਜੋਸ਼ੋ-ਖਰੋਸ਼ ਅਤੇ ਇਨਕਲਾਬੀ ਜਜ਼ਬੇ ਨਾਲ ਕੌਮਾਂਤਰੀ ਮਜਦੂਰ ਦਿਹਾੜਾ ਮਨਾਇਆ ਹੈ ਅਤੇ ਸੀਟੂ ਵਲੋਂ ਜਾਰੀ ਮੈਨੀਫੈਸਟੋ ਦੀ ਵਿਆਖਿਆ ਕੀਤੀ ਹੈ। ਸਾਰੇ ਵਰਕਰਾ ਨੇ ਅਪਣੇ ਤੌਰ 'ਤੇ ਜਾਂ ਦੂਜੀਆਂ ਜਥੇਬੰਦੀਆਂ ਨਾਲ ਮਿਲ ਕੇ ਮਈ ਦਿਵਸ ਦੇ ਸ਼ਹੀਦੀ ਨੂੰ ਸ਼ਰਧਾਂਜਲੀ ਦਿਤੀਆ ਅਤੇ ਉਹਨਾ ਦੀਆਂ ਕੁਰਬਾਨੀਆਂ ਕਰਕੇ ਸੰਸਾਰ ਭਰ ਵਿੱਚ 8 ਘੰਟੇ ਦੀ ਦਿਹਾੜੀ ਦੀ ਸੀਮਾ ਦੁਨੀਆ ਭਰ ਵਿੱਚ ਜਿੱਤੀ ਗਈ ਅਤੇ ਹੋਰ ਅਨੇਕਾ ਲਾਭ ਪ੍ਰਾਪਤ ਕੀਤੇ ਗਏ। ਸਭ ਤੋਂ ਵੱਧ ਕੇ ਕਿਰਤੀ ਸ਼੍ਰੇਣੀ ਨੂੰ ਜਮਾਤੀ ਤੌਰ ਉੱਤੇ ਸੰਸਾਰ ਭਰ ਦੇ ਭਾਈਚਾਰੇ ਵਿੱਚ ਪਰੋ ਦਿਤਾ ਅਤੇ ਪਿਛਲੇ 80 ਸਾਲਾਂ ਤੋਂ ਵਫਟੂ (ਵਰਡ ਫੈਡਰੇਸ਼ਨ ਆਫ ਟ੍ਰੇਡ ਯੂਨੀਅਨਜ) ਦੁਨੀਆ ਭਰ ਦੀ ਕਿਰਤੀ ਲਹਿਰ ਦੀ ਅਗਵਾਈ ਕਰ ਰਹੇ ਹੈ।

ਇਸ ਮਈ ਦਿਵਸ ਨੂੰ ਸੀਟੂ ਦੀਆਂ ਯੂਨੀਅਨਾਂ ਨੇ ਦੁਨੀਆ ਭਰ ਵਿੱਚ 1886 ਤੋਂ ਸ਼ੁਰੂ ਕਰਕੇ ਅਤੇ ਭਾਰਤ ਵਿੱਚ ਵੀ ਲੱਗਭਗ 130 ਸਾਲਾ ਦੇ ਸ਼ੰਘਰਸ਼ਾ ਅਤੇ ਕੁਰਬਾਨੀਆ ਨਾਲ ਜਿਹੜੇ ਹੱਕ ਜਿੱਤੇ ਹਨ ਉਹਨਾ ਦੀ ਰਾਖੀ ਦੇ ਪ੍ਰਣ ਲਏ ਗਏ। ਮਜ਼ਦੂਰ ਵਿਰੋਧੀ 4 ਲੇਬਰ ਕੋਡ ਰੱਦ ਕਰਾਉਣ ਲਈ ਸਾਂਝੇ ਸੰਘਰਸ਼ ਨੂੰ ਹੋਰ ਵਿਸ਼ਾਲ ਤੇ ਤੇਜ ਕਰਨ ਲਈ 20 ਮਈ ਦੀ ਦੇਸ਼ ਪੱਧਰੀ ਹੜਤਾਲ ਨੂੰ ਕਾਮਯਾਬ ਕਰਨ ਲਈ ਜੀ ਤੋੜ ਕੋਸ਼ਿਸ਼ਾਂ ਕਰਨ ਦੀ ਪ੍ਰਤਿਗਿਆ ਕੀਤੀਆਂ ਗਈਆ ਅਤੇ ਦੇਸ਼ ਦੇ ਲੋਕਾਂ ਨੂੰ ਫਿਰਕੂ ਲੀਹਾਂ ਵੰਡਣ ਵਾਲੀਆ ਸ਼ਕਤੀਆ ਨੂੰ ਨਿਖੇੜਨ ਅਤੇ ਭਾਂਜ ਦੇਣ ਦੇ ਐਲਾਨ ਕੀਤੇ ਗਏ। ਅਜ ਦੀਆ ਰੈਲੀਆਂ ਨੂੰ ਵੱਖੋ-ਵੱਖ ਜਿਲਾ ਅਤੇ ਥਾਵਾਂ ਉਤੇ ਲੋਕਲ ਆਗੂਆ ਤੋਂ ਇਲਾਵਾ ਸਰਵ ਸਾਥੀ ਸ਼ੇਰ ਸਿੰਘ ਫਰਵਾਹੀ , ਅਮਰਨਾਥ ਕੂੰਮਕਲਾਂ,ਦਲਜੀਤ ਕੁਮਾਰ ਗੋਰਾ, ਮਹਿੰਦਰ ਬੱਚੇਵਾਣ, ਭੈਣ ਹਰਜੀਤ ਕੌਰ, ਭੈਣ ਸੁਭਾਸ਼ ਰਾਣੀ, ਕ੍ਰਿਸ਼ਨਾ ਕੁਮਾਰੀ,ਅਮ੍ਰਿਤਪਾਲ ਕੌਰ, ਬਲਕਾਰ ਸਿੰਘ, ਜੋਗਿੰਦਰ ਸਿੰਘ ਔਲਖ, ਇੰਦਰਪਾਲ ਸਿੰਘ, ਗੁਰਨਾਮ ਸਿੰਘ ਘਨੌਰ, ਨੈਬ ਸਿੰਘ ਲੋਚਮਾ,ਤਰਸੇਮ ਸਿੰਘ, ਨਰਿੰਦਰ ਪਾਲ ਚਮਿਆਰੀ,ਵਿਨੋਦ ਕੁਮਾਰ ਭੱਟੀ, ਗੁਰਦੇਵ ਸਿੰਘ ਬਾਗੀ,ਜਸਵੰਤ ਸਿੰਘ ਸੈਣੀ,ਜਤਿੰਦਰਪਾਲ ਸਿੰਘ, ਸੁਖਵਿੰਦਰ ਸਿੰਘ ਲੌਟੇ, ਪ੍ਰਕਾਸ਼ ਸਿੰਘ ਬਰਮੀ,ਗੁਰਦਰਸ਼ਨ ਸਿੰਘ, ਪਰਮਜੀਤ ਸਿੰਘ ਨੀਲੋਂ, ਰਣਵੀਰ ਸਿੰਘ ਵਿਰਕ,ਦਰਸ਼ਨ ਸਿੰਘ ਲਾਡੀ , ਬਲਜੀਤ ਸਿੰਘ ਸ਼ਾਹੀ,ਵਿਨੀਤ ਸ਼ਰਮਾ,ਵੀ. ਵੀ ਅੰਥਨੀ, ਬਲਵੰਤ ਸਿੰਘ, ਗੁਰਦੀਪ ਸਿੰਘ, ਅਮਨਦੀਪ , ਰਾਮ ਸਿੰਘ ਸੋਹੀਆਂ, ਵਰਿੰਦਰ ਕੌਸ਼ਿਕ,ਸਤਿਵੀਰ ਤੂੰਗਾਂ, ਰਾਮ ਲਾਲ, ਜੋਗਿੰਦਰ ਰਾਮ, ਹਨੂੰਮਾਨ ਪ੍ਰਸਾਦਿ ਦੂਬੇ, ਨਛੱਤਰ ਸਿੰਘ ਗੁਰਦਿੱਤਪੁਰਾ,ਸਮਰ ਬਹਾਦਰ, ਰਾਮ ਬਰਿਛ, ਗੁਰਦੇਵ ਰਾਜ ਭੁੰਬਲੇ,ਕ੍ਰਿਪਾਲ ਸਿੰਘ,ਤਾਰਾ ਸਿੰਘ, ਸਰੇਸ਼ ਬਾਲਾ, ਸੁਖਜਿੰਦਰ ਕੌਰ ਸੀਮਾ, ਹਰਪਾਲ ਕੌਰ, ਵਿਨੋਦ ਤਿਵਾੜੀ, ਰੇਸ਼ਮ ਸਿੰਘ ਗਿੱਲ, ਸ਼ਮਸ਼ੇਰ ਸਿੰਘ ਚਿੱਲੋਂ, ਜਸਕਰਨ ਸਿੰਘ,ਐਮ. ਐਮ ਬਹਿਲ, ਸੁਖਦੇਵ ਸਿੰਘ ਜਗਵੀਰ ਸਿੰਘ ਨਾਗਰਾ, ਆਦਿ ਸਾਥੀਆ ਨੇ ਰੈਲੀਆ ਨੂੰ ਸੰਬੋਧਨ ਕੀਤਾ।

ਸੀਟੂ ਦੇ ਪ੍ਰਮੁੱਖ ਆਗੂਆਂ ਨੇ ਸਾਰੇ ਸਾਥੀਆਂ ਨੂੰ ਅਪੀਲ ਕੀਤੀ ਹੈ ਕਿ ਉਹ 4 ਮਈ ਨੂੰ ਸਾਰੀਆਂ ਕੇਂਦਰੀ ਤੇ ਸੂਬਾਈ ਯੂਨੀਅਨਾਂ ਅਤੇ ਕਰਮਚਾਰੀ ਫੈਡਰੇਸ਼ਨਾ ਵੱਲੋਂ ਦੇਸ਼ ਭਗਤ ਹਾਲ ਜਲੰਧਰ ਵਿੱਚ ਕੀਤੀ ਜਾ ਰਹੀ ਸੂਬਾਈ ਕਨਵੈਨਸ਼ਨ ਵਿੱਚ ਵਧ-ਚੜ ਕੇ ਭਾਗ ਲੈਣਾ ਯਕੀਨੀ ਬਨਾਉਣ ਅਤੇ ਆਉਂਦੀ 20 ਮਈ ਦੀ ਦੇਸ਼ ਪੱਧਰੀ ਹੜਤਾਲ ਦੀ ਤਿਆਰੀ ਲਈ ਜੁੱਟ ਜਾਣ । ਸੀਟੂ ਸਾਥੀਆਂ ਨੇ ਸਬੰਧਿਤ ਯੂਨੀਅਨਾਂ ਨੂੰ ਇਹ ਵੀ ਅਪੀਲ ਕੀਤੀ ਉਹ ਇਸ ਹੜਤਾਲ ਲਈ ਕਿਸਾਨਾ,ਖੇਤ ਮਜਦੂਰਾ, ਦੁਕਾਨਦਾਰ, ਟ੍ਰਾਂਸਪੋਰਟਰ ਆਦਿ ਨੂੰ ਇਸ ਐਕਸ਼ਨ ਦੀ ਕਾਮਯਾਬੀ ਲਈ ਸਹਿਯੋਗ ਲਈ ਪਹੁੰਚ ਕਰਨ ਲਈ ਵੀ ਅਪਣੀ ਤਿਆਰੀ ਦਾ ਮੁੱਖ ਕਾਰਜ ਬਣਾਕੇ ਵਿਸ਼ਾਲ ਲਾਮਬੰਦੀ ਦੇ ਕਾਰਜ ਨੂੰ ਅੱਗੇ ਵਧਾਉਣ।

# ਅਕੈਡਮਿਕ ਵਰਲਡ ਸਕੂਲ ਖੇਖਰ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ INTERNATIONAL PAPER, 9463601616 hardipchumber57@gmail.com

ਲਹਿਰਾਗਾਗਾ,2 ਮਈ (ਜਗਸੀਰ ਲੌਂਗੋਵਾਲ)- ਦੂਸਰੀ ਅੰਤਰ ਜ਼ਿਲ੍ਹਾ ਰਾਸ਼ਟਰੀ ਇਨਲਾਈਨ ਹਾਕੀ ਚੈਂਪੀਅਨਸ਼ਿਪ ਵਿੱਚ ਅਕੈਡਮਿਕ ਵਰਲਡ ਸਕੂਲ ਖੇਖਰ ਦੇ ਚੌਥੀ ਜਮਾਤ ਦੇ ਵਿਦਿਆਰਥੀ ਹੁਕਮ ਪਰਤਾਪ ਸਿੰਘ ਪੁੱਤਰ ਮੰਗੂ ਸਿੰਘ ਪਿੰਡ ਘੋੜੇਨਬ ਨੇ ਅੰਡਰ -12 (ਕੈਡਿਟ) ਟੀਮ ਵੱਲੋਂ ਗੋਲਕੀਪਰ ਦੀ ਭੂਮਿਕਾ ਵਿਚ ਹਿੱਸਾ ਲਿਆ ਅਤੇ ਗੋਲਡ ਮੈਡਲ ਹਾਸਲ ਕੀਤਾ ਅਤੇ ਬਾਰਵੀਂ ਜਮਾਤ ਦੇ ਵਿਦਿਆਰਥੀ ਰਾਮਇੰਦਰ ਸਿੰਘ ਲੇਚਬ ਪੁੱਤਰ ਮੰਗੂ ਸਿੰਘ ਪਿੰਡ ਘੋੜੇਨਬ ਨੇ ਅੰਡਰ-18 (ਜੂਨੀਅਰ) ਨੇ ਟੀਮ ਵੱਲੋਂ ਗੋਲਕੀਪਰ ਦੀ ਭੂਮਿਕਾ ਵਿਚ ਸਿਲਵਰ ਮੈਡਲ ਹਾਸਲ ਕੀਤਾ| ਜਿਸ ਵਿੱਚ ਅਲੱਗ ਅਲੱਗ ਟੀਮਾਂ ਨੂੰ



ਹਰਾ ਕੇ ਫਾਈਨਲ ਵਿੱਚ ਦਾਖਲ ਹੋਏ| ਹੁਕਮ ਪ੍ਰਤਾਪ ਅਤੇ ਰਾਮਿੰਦਰ ਸਿੰਘ ਲੇਚਬ ਦਾ ਸਕੂਲ ਪੁਹੰਚਣ ਉਪਰੰਤ ਸਕੂਲ ਦੇ ਚੇਅਰਮੈਨ ਸੰਜੈ ਸਿੰਗਲਾ, ਪ੍ਰਿੰਸੀਪਲ ਬਬੀ ਵਰਗੇਸ ਅਤੇ ਅਕੈਡਮਿਕ ਡਰੈਕਟਰ ਜਸਵਿੰਦਰ ਚੀਮਾਂ, ਸਟਾਫ ਮੈਂਬਰ ਅਤੇ ਵਿਦਿਆਰਥੀਆ ਨੇ ਨਿੱਘਾ ਸਵਾਗਤ ਕੀਤਾ। ਸਕੂਲ ਵੱਲੋ ਬੱਚੇ ਹੁਕਮ ਪ੍ਰਤਾਪ ਅਤੇ ਰਾਮਿੰਦਰ ਸਿੰਘ ਲੇਚਬ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸਕੂਲ ਦੇ ਚੇਅਰਮੈਨ ਸੰਜੈ ਸਿੰਗਲਾ ਨੇ ਹੁਕਮ ਪ੍ਰਤਾਪ ਅਤੇ ਰਾਮਿੰਦਰ ਸਿੰਘ ਲੇਚਬ,ਉਸਦੇ ਮਾਪਿਆ ਅਤੇ ਕੋਚ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਖੇਡਾ ਬੱਚੇ ਦਾ ਬੋਧਿਕ ਅਤੇ ਮਾਨਸਿਕ ਵਿਕਾਸ ਕਰਦੀਆ ਹਨ। ਇਸ ਤਰ੍ਹਾ ਦੇ ਉਪਰਾਲੇ ਸਕੂਲ ਵੱਲੋ ਹਮੇਸ਼ਾ ਜਾਰੀ ਰਹਿਣਗੇ । ਖੇਡਾ ਨਾਲ ਬੱਚਾ ਆਪਣਾ ਕਿਸੇ ਵੀ ਮੁਕਾਮ ਤੇ ਪਹੁੰਚ ਕੇ ਆਪਣੀ ਮੰਜਿਲ ਹਾਸਿਲ ਕਰ ਸਕਦੇ ਹਨ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਬਬੀ ਵਰਗੇਸ ਨੇ ਸੰਬੋਧਨ ਵਿੱਚ ਕਿਹਾ ਕਿ ਖੇਡਾ ਬੱਚੇ ਦੇ ਮਨੋਬਲ ਨੂੰ ਉਚਾ ਕਰਦੀਆ ਹਨ ਅਤੇ ਖੇਡਾ ਦਾ ਵੀ ਬੱਚੇ ਦੇ ਜੀਵਨ ਵਿੱਚ ਪੜਾਈ ਨੇ ਨਾਲ-ਨਾਲ ਖੇਡਾ ਦਾ ਵੀ ਉਨ੍ਹਾ ਹੀ ਮੌਹਤਵ ਹੈ ਅਤੇ ਖੇਡਾ ਬੱਚੇ ਦਾ ਮਾਨਸਿਕ ਵਿਕਾਸ ਕਰਦੀਆ ਹਨ। ਇਸ ਮੌਕੇ ਅਕੈਡਮਿਕ ਡਰੈਕਟਰ ਜਸਵਿੰਦਰ ਚੀਮਾਂ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਆਉਣ ਖੇਡਾ ਵਿੱਚ ਬੱਚਿਆਂ ਵੱਲੋਂ ਵੱਧ ਚੜ੍ਹ ਕੇ ਹਿੱਸਾ ਲਿਆ ਜਾਵੇਗਾ ਅਤੇ ਮੈਡਲ ਹਾਸਲ ਕੀਤੇ ਜਾਣਗੇ|ਇਸ ਮੌਕੇ ਉਹਨਾ ਨੇ ਸਕੂਲ ਦੇ ਕੋਚ ਅਤੇ ਸਮੂਚੇ ਸਟਾਫ ਅਤੇ ਮਾਪਿਆ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਇਲਾਕੇ ਅਤੇ ਸਕੂਲ ਦੇ ਬਹੁਤ ਮਾਨ ਦੀ ਗੱਲ ਹੈ ਅਤੇ ਅਸੀ ਉਮੀਦ ਕਰਦੇ ਹਾਂ ਕਿ ਇਹ ਬੱਚਾ ਇੰਟਰਨੈਸ਼ਨਲ ਵਿੱਚ ਗੋਲਡ ਮੈਡਲ ਲੈ ਕੇ ਆਵੇਗਾ। ਇਸ ਮੌਕੇ ਸਕੂਲ ਦਾ ਸਾਰਾ ਸਟਾਫ ਰਾਜਵੀਰ ਸਿੰਘ (ਡੀ.ਪੀ.ਈ), ਵਿਦੁਸੀ (ਡੀ. ਪੀ.ਈ), ਮਨਦੀਪ,ਸੁਰਭੀ, ਰ ਮ ਨ ਦੀ ਪ ,

# ਡੀਟੀਐਫ ਵਜੀਫਾ ਪ੍ਰੀਖਿਆ ਵਿੱਚੋਂ ਆਸ਼ੀਰਵਾਦ ਡੇ ਬੋਰਡਿੰਗ ਸਕੂਲ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ INTERNATIONAL PAPER, 94636 01616 hardipchumber57@gmail.com

ਲੌਂਗੋਵਾਲ,2 ਮਈ (ਜਗਸੀਰ ਸਿੰਘ)- ਇਲਾਕੇ ਦੀ ਨਾਮਵਰ ਸੰਸਥਾ ਅਸ਼ੀਰਵਾਦ ਡੇ ਬੋਰਡਿੰਗ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਝਾੜੋ ਦੇ ਵਿਦਿਆਰਥੀਆਂ ਨੇ ਡੀ ਟੀ ਐਫ ਪ੍ਰੀਖਿਆ ਵਿੱਚ ਹਿੱਸਾ ਲਿਆ ਜਿਸ ਵਿੱਚੋਂ ਅੱਠਵੀਂ ਜਮਾਤ ਦੇ ਗੁਰਜੋਤ ਸਿੰਘ ਪੁੱਤਰ ਪ੍ਰਿਥੀਪਾਲ ਸਿੰਘ ਨੇ ਦੂਸਰਾ ਅਤੇ ਗੁਰਸ਼ਾਨ ਕੌਰ




ਪੁੱਤਰੀ ਪ੍ਰਿਥੀਪਾਲ ਸਿੰਘ ਨੇ ਤੀਸਰਾ ਸਥਾਨ ਹਾਸਿਲ ਕੀਤਾ। ਇਸ ਤਰ੍ਹਾਂ ਹੀ ਦਸਵੀਂ ਜਮਾਤ ਵਿਚੋਂ ਅਭਿਜੋਤ ਸਿੰਘ ਪੁੱਤਰ ਪ੍ਰੇਮ ਸਿੰਘ ਨੇ ਦੂਸਰਾ ਸੁੰਦਰਵੀਰ ਕੌਰ ਪੁੱਤਰੀ ਪਾਲ ਸਿੰਘ ਨੇ ਤੀਸਰਾ ਰਮਨਦੀਪ ਕੌਰ ਪੁੱਤਰੀ ਬਲਧੀਰ ਸਿੰਘ ਨੇ ਚੌਥਾ ਐਸਵਿਨ ਸਿੰਘ ਪੁੱਤਰ ਜਗਸੀਰ ਸਿੰਘ ਨੇ ਪੰਜਵਾਂ ਅਤੇ ਮਹਿਕਪ੍ਰੀਤ ਕੌਰ ਪੁੱਤਰੀ ਸਤਿਗੁਰ ਸਿੰਘ ਨੇ ਨੌਵਾਂ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਹੀ ਬਾਰਵੀਂ ਜਮਾਤ ਦੀ ਦਿਲਪ੍ਰੀਤ ਕੌਰ ਪੁੱਤਰੀ ਮੇਜਰ ਸਿੰਘ ਨੇ ਦੂਸਰਾ ਮਨਦੀਪ ਕੌਰ ਪੁੱਤਰੀ ਜੋਗਿੰਦਰ ਸਿੰਘ ਨੇ ਤੀਸਰਾ ਅਮਨਦੀਪ ਕੌਰ ਪੁੱਤਰੀ ਸ਼ੇਰ ਸਿੰਘ ਨੇ ਚੌਥਾ ਗੁਰਸੇਵਕ ਸਿੰਘ ਪੁੱਤਰ ਸਤਿਗੁਰ ਸਿੰਘ ਨੇ ਪੰਜਵਾਂ ਗੁਰਸ਼ਰਨਦੀਪ ਸਿੰਘ ਪੁੱਤਰ ਜਗਤਾਰ ਸਿੰਘ ਨੇ ਛੇਵਾਂ ਲਵਪ੍ਰੀਤ ਕੌਰ ਪੁੱਤਰੀ ਨਿਰਮਲ ਸਿੰਘ ਨੇ ਸੱਤਵਾਂ ਜਸ਼ਨਦੀਪ ਕੌਰ ਪੁੱਤਰੀ ਲਖਵੀਰ ਕੌਰ ਨੇ ਨੌਵਾਂ ਕਮਲਜੀਤ ਕੌਰ ਪੁੱਤਰੀ ਜੇਠੂ ਸਿੰਘ ਨੇ ਦਸਵਾਂ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਉੱਪਰ ਸਕੂਲ ਦੇ ਪ੍ਰਿੰਸੀਪਲ ਸਰਦਾਰ ਜਗਸੀਰ ਸਿੰਘ ਵਾਈਸ ਮੈਡਮ ਗੁਰਮੀਤ ਕੌਰ ਅਤੇ ਸਮੂਹ ਸਟਾਫ ਵੱਲੋਂ ਬੱਚਿਆਂ ਨਾਲ ਇਕ ਯਾਦਗਿਰੀ ਫੋਟੋ ਕਰਵਾਈ ਗਈ।

# ਪੰਜਾਬ ਦੇ ਪਾਣੀ 'ਤੇ ਪੰਜਾਬ ਦਾ ਅਧਿਕਾਰ, ਕਿਸੇ ਨੂੰ ਵੀ ਹੱਕ ਨਹੀਂ ਕਿ ਇਹ ਪਾਣੀ ਹੋਰ ਸੂਬਿਆਂ ਨੂੰ ਦਿੱਤਾ ਜਾਵੇ : ਸੁਰਿੰਦਰ ਜੌੜਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ INTERNATIONAL PAPER, 94636 01616 hardipchumber57@gmail.com

ਜ਼ੀਰਾ 2 ਮਈ ( ਅੰਗਰੇਜ਼ ਬਰਾੜ ) – ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਸੁਰਿੰਦਰ ਸਿੰਘ ਜੌੜਾ ਨੇ ਕਿਹਾ ਕਿ ਪੰਜਾਬ ਦੇ ਪਾਣੀ ਦੇ ਹੱਕ ਦੀ ਰੱਖਿਆ ਲਈ ਹਰ ਪੱਧਰ 'ਤੇ ਲੜਾਈ ਲੜੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਦੀ ਰੋਟੀ-ਰੋਜ਼ੀ ਇਸ ਪਾਣੀ ਨਾਲ ਜੁੜੀ ਹੋਈ ਹੈ ਅਤੇ ਇਹ ਸਾਡੇ ਹਿੱਸੇ ਦਾ ਹੱਕੀ ਪਾਣੀ ਹੈ, ਜਿਸ 'ਤੇ ਕਿਸੇ ਹੋਰ ਸੂਬੇ ਜਾਂ ਸਰਕਾਰ ਨੂੰ ਹੱਕ ਨਹੀਂ ਦਿੱਤਾ ਜਾ ਸਕਦਾ।

ਉਨ੍ਹਾਂ ਨੇ ਦਾਅਵਾ ਕੀਤਾ ਕਿ ਪੰਜਾਬ ਪਹਿਲਾਂ ਹੀ ਪਾਣੀ ਦੀ ਘਾਟ ਦਾ ਸਾਹਮਣਾ ਕਰ ਰਿਹਾ ਹੈ ਅਤੇ ਜੇਕਰ ਹੁਣ ਵੀ ਸੂਬੇ ਦੇ ਪਾਣੀ ਨੂੰ ਹੋਰਾਂ ਨੂੰ ਦਿੱਤਾ ਗਿਆ ਤਾਂ ਇਹ ਪੰਜਾਬੀ ਕਿਸਾਨੀ ਦੀ ਮੌਤ ਦੇ ਬਰਾਬਰ ਹੋਵੇਗਾ। ਸੁਰਿੰਦਰ ਸਿੰਘ ਜੌੜਾ ਨੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਦੇ ਹਿੱਤਾਂ ਦੀ ਰੱਖਿਆ ਕਰਨ ਵਿੱਚ ਅਸਫਲ ਸਾਬਤ ਹੋ ਰਹੀ ਹੈ। ਉਹ ਦਿੱਲੀ ਸਰਕਾਰ ਦੇ ਇਸ਼ਾਰਿਆਂ 'ਤੇ ਕੰਮ ਕਰ ਰਹੀ ਹੈ ਜੋ ਕਿ ਪੂਰੀ ਤਰ੍ਹਾਂ ਨਿੰਦਨਯੋਗ ਹੈ।

ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਪਾਣੀ ਦੀ ਲੁਟ ਸਿਰਫ ਸਿਆਸੀ ਲਾਭ ਲਈ ਕੀਤੀ ਜਾ ਰਹੀ ਹੈ। ਇਹ ਨਾ ਸਿਰਫ ਪੰਜਾਬ ਦੀ ਧਰਤੀ ਨਾਲ ਵਿਸ਼ਵਾਸਘਾਤ ਹੈ ਬਲਕਿ ਇਥੋਂ ਦੇ ਲੋਕਾਂ ਦੇ ਭਵਿੱਖ ਨਾਲ ਵੀ ਖਿਲਵਾੜ ਹੈ। ਜੌੜਾ ਨੇ ਕੇਂਦਰ ਸਰਕਾਰ ਨੂੰ ਵੀ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੰਜਾਬ ਦੇ ਪਾਣੀ ਦੇ ਮੁੱਦੇ ਵਿਚ ਦਖਲਅੰਦਾਜ਼ੀ ਜਾਰੀ ਰਹੀ ਤਾਂ ਪੰਜਾਬ ਦੇ ਲੋਕ ਇਕ ਵੱਡਾ ਅੰਦੋਲਨ ਸ਼ੁਰੂ ਕਰਨ 'ਤੇ ਮਜਬੂਰ ਹੋ ਜਾਣਗੇ! ਉਨ੍ਹਾਂ ਨੇ ਪੰਜਾਬ ਦੇ



ਸਾਰੇ ਰਾਜਸੀ ਧਿਰਾਂ ਨੂੰ ਅਪੀਲ ਕੀਤੀ ਕਿ ਇਹ ਮਸਲਾ ਕਿਸੇ ਪਾਰਟੀ ਦਾ ਨਹੀਂ ਸਗੋਂ ਪੰਜਾਬ ਦੇ ਅਸਤਿਤਵ ਨਾਲ ਜੁੜਿਆ ਹੋਇਆ ਹੈ। ਇਸ ਲਈ ਸਾਰਿਆਂ ਨੂੰ ਇਕਜੁੱਟ ਹੋ ਕੇ ਪੰਜਾਬ ਦੇ ਪਾਣੀ ਦੀ ਰੱਖਿਆ ਲਈ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ।

# ਪਲਾਂਟ ਡਾਕਟਰਜ਼ ਸਰਵਿਸਜ਼ ਐਸੋਸੀਏਸ਼ਨ ਜ਼ਿਲ੍ਹਾ ਸੰਗਰੂਰ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਹੋਈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ INTERNATIONAL PAPER, 94636 01616 hardipchumber57@gmail.com

ਸੰਗਰੂਰ ,2 ਮਈ (ਜਗਸੀਰ ਲੌਂਗੋਵਾਲ)- ਅੱਜ ਖੇਤੀਬਾੜੀ ਵਿਕਾਸ ਅਫਸਰਾਂ ਅਤੇ ਬਾਗਬਾਨੀ ਵਿਕਾਸ ਅਫਸਰਾਂ ਦੀ ਸਾਂਝੀ ਐਸੋਸੀਏਸ਼ਨ ਪਲਾਂਟ ਡਾਕਟਰਜ਼ ਸਰਵਿਸਜ਼ ਐਸੋਸੀਏਸ਼ਨ ਦੀ ਦਫ਼ਤਰ ਮੁੱਖ ਖੇਤੀਬਾੜੀ ਅਫ਼ਸਰ ਜ਼ਿਲ੍ਹਾ ਸੰਗਰੂਰ ਵਿਖੇ ਮੀਟਿੰਗ ਹੋਈ। ਮੀਟਿੰਗ ਦੀ ਸ਼ੁਰੂਆਤ ਵਿੱਚ ਡਾ. ਸ਼ਵਿੰਦਰਜੀਤ




ਸਿੰਘ ਜਨਰਲ ਸਕੱਤਰ ਨੇ ਮੀਟਿੰਗ ਵਿੱਚ ਆਏ ਸਾਥੀਆਂ ਦਾ ਸੁਆਗਤ ਕੀਤਾ। ਡਾ. ਨਰਿੰਦਰਪਾਲ ਸਿੰਘ ਚੀਮਾਂ ਪ੍ਰਧਾਨ ਜ਼ਿਲ੍ਹਾ ਸੰਗਰੂਰ ਨੇ ਕਿਹਾ ਕਿ ਖੇਤੀਬਾੜੀ ਵਿਕਾਸ ਅਫਸਰਾਂ ਨੂੰ ਵੈਟਰਨਰੀ ਅਫ਼ਸਰਾਂ ਦੇ ਬਰਾਬਰ ਪੇ ਪੈਰਿਟੀ 1986 ਤੋਂ ਮਿਲੀ ਹੋਈ ਹੈ। ਪ੍ਰੰਤੂ ਛੇਵੇਂ ਤਨਖਾਹ ਕਮਿਸ਼ਨ ਤੋਂ ਬਾਅਦ ਉੱਚ ਅਧਿਕਾਰੀਆਂ ਵੱਲੋਂ ਵਿੱਤ ਵਿਭਾਗ ਦੇ 4-3-2022 ਦੇ ਪੱਤਰ ਦਾ ਹਵਾਲਾ ਦੇ ਕੇ ਜਾਣਬੁੱਝ ਕੇ ਲਮਕਾਇਆ ਜਾ ਰਿਹਾ ਹੈ। ਜਿਸ ਕਰਕੇ ਸਮੂਹ ਕੇਡਰ ਵਿੱਚ ਨਿਰਾਸ਼ਾ ਪਾਈ ਜਾ ਰਹੀ ਹੈ। ਇਸ ਸਬੰਧੀ ਉਨ੍ਹਾਂ ਕਿਹਾ ਕਿ ਸੂਬਾ ਬਾਡੀ ਵੱਲੋਂ ਆਉਣ ਵਾਲੇ ਦਿਨਾਂ ਵਿਚ ਇਸ ਸਬੰਧੀ ਸਰਗਰਮੀਆਂ ਵਧਾ ਕੇ ਸੰਘਰਸ਼ ਵਿੱਢਿਆ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿਕਾਸ ਅਫਸਰ ਤੋਂ ਬਤੌਰ ਖੇਤੀਬਾੜੀ ਅਫ਼ਸਰ ਪਦਉਨਤੀ ਲਈ ਲੋੜੀਂਦੀ ਰਿਕਾਰਡ ਡਾਇਰੈਕਟਰ ਦਫਤਰ ਵਿਖੇ ਤਿਆਰ ਪਿਆ ਹੈ, ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਸ ਸਬੰਧੀ ਡੀ ਪੀ ਸੀ ਦੀ ਤਰੀਕ ਤੈਅ ਕਰ ਜਲਦ ਪਦਉਨਤੀ ਕੀਤੀ ਜਾਣੀ ਚਾਹੀਦੀ ਹੈ।

# ਰਾਂ ਗੋਤ ਜਠੇਰਿਆਂ ਦਾ ਸਲਾਨਾ ਮੇਲਾ 18 ਮਈ ਨੂੰ ਮਨਾਇਆ ਜਾਵੇਗਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ INTERNATIONAL PAPER, 94636 01616 hardipchumber57@gmail.com

ਫਗਵਾੜਾ 2 ਮਈ (ਸ਼ਿਵ ਕੌੜਾ) ਮਹਿਲਪੁਰ ਦੇ ਅਧੀਨ ਪੈਂਦੇ ਪਿੰਡ ਕਹਾਰਪੁਰ ਵਿਖੇ ਹਰ ਸਾਲ ਦੀ ਤਰ੍ਹਾਂ ਰਾਂ ਗੋਤ ਜਠੇਰਿਆਂ ਦਾ ਮੇਲਾ 18 ਮਈ ਜੇਠੇ ਐਤਵਾਰ ਨੂੰ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਸਰਧਾ ਤੇ ਧੂਮਧਾਮ ਨਾਲ ਮਨਾਇਆ ਜਾਵੇਗਾl ਇਸ ਮੌਕੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਸੋਡੀ ਚੰਦ



ਤੇ ਡੀ.ਐਸ.ਪੀ.ਕੁੱਲਵਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਭ ਤੋ ਪਹਿਲਾ ਨਿਸ਼ਾਨ ਸਾਹਿਬ ਜੀ ਦੀ ਰਸਮ ਨਿਭਾਈ ਜਾਵੇਗੀl ਉਪਰੰਤ ਪੰਜਾਬ ਦੇ ਗੋਲਡ ਮੈਡਲਿਸਟ ਗਾਇਕ ਬਲਵਿੰਦਰ ਬਿੰਟੂ ਤੇ ਭਿੰਦਾ ਫੱਤੋਵਾਲੀਆ ਵਲੋ ਜਠੇਰੇ ਵੱਡੇ ਵਡੇਰਿਆਂ ਦੀ ਮਹਿਮਾ ਦਾ ਗੁਣਗਾਣ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ l ਸੇਵਾਦਾਰਾਂ ਵਲੋਂ ਆਈਆਂ ਹੋਈਆ ਸੰਗਤਾਂ ਵਾਸਤੇ ਚਾਹ ਪਕੋੜੇ ਤੇ ਲੰਗਰ ਦਾ ਖਾਂਸ ਪ੍ਰਬੰਧ ਕੀਤਾ ਜਾਵੇਗਾ l ਇਸ ਮੌਕੇ ਸਰਪ੍ਰੰਸਤ ਗੁਰਦੇਵ ਚੰਦ ਕੈਡੋਵਾਲ, ਦਲਜੀਤ ਸਿੰਘ ਕਾਲਾ ਕੈਡੋਵਾਲ, ਮਨਜੀਤ ਰਾਏ ਫੱਤੋਵਾਲ,ਕ੍ਰਿਸ਼ਨ ਜੀਤ ਰਾਓ,ਰਾਕੇਸ਼ ਫ ਗ ਵਾ ੜਾ , ਸੁ ਰਿੰ ਦ ਰ ਪਿੰਕੀ ਕੈਡੋਵਾਲ,ਭੁਪਿੰਦਰ ਸਿੰਘ,ਮੋਹਣ ਸਿੰਘ,ਠੇਕੇਦਾਰ ਸੁਰਿੰਦਰ ਪਾਲ ਸਿੰਘ,ਸੂਬੇਦਾਰ ਗੁਰਮੇਲ ਸਿੰਘ ਬਰਿਆਣਾ ਆਦਿ ਵੱਡੀ ਗਿੱਣਤੀ ਵਿੱਚ ਸੰਗਤਾਂ ਹਾਜਰ ਹੋਣਗੀਆਂ

# ਅਲਾਇੰਸ ਇੰਟਰਨੈਸ਼ਨਲ ਕਲੱਬ ਜ਼ੀਰਾ ਨੇ ਵਿਦਿਆਰਥੀਆਂ ਨੂੰ 8 ਵਾਟਰ ਕੂਲਰ ਦਿਤੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ INTERNATIONAL PAPER, 94636 01616 hardipchumber57@gmail.com

ਜ਼ੀਰਾ 2 ਮਈ ( ਅੰਗਰੇਜ਼ ਬਰਾੜ ) ਅਲਾਇੰਸ ਕਲੱਬ ਇੰਟਰਨੈਸ਼ਨਲ ਵੱਲੋਂ ਗਰਮੀ ਦੇ ਮੌਸਮ ਨੂੰ ਮੁੱਖ ਰੱਖਦਿਆਂ ਸਰਕਾਰੀ ਪ੍ਰਾਇਮਰੀ ਸਕੂਲ ਪੁਰਾਣੀ ਤਲਵੰਡੀ ਰੋਡ ਜ਼ੀਰਾ ਨੂੰ 8 ਵਾਟਰ ਕੂਲਰ ਦਿੱਤੇ ਗਏ। ਇਸ ਸਬੰਧੀ ਅਲਾਇੰਸ ਇੰਟਰਨੈਸ਼ਨਲ ਕਲੱਬ ਜ਼ੀਰਾ ਵੱਲੋਂ ਸੰਸਥਾ ਦੇ ਜ਼ਿਲ੍ਹਾ ਕੈਬਨਿਟ ਸੈਕਟਰੀ ਸ੍ਰੀ ਸਤਿੰਦਰ ਸਚਦੇਵਾ ਅਤੇ ਪ੍ਰਧਾਨ ਸੁਖਦੇਵ ਬਿੱਟੂ ਵਿੱਜ ਸਾਬਕਾ ਵਾਈਸ ਪ੍ਰਧਾਨ ਨਗਰ ਕੌਂਸਲ ਦੀ ਪ੍ਰਧਾਨਗੀ ਹੇਠ ਵਿਦਿਆਰਥੀ ਮਿਲਣੀ ਪ੍ਰੋਗਰਾਮ ਸਰਕਾਰੀ ਪ੍ਰਾਇਮਰੀ



ਸਕੂਲ ਪੁਰਾਣੀ ਤਲਵੰਡੀ ਰੋਡ ਜ਼ੀਰਾ ਵਿਖੇ ਕਰਵਾਇਆ ਗਿਆ। ਇਸ ਮੌਕੇ ਸੰਸਥਾ ਦੇ ਆਗੂਆਂ ਨੇ ਵਿਦਿਆਰਥੀਆਂ ਨਾਲ ਸਮਾਜਿਕ ਰਿਸ਼ਤਿਆਂ ਅਤੇ ਦੇਸ ਪ੍ਰਤੀ ਜ਼ਿੰਮੇਵਾਰੀ ਨਿਭਾਉਣ ਲਈ ਪ੍ਰੇਰਿਤ ਕੀਤਾ। ਇਸ ਦੌਰਾਨ ਸੰਸਥਾ ਨੇ ਵਿਦਿਆਰਥੀਆਂ ਨੂੰ ਕਲਾਸ ਰੂਮਾਂ ਵਿੱਚ ਪਾਣੀ ਦੀ ਸਪਲਾਈ ਨੂੰ ਮੁੱਖ ਰੱਖਦਿਆਂ 8 ਵਾਟਰ ਕੂਲਰ ਭੇਟ ਕੀਤੇ। ਇਸ ਦੌਰਾਨ ਪ੍ਰਿੰਸੀਪਲ ਰਾਕੇਸ਼ ਸ਼ਰਮਾ ਨੇ ਆਏਂ ਮਹਿਮਾਨਾ ਦਾ ਧੰਨਵਾਦ ਅਤੇ ਸਕੂਲ ਸਟਾਫ ਵੱਲੋਂ ਸੰਸਥਾ ਦੇ ਮੈਂਬਰ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਜ਼ਿਲ੍ਹਾ ਚੇਅਰਮੈਨ ਮਹਿੰਦਰ ਪਾਲ, ਵਿਜੇ ਮੂੰਗਾ ਪ੍ਰਧਾਨ, ਚੇਅਰਮੈਨ ਗੁਰਬਖਸ਼ ਸਿੰਘ ਵਿੱਜ, ਚੇਅਰਮੈਨ ਸੰਜੀਵ ਸਚਦੇਵਾ,ਪੀ ਆਰ ਓ ਚਰਨਪ੍ਰੀਤ ਸਿੰਘ ਸੋਨੂ ਚੇਅਰਮੈਨ ਬਲੱਡ ਡੋਨੇਸ਼ਨ , ਤਰਸੇਮ ਜਨੇਜਾ ਵਾਈਸ ਪ੍ਰਧਾਨ, ਰਜੇਸ਼ ਕੁਮਾਰ ਵਾਈਸ ਪ੍ਰਧਾਨ ,ਹਾਕਮ ਸਿੰਘ, ਚੇਅਰਮੈਨ ਅਰੋੜਾ ਸਭਾ ਚਰਨਜੀਤ ਸਿੰਘ ਸਿੱਕੀ ਤੋਂ ਇਲਾਵਾਂ ਅਧਿਆਪਕਾ ਮਨਦੀਪ ਕੌਰ, ਸਰਬਜੀਤ ਕੌਰ, ਹਰਜਿੰਦਰ ਕੌਰ, ਅਧਿਆਪਕ ਚਰਨਜੀਤ ਮਹਿਤਾ, ਪ੍ਰਦੀਪ ਸਿੰਘ, ਪਵਨ ਕੁਮਾਰ ਆਦਿ ਹਾਜ਼ਰ ਸਨ।

# ਮਾਂ ਬੋਲੀ ਪੰਜਾਬੀ ਦੀ ਰਾਖੀ ਲਈ ਇੱਕਸੁਰ ਹੋਣ ਦੀ ਲੋੜ - ਡਾ. ਕਥੂਰੀਆ

## ਕੈਨੇਡਾ ਵਿਚ ਵਿਸ਼ਵ ਪੰਜਾਬੀ ਕਾਨਫਰੰਸ ਲਈ ਵਿੱਢੀਆਂ ਤਿਆਰੀਆਂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ INTERNATIONAL PAPER, 94636 01616 hardipchumber57@gmail.com

ਸੰਗਰੂਰ, 2 ਮਈ (ਜਗਸੀਰ ਲੌਂਗੋਵਾਲ ) - ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਸੰਸਥਾਪਕ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਨੇ ਕਿਹਾ ਹੈ ਕਿ ਮਾਂ ਬੋਲੀ ਪੰਜਾਬੀ ਦੀ ਰਾਖੀ ਲਈ ਕੇਵਲ ਗੱਲਾਂ ਨਾਲ ਕੰਮ ਨਹੀਂ ਚੱਲਣਾ ਸਗੋਂ ਹਰ ਪੰਜਾਬੀ ਨੂੰ ਆਪਣੇ ਪੱਧਰ ਉੱਤੇ ਯਤਨ ਕਰਨੇ ਪੈਣਗੇ। ਅੱਜ ਇੱਥੇ ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਕਿਹਾ ਕਿ ਬਹੁਤੇ ਘਰਾਂ ਵਿਚ ਜਾਂ ਸਿੱਖਿਆ ਸੰਸਥਾਨਾ ਵਿਚ ਪੰਜਾਬੀ ਵਿਚ ਗੱਲ ਕਰਨ ਦੀ ਥਾਂ ਹਿੰਦੀ ਜਾਂ ਅੰਗਰੇਜੀ ਵਿਚ ਗੱਲ ਕਰਨ ਲਈ ਮਾਣ ਮਹਿਸੂਸ ਕੀਤਾ ਜਾਂਦਾ ਹੈ ਜਦਕਿ ਤਾਮਲਨਾਡੂ, ਮਹਾਂਰਾਸ਼ਟਰ,



ਕੇਰਲਾ, ਉਡੀਸਾ ਅਤੇ ਹੋਰਨਾ ਕਈ ਰਾਜਾ ਵਿਚ ਉਥੋਂ ਦੇ ਲੋਕ ਆਪਣੀ ਮਾਂ ਬੋਲੀ ਨੂੰ ਸਤਿਕਾਰ ਦੇਣਾ ਮਾਣ ਮਹਿਸੂਸ ਕਰਦੇ ਹਨ। ਡਾ. ਕਥੂਰੀਆ ਨੇ ਦੱਸਿਆ ਕਿ ਵਿਸ਼ਵ ਪੰਜਾਬੀ ਸਭਾ ਵਲੋਂ ਹਰ ਸਾਲ ਤਿੰਨ ਵਿਸ਼ਵ ਪੰਜਾਬੀ ਕਾਨਫਰੰਸਾ ਕਰਵਾਈਆ ਜਾਂਦੀਆ ਹਨ ਜਿਨ੍ਹਾਂ ਵਿਚੋਂ ਇੱਕ ਕੈਨੇਡਾ ਦੇ ਬਰੈਹਮਟਨ ਵਿਚ ਹੁੰਦੀ ਹੈ ਜੋ ਇਸ ਸਾਲ 20,21,22 ਜੂਨ ਨੂੰ ਹੋਈ ਹੈ ਜਿਸ ਵਿਚ ਵੱਖ ਵੱਖ ਦੇਸ਼ਾਂ ਦੇ ਸਾਹਿਤਕਾਰ ਸ਼ਾਮਲ ਹੁੰਦੇ ਹਨ। ਇੱਕ ਪ੍ਰਸ਼ਨ ਦੇ ਉੱਤਰ ਵਿਚ ਉਨ੍ਹਾਂ ਮੰਨਿਆ ਕਿ ਬਹੁਤੇ ਮਾਪੇ ਆਪਣੇ ਬੱਚਿਆਂ ਨੂੰ ਪੰਜਾਬੀ ਵਿਚ ਗੱਲ ਕਰਨ ਦੀ ਥਾਂ ਹਿੰਦੀ ਵਿਚ ਗੱਲ ਕਰਨਾ ਫਖਰ ਮਹਿਸੂਸ ਕਰਦੇ ਹਨ। ਅਜਿਹੇ ਮਾਪਿਆਂ ਨੂੰ ਜਾਗਰੂਕ ਕਰਨ ਲਈ ਸਭਾ ਵਲੋਂ ਸ਼ਹਿਰਾਂ ਅਤੇ ਪਿੰਡਾਂ ਵਿਚ ਸਭਾਵਾ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਸਭਾ ਦੇ ਕੌਮੀ ਪ੍ਰਧਾਨ ਬਲਬੀਰ ਕੌਰ ਰਾਏਕੋਟੀ ਨੇ ਦੱਸਿਆ ਕਿ ਸਭਾ ਪਿੰਡ ਪਿੰਡ ਜਾ ਕੇ ਮਾਂ ਬੋਲੀ ਦਾ ਹੋਕਾ ਦੇਣ ਲਈ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਡਾ. ਕਥੂਰੀਆ ਵਲੋਂ ਕੀਤੇ ਜਾ ਰਹੇ ਯਤਨਾਂ ਦੀ ਚੁਫੇਰਿਓਂ ਪ੍ਰਸੰਸਾ ਹੋ ਰਹੀ ਹੈ। ਮੰਚ ਸੰਚਾਲਨ ਕਰ ਰਹੇ ਸੰਗੂਰਰ ਸੋਸਲ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਰਾਜ ਕੁਮਾਰ ਅਰੋੜਾ ਨੇ ਦੱਸਿਆ ਕਿ ਇਸ ਮੌਕੇ ਡਾ. ਜਸਵੰਤ ਸਿੰਘ ਖਹਿਰਾ ਸਕੱਤਰ ਅਕਾਲ ਕਾਲਜ ਕੌਂਸਲ ਮਸਤੂਆਣਾ ਸਾਹਿਬ, ਪ੍ਰੀਤ ਹੀਰ, ਸਤਵੀਰ ਸਿੰਘ ਪ੍ਰਧਾਨ ਮਾਝਾ ਜੋਨ, ਰਾਜਵੀਰ ਸਿੰਘ ਭਲੂਰੀਆ ਪ੍ਰਧਾਨ ਮਾਲਵਾ ਜੋਨ, ਗੁਰਮੀਤ ਸਿੰਘ ਬੱਬੀ ਬਾਜਾਖਾਨਾ, ਰਮਨਦੀਪ ਕੌਰ, ਬੰਧਨਾ ਲੁਧਿਆਣਾ, ਜਸਵਿੰਦਰ ਸਿੰਘ ਬਿੱਟਾ, ਜੱਸ ਸ਼ੇਰਗਿੱਲ, ਡਾ. ਨਿਰਪਜੀਤ ਸਿੰਘ, ਡਾ. ਰਜਿੰਦਰ ਕੌਰ, ਜੰਗ ਸਿੰਘ ਫੱਟੜ, ਨੂਰ ਮੁਹੰਮਦ ਨੂਰ ਅਤੇ ਹੋਰ ਸਖਸੀਅਤਾਂ ਵੀ ਮੌਜੂਦ ਸਨ।

# ਪਹਿਲਗਾਮ ਘਟਨਾ ਦੀ ਫ਼ਿਰਕੂ ਸਿਆਸੀ ਮਨਸੂਬਿਆਂ ਲਈ ਵਰਤੋਂ ਖਿਲਾਫ਼ ਡਟਣ ਦਾ ਸੱਦਾ

## ਇਨਕਲਾਬੀ ਕੇਂਦਰ ਅਤੇ ਲੋਕ ਮੋਰਚਾ ਵੱਲੋਂ ਸੂਬਾਈ ਕਨਵੈਨਸ਼ਨ ਅਤੇ ਮਾਰਚ 8 ਮਈ ਨੂੰ ਬਰਨਾਲਾ ਵਿਖੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com



ਦਲਜੀਤ ਕੌਰ

ਬਰਨਾਲਾ, 2 ਮਈ, 2025: ਪੰਜਾਬ ਦੀਆਂ ਦੋ ਇਨਕਲਾਬੀ ਜਥੇਬੰਦੀਆਂ ਲੋਕ ਮੋਰਚਾ ਪੰਜਾਬ ਅਤੇ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਪਹਿਲਗਾਮ ਦੇ ਦਰਦਨਾਕ ਘਟਨਾ ਕਰਮ ਤੇ ਦੁੱਖ ਦਾ ਇਜ਼ਹਾਰ ਕਰਦਿਆਂ ਇਸਨੂੰ ਸੌੜੇ ਫਿਰਕੂ ਸਿਆਸੀ ਮਨਸੂਬਿਆਂ ਲਈ ਵਰਤਣ ਦੀਆਂ ਕੋਸ਼ਿਸ਼ਾਂ ਖਿਲਾਫ਼ ਲੋਕਾਂ ਨੂੰ ਚੌਕਸ ਕੀਤਾ ਹੈ।

ਦੋਵਾਂ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਇਨਕਲਾਬੀ ਕੇਂਦਰ ਪੰਜਾਬ ਦੇ ਸੂਬਾ ਜਨਰਲ ਸਕੱਤਰ ਕੰਵਲਜੀਤ ਖੰਨਾ ਦੀ ਅਗਵਾਈ ਹੇਠ ਹੋਈ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਲੋਕ ਮੋਰਚਾ ਪੰਜਾਬ ਦੇ ਆਗੂਆਂ ਜਗਮੇਲ ਸਿੰਘ, ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਜਸਵੰਤ ਜੀਰਖ ਨੇ ਕਿਹਾ ਕਿ ਪਹਿਲਗਾਮ ਵਿੱਚ ਵਾਪਰੀ ਕਤਲੇਆਮ ਦੀ ਘਟਨਾ ਬੇਹੱਦ ਮੰਦਭਾਗੀ ਅਤੇ ਨਿੰਦਣਯੋਗ ਹੈ। ਇਸ ਘਟਨਾ ਪਿਛਲੀਆਂ ਤਾਕਤਾਂ ਦੀ ਨਿਸ਼ਾਨਦੇਹੀ ਹੋਣੀ ਜ਼ਰੂਰੀ ਹੈ। ਇਸ ਕਰਕੇ ਇਸ ਘਟਨਾ ਦੀ ਨਿਰਪੱਖ ਜਾਂਚ ਕਰਾਏ ਜਾਣ ਦੀ ਲੋੜ ਹੈ।

ਆਗੂਆਂ ਨੇ ਕਿਹਾ ਕਿ ਸੰਘੀ ਲਾਣੇ ਵੱਲੋਂ ਇਸ ਘਟਨਾ ਤੋਂ ਸਿਆਸੀ ਲਾਹਾ ਖੱਟਣ ਦੀਆਂ ਕਵਾਇਦਾਂ ਸ਼ੁਰੂ ਹੋ ਚੁੱਕੀਆਂ ਹਨ।ਮੁਲਕ ਵਿੱਚ ਪਿਛਲੇ ਲੰਬੇ ਸਮੇਂ ਤੋਂ ਸਿਰਜਿਆ ਜਾ ਰਿਹਾ ਹਿੰਦੂ ਸ਼ਾਵਨਵਾਦੀ ਬਿਰਤਾਂਤ ਇਸ ਘਟਨਾ ਦੇ ਹਵਾਲੇ ਨਾਲ ਗੂੜ੍ਹਾ ਕੀਤਾ ਜਾ ਰਿਹਾ ਹੈ।ਮੁਸਲਿਮ ਅਤੇ ਕਸ਼ਮੀਰੀ ਭਾਈਚਾਰੇ ਖਿਲਾਫ਼ ਕੂੜ ਪ੍ਰਚਾਰ ਦੀ ਹਨੇਰੀ ਚਲਾਈ ਜਾ ਰਹੀ ਹੈ। ਇਹਨਾਂ ਲੋਕਾਂ ਤੋਂ ਸਮੂਹਿਕ ਬਦਲਾ ਲੈਣ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਦੇਸ਼ ਵਿੱਚ ਵੱਖ-ਵੱਖ ਥਾਈਂ ਇਹਨਾਂ ਭਾਈਚਾਰਿਆਂ ਨਾਲ ਸੰਬੰਧਿਤ ਲੋਕਾਂ ਖ਼ਾਸ ਕਰ ਵਿਦਿਆਰਥੀਆਂ ਅਤੇ ਛੋਟੇ ਕਾਰੋਬਾਰੀਆਂ ਖਿਲਾਫ਼ ਹਮਲਿਆਂ ਦੀਆਂ ਅਨੇਕਾਂ ਘਟਨਾਵਾਂ ਵਾਪਰੀਆਂ ਹਨ। ਇਹਨਾਂ ਘਟਨਾਵਾਂ ਨੂੰ ਭੜਕਾਉਣ ਦਾ ਮੰਤਵ ਦੇਸ਼ ਦੇ ਫਿਰਕੂ ਧਰੁਵੀਕਰਨ ਨੂੰ ਡੂੰਘਾ ਕਰਨਾ, ਹਿੰਦੂ ਰਾਸ਼ਟਰਵਾਦ ਨੂੰ ਹਵਾ ਦੇਣਾ ਅਤੇ ਇਸ ਰਾਹੀਂ ਵੋਟ ਲਾਹੇ ਬਟੋਰਨਾ ਹੈ। ਇਸ ਘਟਨਾ ਰਾਹੀਂ ਭੜਕਾਏ ਜਾ ਰਹੇ ਅੰਨ੍ਹੇ ਰਾਸ਼ਟਰਵਾਦ ਦੀ ਆੜ ਵਿੱਚ ਅਸਲ ਵਿੱਚ ਮੋਦੀ ਹਕੂਮਤ ਵੱਲੋਂ ਸਾਮਰਾਜ ਭਗਤੀ ਨੂੰ ਛੁਪਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ।

ਮੀਟਿੰਗ ਵਿੱਚ ਸ਼ਾਮਿਲ ਆਗੂਆਂ ਮਨਪ੍ਰੀਤ ਸਿੰਘ ਅਤੇ ਕਾ ਸੁਰਿੰਦਰ ਸਿੰਘ ਨੇ ਮੰਗ ਕੀਤੀ ਕਿ ਇਸ ਘਟਨਾ ਨੂੰ ਆਧਾਰ ਬਣਾ ਕੇ ਸਮਾਜ ਵਿੱਚ ਫ਼ਿਰਕੂ ਵੰਡੀਆਂ ਪਾਉਣ ਦੀਆਂ ਕੋਸ਼ਿਸ਼ਾਂ ਨੂੰ ਤੁਰੰਤ ਬੰਦ ਕੀਤਾ ਜਾਵੇ, ਦੇਸ਼ ਭਰ ਅੰਦਰ ਕਸ਼ਮੀਰੀ ਅਤੇ ਮੁਸਲਿਮ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ,ਇਸ ਘਟਨਾ ਦੀ ਨਿਰਪੱਖ ਜਾਂਚ ਕਰਵਾਈ ਜਾਵੇ, ਸੁਰੱਖਿਆ ਮਜਬੂਤੀ ਦੇ ਨਾਂ ਹੇਠ ਕਸ਼ਮੀਰ ਅੰਦਰ ਸੁਰੱਖਿਆ ਬਲਾਂ ਦੀ ਸੰਘਣੀ ਤਾਇਨਾਤੀ ਅਤੇ ਅਫਸਪਾ, ਯੂਏਪੀਏ ਵਰਗੇ ਕਾਲੇ ਕਾਨੂੰਨ ਲਾਗੂ ਕਰਨਾ ਬੰਦ ਕੀਤਾ ਜਾਵੇ।

ਆਗੂਆਂ ਨੇ ਇਸ ਘਟਨਾ ਦੇ ਪੀੜਤਾਂ ਨਾਲ ਹਮਦਰਦੀ ਸਾਂਝੀ ਕਰਦਿਆਂ ਸਭਨਾਂ ਲੋਕਾਂ ਨੂੰ ਦੇਸ਼ ਅੰਦਰ ਫ਼ਿਰਕੂ ਸਦਭਾਵਨਾ ਦੀ ਰਾਖੀ ਲਈ ਅੱਗੇ ਆਉਣ ਦਾ ਸੱਦਾ ਦਿੱਤਾ ਹੈ ਅਤੇ ਕਿਹਾ ਹੈ ਕਿ ਕਸ਼ਮੀਰੀ ਵਿਦਿਆਰਥੀਆਂ, ਮੁਸਲਿਮ ਭਾਈਚਾਰੇ ਤੇ ਹੋਰਨਾਂ ਲੋਕਾਂ ਦੀ ਸੁਰੱਖਿਆ ਦੀ ਸਮੂਹਿਕ ਜਾਮਨੀ ਕੀਤੀ ਜਾਣੀ ਚਾਹੀਦੀ ਹੈ। ਇਸ ਗੰਭੀਰ ਮਸਲੇ ਉੱਪਰ 8 ਮਈ ਨੂੰ ਸਵੇਰੇ 11 ਵਜੇ ਸ਼ਕਤੀ ਕਲਾ ਮੰਦਿਰ ਬਰਨਾਲਾ ਵਿਖੇ ਸੂਬਾਈ ਕਨਵੈਨਸ਼ਨ ਅਤੇ ਮਾਰਚ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਉਹਨਾਂ ਨੇ ਲੋਕਾਂ ਨੂੰ ਲੋਕ ਦੋਖੀ ਤਾਕਤਾਂ ਦੀਆਂ ਅੰਨ੍ਹੇ ਕੌਮੀ ਜਨੂੰਨ ਅਤੇ ਫਿਰਕੂ ਵੰਡ ਪਾਊ ਕੋਸ਼ਿਸ਼ਾਂ ਖਿਲਾਫ ਡਟਣ ਦਾ ਸੱਦਾ ਦਿੰਦਿਆਂ ਸਭਨਾਂ ਇਨਸਾਫ਼ ਪਸੰਦ ਜਮਹੂਰੀ ਜਥੇਬੰਦੀਆਂ ਨੂੰ ਇਸ ਕਨਵੈਨਸ਼ਨ/ਮਾਰਚ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

# ਐਮਬਰੋਜ਼ੀਅਲ ਪਬਲਿਕ ਸਕੂਲ ਦੇ ਸੀ ਆਈ ਐਸ ਸੀ ਈ ਬੋਰਡ ਦੇ ਨਤੀਜੇ ਸ਼ਾਨਦਾਰ ਰਹੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com



ਜ਼ੀਰਾ 2 ਮਈ ( ਅੰਗਰੇਜ਼ ਬਰਾੜ ) -

ਐਮਬਰੋਜ਼ੀਅਲ ਪਬਲਿਕ ਸਕੂਲ ਦੇ ਪ੍ਰਿੰਸੀਪਲ ਸ੍ਰੀ ਤੇਜ ਸਿੰਘ ਠਾਕੁਰ ਨੇ ਜਾਣਕਾਰੀ ਦਿੱਤੀ ਕਿ ਸੀ ਆਈ ਐਸ ਸੀ ਈ ਬੋਰਡ ਵੱਲੋਂ ਘੋਸ਼ਿਤ 10ਵੀਂ ਅਤੇ 12ਵੀਂ ਜਮਾਤ ਦੇ ਨਤੀਜੇ 100% ਰਹੇ ਹਨ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ, ਮਾਪਿਆਂ ਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ।

ਕਲਾਸ 10ਵੀਂ ਨਤੀਜੇ

ਪਹਿਲੀ ਪੇਜ਼ੀਸ਼ਨ – ਅਰਸ਼ਦੀਪ ਕੌਰ ਪੁੱਤਰੀ ਬਲਜੀਤ ਸਿੰਘ ਅਤੇ ਸਿਮਰਨ ਕੌਰ ਪੁੱਤਰੀ ਜਗਤਾਰ ਸਿੰਘ ਦੋਹਾਂ ਨੇ 96.5% ਅੰਕ ਪ੍ਰਾਪਤ ਕੀਤੇ।

ਦੂਜੀ ਪੇਜ਼ੀਸ਼ਨ ਵਿਨੇਪਾਲ ਪੁੱਤਰ ਹੀਰਾ ਸਿੰਘ 96% ਅੰਕ; ਵਿਨੇਪਾਲ ਨੇ ਬਾਇਓਲੋਜੀ ਅਤੇ ਜਿਓਲੋਜੀ ਵਿਚ 100 'ਚੋਂ 100 ਅੰਕ ਹਾਸਲ ਕੀਤੇ।

ਤੀਜੀ ਪੇਜ਼ੀਸ਼ਨ – ਇਸ਼ਾਂਤ ਹਿਮਾਚਲੀ ਪੁੱਤਰ ਸੰਜੀਵ ਕੁਮਾਰ – 95.8% ਅੰਕ।

ਕਲਾਸ 12ਵੀਂ (ਸਾਇੰਸ):

ਪਹਿਲੀ ਪੇਜ਼ੀਸ਼ਨ ਨਵਨੀਤ ਕੌਰ ਪੁੱਤਰੀ ਹਰਜੀਤ ਸਿੰਘ – 95%, ਦੂਜੀ ਪੇਜ਼ੀਸ਼ਨ – ਨਵਨੀਤ ਕੌਰ ਪੁੱਤਰੀ ਜਗਜੀਤ ਸਿੰਘ – 94%, ਤੀਜੀ ਪੇਜ਼ੀਸ਼ਨ ਸਮਰੀਤ ਕੌਰ ਪੁੱਤਰੀ ਅੰਗਰੇਜ਼ ਸਿੰਘ 93%

ਕਲਾਸ 12ਵੀਂ (ਕਾਮਰਸ)

ਪਹਿਲੀ ਪੇਜ਼ੀਸ਼ਨ – ਰਣਜੋਤ ਸਿੰਘ ਪੁੱਤਰ ਗੁਰਤੇਜ ਸਿੰਘ 91%

ਦੂਜੀ ਪੇਜ਼ੀਸ਼ਨ ਜੀਵਨਜੋਤ ਕੌਰ ਪੁੱਤਰੀ ਦਿਲਬਾਗ ਸਿੰਘ 89% ਤੀਜੀ ਪੇਜ਼ੀਸ਼ਨ ਜਸਨਦੀਪ ਕੌਰ ਪੁੱਤਰੀ ਜਸਵੀਰ ਸਿੰਘ 88%

ਕਲਾਸ 12ਵੀਂ (ਆਰਟਸ)

ਪਹਿਲੀ ਪੇਜ਼ੀਸ਼ਨ ਕਰਮਜੋਤ ਕੌਰ ਪੁੱਤਰੀ ਬੂਟਾ ਸਿੰਘ 92%

ਦੂਜੀ ਪੇਜ਼ੀਸ਼ਨ ਨਵਪ੍ਰੀਤ ਕੌਰ ਧੀ ਸਾਰਜ ਸਿੰਘ 90%

ਤੀਜੀ ਪੇਜ਼ੀਸ਼ਨ ਜਸਕਮਲ ਸਿੰਘ ਔਲਖ ਪੁੱਤਰ ਗੁਰਪ੍ਰੀਤ ਸਿੰਘ ਔਲਖ 89%

ਪ੍ਰਿੰਸੀਪਲ ਸ੍ਰੀ ਤੇਜ ਸਿੰਘ ਠਾਕੁਰ ਨੇ ਸਾਰੇ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਪ੍ਰਦਰਸ਼ਨ ਲਈ ਦਿਲੋਂ ਵਧਾਈ ਦਿੰਦਿਆਂ ਕਿਹਾ ਕਿ ਇਹ ਨਤੀਜੇ ਸਕੂਲ ਦੀ ਮਿਹਨਤ, ਮਾਪਿਆਂ ਦੇ ਸਹਿਯੋਗ ਅਤੇ ਵਿਦਿਆਰਥੀਆਂ ਦੀ ਲਗਨ ਦਾ ਨਤੀਜਾ ਹਨ। ਉਨ੍ਹਾਂ ਨੇ ਬੱਚਿਆਂ ਨੂੰ ਆਉਣ ਵਾਲੇ ਭਵਿੱਖ ਵਿੱਚ ਵੀ ਨਿਰੰਤਰ ਮਿਹਨਤ ਕਰਨ ਅਤੇ ਉੱਚੇ ਟੀਚੇ ਨਿਸ਼ਚਤ ਕਰਕੇ ਉਨ੍ਹਾਂ ਵੱਲ ਅੱਗੇ ਵਧਣ ਦੀ ਸਲਾਹ ਦਿੱਤੀ। ਸਕੂਲ ਦੇ ਚੇਅਰਮੈਨ ਸ ਸਤਨਾਮ ਸਿੰਘ ਬੁੱਟਰ ਨੇ ਵੀ ਇਸ ਸ਼ਾਨਦਾਰ ਉਪਲਬਧੀਆਂ ਉੱਤੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ, ਅਭਿਭਾਵਕਾਂ, ਅਧਿਆਪਕਾਂ ਅਤੇ ਪ੍ਰਿੰਸੀਪਲ ਨੂੰ ਹਾਰਦਿਕ ਵਧਾਈ ਦਿੰਦਿਆਂ ਕਿਹਾ ਕਿ ਇਹ ਨਤੀਜੇ ਸਿੱਖਿਆ ਅਤੇ ਸੰਸਕਾਰ ਦੋਹਾਂ ਵਿੱਚ ਵਿਸ਼ਵਾਸ ਰੱਖਣ ਵਾਲੇ ਸੰਸਥਾ ਦੇ ਉੱਚ ਮਿਆਰੀ ਮਾਪਦੰਡਾਂ ਦੀ ਗਵਾਹੀ ਦਿੰਦੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਉੱਚੇ ਉਦੇਸ਼ ਬਣਾਕੇ ਮਨ ਲਾ ਕੇ ਅਧਿਐਨ ਕਰਨ ਦੀ ਪ੍ਰੇਰਨਾ ਦਿੱਤੀ।

ਇਸ ਮੌਕੇ 'ਤੇ ਸਕੂਲ ਦੇ ਚਾਰੇ ਕੋਆਰਡੀਨੇਟਰ ਸ੍ਰੀਮਤੀ ਰੀਨਾ ਠਾਕੁਰ, ਸ੍ਰੀਮਤੀ ਅਨੁਪਮਾ ਠਾਕੁਰ, ਸ੍ਰੀ ਦੀਪਕ ਸੇਖੜੀ ਅਤੇ ਸ੍ਰੀ ਸੁਰਿੰਦਰ ਕਟੇਚ ਵੀ ਹਾਜ਼ਰ ਰਹੇ ਅਤੇ ਉਨ੍ਹਾਂ ਨੇ ਵੀ ਵਿਦਿਆਰਥੀਆਂ ਨੂੰ ਵਧਾਈਆਂ ਦੇ ਕੇ ਉਨ੍ਹਾਂ ਦੇ ਸੁਨਿਹਰੇ ਭਵਿੱਖ ਦੀ ਕਾਮਨਾ ਕੀਤੀ।

# ਅੱਗ ਉਗਲਦੈ ਸਿਰ ਤੇ ਸੂਰਜ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com

ਲਾਲ ਸਿੰਘ ਸੁਲਹਾਣੀ
੯੮੭੨੧੫੫੧੨੦



ਅੱਗ ਉਗਲਦੈ ਸਿਰ ਤੇ ਸੂਰਜ
ਹੇਠਾਂ ਤੱਤਾ ਪਾਣੀ।
ਸਣੇ ਜੁਆਕਾਂ ਝੋਨਾ ਲਾਉਂਦਾ
ਹਾਣਣ ਦੇ ਸੰਗ ਹਾਣੀ।

ਪੁੱਟ ਪਨੀਰੀ ਗੁੱਟੀਆਂ ਬੰਨ੍ਹੇ
ਬਾਪੂ ਬੁੱਢੜਾ ਠੇਰਾ।
ਨਾਲ ਟੱਬਰ ਦੇ ਜ਼ਫ਼ਰ ਜਾਲੇ
ਉਹ ਮੁਰਝਾਇਆ ਚੇਹਰਾ।
ਹੱਡ ਭੰਨਵੀਂ ਕਰੇ ਕਮਾਈ
ਦੇਹੀ ਅਧੋਰਾਣੀ।
ਸਣੇ ਜੁਆਕਾਂ---------

ਢਿੱਡ ਨੂੰ ਝੁਲਕਾ ਦੇਣ ਲਈ
ਸਾਰੇ ਸੂਲੀ ਟੰਗੇ ਰਹਿੰਦੇ।
ਬਾਈਕਾਟ ਤੇ ਨਾਕਾਬੰਦੀਆਂ
ਫੇਰ ਵਿਚਾਰੇ ਸਹਿੰਦੇ।
ਲਹੂ ਚੂਸਦੀ, ਮਾਸ ਚੂੰਡਦੀ
ਲੁੱਟਖੋਰਾਂ ਦੀ ਢਾਣੀ।
ਸਣੇ ਜੁਆਕਾਂ----------

ਪੰਜ ਪਾਂਜੇ ਨਾ ਪੂਰੇ ਹੁੰਦੇ
ਲੱਕ ਬੰਨ੍ਹ ਕਰਨ ਕਮਾਈਆਂ।
ਸਿਰ ਕਰਜ਼ਾ ਤੇ ਗਰਜ਼ ਘਰਾਂ ਦੀ
ਵਧੀਆਂ ਦੂਣ ਸਵਾਈਆਂ।
ਹੱਥ ਪੱਲੇ ਨਹੀਂ ਕੁਝ ਵੀ ਪੈਂਦਾ
ਉਲਝੀ ਰਹਿੰਦੀ ਤਾਣੀ।
ਸਣੇ ਜੁਆਕਾਂ----------

ਕਿਧਰ ਗਏ ਹੱਕ ਇਨ੍ਹਾਂ ਦੇ
ਇਹ ਵੀ ਧਰਤੀ ਜਾਏ?
ਭੁੱਖੇ ਢਿੱਡ ਸੌਂਦੇ ਕਿਰਤੀ ਕਿਉਂ
ਵਿਹਲੜ ਐਸ਼ ਉਡਾਏ?
ਘੱਟੇ ਰੁਲਦੇ 'ਲਾਲ' ਕੀਮਤੀ
ਕਿਸੇ ਨਾ ਕਦਰ ਪਛਾਣੀ?
ਸਣੇ ਜੁਆਕਾਂ--------

# ਸੁੰਦਰ ਬਸਤੀ ਚ ਗੰਭੀਰ ਹੋਇਆ ਸੀਵਰੇਜ ਬਲਾਕਿਜ ਦਾ ਮਾਮਲਾ

## ਭਾਰਤੀਯ ਅੰਬੇਡਕਰ ਮਿਸ਼ਨ ਦੇ ਕੌਮੀ ਪ੍ਰਧਾਨ ਸ੍ਰੀ ਦਰਸ਼ਨ ਕਾਂਗੜਾ ਨੇ ਡਿਪਟੀ ਕਮਿਸ਼ਨਰ ਨੂੰ ਸੌਂਪਿਆ ਮੰਗ ਪੱਤਰ , ਮਸਲੇ ਦਾ ਹੱਲ ਨਾ ਹੋਇਆ ਤਾਂ ਲਗਾਵਾਂਗੇ ਪੱਕਾ ਮੋਰਚਾ: ਕਾਂਗੜਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਮਈ
INTERNATIONAL PAPER, 94636 01616
hardipchumber57@gmail.com



ਸੰਗਰੂਰ,2 ਮਈ (ਜਗਸੀਰ ਲੌਂਗੋਵਾਲ) - ਸ਼ਹਿਰ ਦੀ ਸੁੰਦਰ ਬਸਤੀ ਵਿਖੇ ਸੀਵਰੇਜ ਸਿਸਟਮ ਅਤੇ ਟੂਟੀਆਂ ਵਿੱਚ ਆ ਰਹੇ ਗੰਧਲੇ ਪਾਣੀ ਦੇ ਚਲਦਿਆਂ ਬਸਤੀ ਦੇ ਵਸਨੀਕ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਜਿਸ ਨੂੰ ਲੈਕੇ ਦੇਸ਼ ਦੀ ਪ੍ਰਸਿੱਧ ਤੇ ਸਰਗਰਮ ਸਮਾਜਿਕ ਜੱਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਦੇ ਕੌਮੀ ਪ੍ਰਧਾਨ ਸ੍ਰੀ ਦਰਸ਼ਨ ਸਿੰਘ ਕਾਂਗੜਾ ਵੱਲੋਂ ਅੱਜ ਡਿਪਟੀ ਕਮਿਸ਼ਨਰ ਸੰਗਰੂਰ ਨਾਲ ਮੁਲਾਕਾਤ ਕੀਤੀ ਗਈ ਜਿਨ੍ਹਾਂ ਵੱਲੋਂ ਡਿਪਟੀ ਕਮਿਸ਼ਨਰ ਨੂੰ ਇਹਨਾਂ ਸਮੱਸਿਆਵਾਂ ਸਬੰਧੀ ਇੱਕ ਮੰਗ ਪੱਤਰ ਵੀ ਸੌਂਪਿਆ ਗਿਆ ਇਸ ਮੌਕੇ ਸ੍ਰੀ ਦਰਸ਼ਨ ਕਾਂਗੜਾ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਸੀਵਰੇਜ ਸਿਸਟਮ ਦੇ ਚਲਦਿਆਂ ਸੁੰਦਰ ਬਸਤੀ ਦੇ ਲੋਕ ਨਰਕ ਭਰੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਹੋ ਰਹੇ ਹਨ ਮੁਹੱਲੇ ਵਿੱਚ ਫੈਲੀ ਇਸ ਗੰਦਗੀ ਕਾਰਨ ਏਥੇ ਰਹਿਣ ਵਾਲੇ ਲੋਕ ਵੱਖ ਵੱਖ ਬਿਮਾਰੀਆਂ ਤੋਂ ਪੀੜਤ ਹਨ ਜਿਸ ਵੱਲ ਪ੍ਰਸ਼ਾਸਨ ਕੋਈ ਵਿਸ਼ੇਸ਼ ਧਿਆਨ ਨਹੀਂ ਦੇ ਰਿਹਾ ਸ੍ਰੀ ਦਰਸ਼ਨ ਕਾਂਗੜਾ ਨੇ ਡਿਪਟੀ ਕਮਿਸ਼ਨਰ ਨੂੰ ਇਹ ਵੀ ਦੱਸਿਆ ਕਿ ਇਸੇ ਗੰਦਗੀ ਕਾਰਨ 2023 ਵਿੱਚ ਵੀ ਦਰਜਨਾਂ ਵਿਅਕਤੀ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਚੁੱਕੇ ਹਨ ਜਿਨ੍ਹਾਂ ਵਿੱਚੋਂ 2 ਵਿਅਕਤੀਆਂ ਦੀਆਂ ਕੀਮਤੀ ਜਾਨਾਂ ਵੀ ਚਲੀਆਂ ਗਈਆਂ ਸਨ ਸ੍ਰੀ ਦਰਸ਼ਨ ਕਾਂਗੜਾ ਨੂੰ ਡਿਪਟੀ ਕਮਿਸ਼ਨਰ ਨੇ ਭਰੋਸਾ ਦਵਾਇਆ ਕਿ ਉਹ ਸਬੰਧਤ ਵਿਭਾਗਾਂ ਨੂੰ ਹਦਾਇਤ ਕਰਕੇ ਇਹਨਾਂ ਸਮੱਸਿਆਵਾਂ ਨੂੰ ਜਲਦ ਤੋਂ ਜਲਦ ਹੱਲ ਕਰਵਾਉਣਗੇ ਇਸ ਉਪਰੰਤ ਸ੍ਰੀ ਦਰਸ਼ਨ ਕਾਂਗੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਸੁੰਦਰ ਬਸਤੀ ਵਿਖੇ ਸੀਵਰੇਜ ਸਿਸਟਮ ਅਤੇ ਟੂਟੀਆਂ ਵਿੱਚ ਆ ਰਹੇ ਗੰਧਲੇ ਤੇ ਬਦਬੂ ਵਾਲੇ ਪਾਣੀ ਦੀ ਸਮੱਸਿਆਵਾਂ ਨੂੰ ਲੈਕੇ ਮਿਲੇ ਹਨ ਜਿਨ੍ਹਾਂ ਵੱਲੋਂ ਜਲਦ ਇਸ ਨੂੰ ਹੱਲ ਕਰਨ ਦਾ ਭਰੋਸਾ ਦਵਾਇਆ ਗਿਆ ਹੈ। ਸ੍ਰੀ ਦਰਸ਼ਨ ਕਾਂਗੜਾ ਨੇ ਕਿਹਾ ਕਿ ਸਮੇਂ ਸਰਕਾਰ ਵੱਲੋਂ ਉਨ੍ਹਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ ਸੁੰਦਰ ਬਸਤੀ ਵੀ ਸਲੱਮ ਏਰੀਆ ਹੋਣ ਕਰਕੇ ਸਰਕਾਰ ਵੱਲੋਂ ਇਸ ਨੂੰ ਅਣਗੌਲਿਆਂ ਜਾ ਰਿਹਾ ਹੈ।ਕੌਮੀ ਪ੍ਰਧਾਨ ਨੇ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਪ੍ਰਸ਼ਾਸਨ ਵੱਲੋਂ ਸੁੰਦਰ ਬਸਤੀ ਦੀਆਂ ਇਨ੍ਹਾਂ ਸਮੱਸਿਆਵਾਂ ਦਾ ਜ਼ਲਦ ਹੱਲ ਨਾ ਕੀਤਾ ਗਿਆ ਤਾਂ ਉਹ ਇਹਨਾਂ ਸਮੱਸਿਆਵਾਂ ਨੂੰ ਲੈਕੇ ਸਬੰਧਤ ਵਿਭਾਗ ਦੇ ਖਿਲਾਫ ਪੱਕਾ ਮੋਰਚਾ ਲਗਾਉਣਗੇ ।ਇਸ ਮੌਕੇ ਉਨ੍ਹਾਂ ਨਾਲ ਲਖਵੀਰ ਸਿੰਘ ਸੇਖੋਂ, ਜਗਸੀਰ ਸਿੰਘ, ਮਨੋਜ ਕੁਮਾਰ, ਸਾਜਨ ਕਾਂਗੜਾ ਆਦਿ ਹਾਜ਼ਰ ਸਨ।


## "ਇਕੁਐਲਿਟੀ ਐਂਡ ਜਸਟਿਸ"



ਐਡਵਰਟਾਈਜਮੈਂਟ, ਖ਼ਬਰਾਂ, ਆਰਟੀਕਲ, ਕਵਿਤਾਵਾਂ, ਲਿਖਤਾਂ, ਖੁਸ਼ੀਆਂ ਅਤੇ ਗਮੀਆਂ ਦੇ ਸੁਨੇਹੇ, ਵਿਆਹ ਸ਼ਾਦੀਆਂ ਦੇ ਇਸ਼ਤਿਹਾਰ ਆਦਿ ਅਤੇ ਹੋਰ ਛਾਪਣ ਯੋਗ ਸਮਗਰੀ ਫੋਟੋਆਂ ਦੇ ਸਮੇਤ ਟਾਈਪ ਕਰਕੇ ਸਾਫ-ਸਾਫ ਭੇਜਣ ਦੀ ਕਿਰਪਾ ਕਰੋ। ਕਿਸੇ ਵੀ ਤਰਾਂ ਦੀ ਲਿਖਤਾਂ, ਖ਼ਬਰਾਂ ਅਤੇ ਇਸ਼ਤਿਹਾਰ ਦੀ ਹਰ ਤਰਾਂ ਦੀ ਜਿੰਮੇਵਾਰੀ ਭੇਜਣ ਵਾਲੇ ਦੀ ਹੋਵੇਗੀ। ਕਿਸੇ ਵੀ ਲਿਖਤ ਨੂੰ ਛਾਪਣਾ ਜਾ ਨਾ ਛਾਪਣਾ "ਇਕੁਐਲਿਟੀ ਐਂਡ ਜਸਟਿਸ" ਬੋਰਡ ਦੇ ਡਾਇਰੈਕਟਰਜ਼ ਦਾ ਅਧਿਕਾਰ ਹੋਵੇਗਾ।

ਸਮਾਜਿਕ ਦਾਇਤਵ ਹਿਤ ਸਹਾਇਤਾ ਲਈ ਗੂੱਗਲ ਪੇ ਨੰਬਰ ਅਤੇ ਬੈਂਕ ਅਕਾਉਂਟ ਨੰਬਰ ਦਿੱਤਾ ਗਿਆ ਹੈ।

ਸੰਪਾਦਕ – "ਇਕੁਐਲਿਟੀ ਐਂਡ ਜਸਟਿਸ" - Whats app 91-94636-01616.

Email-hardipchumber57@gmail.com -
(Google pay- 91-9780634849)

HARDIP SINGH SATE BANK OF INDIA
ACCT NO-10566643658 . IFSC- SBIN0050773

“Equality and justice”
Patiala 02 May
INTERNATIONAL PAPER, 94636 01616
hardipchumber57@gmail.com

# ਵਿਸ਼ਵ ਪ੍ਰੈਸ ਆਜ਼ਾਦੀ ਦਿਵਸ 3 ਮਈ 2025- ਮੌਜੂਦਾ ਡਿਜੀਟਲ ਯੁੱਗ ਵਿੱਚ ਲੋਕਤੰਤਰ ਦੇ ਚੌਥੇ ਥੰਮ੍ਹ, ਪ੍ਰੈਸ ਦੇ ਸਾਰੇ ਪਲੇਟਫਾਰਮਾਂ ਦੀ ਮਹੱਤਵਪੂਰਨ ਭੂਮਿਕਾ



**ਸਰਕਾਰਾਂ ਦੀ ਜਵਾਬਦੇਹੀ ਯਕੀਨੀ ਬਣਾਉਣ ਅਤੇ ਆਮ ਲੋਕਾਂ ਦੀ ਆਵਾਜ਼ ਪ੍ਰਸ਼ਾਸਨ ਤੱਕ ਪਹੁੰਚਾਉਣ ਵਿੱਚ ਪ੍ਰੈਸ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।, ਮੌਜੂਦਾ ਡਿਜੀਟਲ ਯੁੱਗ ਵਿੱਚ, ਇਲੈਕਟ੍ਰਾਨਿਕ, ਸਮਾਜਿਕ ਅਤੇ ਪ੍ਰਿੰਟ ਮੀਡੀਆ ਵਿੱਚ ਪਾਰਦਰਸ਼ਤਾ, ਸੁਤੰਤਰਤਾ, ਨਿਰਪੱਖਤਾ ਅਤੇ ਇਮਾਨਦਾਰੀ ਨਾਲ ਕੰਮ ਕਰਨਾ ਸਮੇਂ ਦੀ ਲੋੜ ਹੈ - ਐਡਵੋਕੇਟ ਕਿਸ਼ਨ ਸਨਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ**

ਗੋਂਡੀਆ - ਮੌਜੂਦਾ ਡਿਜੀਟਲ ਯੁੱਗ ਵਿੱਚ ਵਿਸ਼ਵ ਪੱਧਰ ‘ਤੇ ਕਈ ਮੀਡੀਆ ਪਲੇਟਫਾਰਮਾਂ ਦੇ ਆਉਣ ਕਾਰਨ, ਨਾ ਸਿਰਫ਼ ਲੋਕਤੰਤਰ ਦੇ ਚੌਥੇ ਥੰਮ੍ਹ, ਮੀਡੀਆ ਦੀ ਜਵਾਬਦੇਹੀ ਵਧੀ ਹੈ, ਸਗੋਂ ਦੁਨੀਆ ਦੀਆਂ ਸਰਕਾਰਾਂ ਦੀ ਜਵਾਬਦੇਹੀ ਵੀ ਵਧੀ ਹੈ ਕਿਉਂਕਿ ਪ੍ਰੈਸ ਦੀ ਆਜ਼ਾਦੀ ਦੇ ਨਾਲ-ਨਾਲ ਦੇਸ਼ ਦੀ ਏਕਤਾ, ਅਖੰਡਤਾ, ਸੁਰੱਖਿਆ ਅਤੇ ਸੁਰੱਖਿਆ ਨਾਲ ਸਬੰਧਤ ਭੇਦਾਂ ਨੂੰ ਵੀ ਬਣਾਈ ਰੱਖਣਾ ਪੈਂਦਾ ਹੈ, ਤਾਂ ਜੋ ਵਿਦੇਸ਼ੀ ਹਮਲਿਆਂ ਤੋਂ ਬਚਾਅ ਕੀਤਾ ਜਾ ਸਕੇ, ਇਸ ਲਈ ਅਸੀਂ ਦੇਖਿਆ ਕਿ ਹਾਲ ਹੀ ਵਿੱਚ ਭਾਰਤ ਸਰਕਾਰ ਨੇ ਪ੍ਰੈਸ ਲਈ ਦਿਸ਼ਾ-ਨਿਰਦੇਸ਼ ਵੀ ਜਾਰੀ ਕੀਤੇ ਸਨ। ਅੱਜ ਅਸੀਂ ਪ੍ਰੈਸ ਨਾਲ ਸਬੰਧਤ ਮੁੱਦੇ ਉਠਾ ਰਹੇ ਹਾਂ ਕਿਉਂਕਿ 3 ਮਈ 2025 ਨੂੰ ਅਸੀਂ ਵਿਸ਼ਵ ਪ੍ਰੈਸ ਆਜ਼ਾਦੀ ਦਿਵਸ 2025 ਮਨਾ ਰਹੇ ਹਾਂ, ਇਸ ਦਿਨ ਦੁਨੀਆ ਭਰ ਵਿੱਚ ਪ੍ਰੈਸ ਦੀ ਆਜ਼ਾਦੀ ਦਾ ਮੁਲਾਂਕਣ ਕੀਤਾ ਜਾਂਦਾ ਹੈ, ਮੀਡੀਆ ਨੂੰ ਆਪਣੀ ਆਜ਼ਾਦੀ ‘ਤੇ ਹਮਲਿਆਂ ਤੋਂ ਸੁਰੱਖਿਅਤ ਰੱਖਿਆ ਜਾਂਦਾ ਹੈ, ਆਪਣੇ ਪੇਸ਼ੇ ਦੌਰਾਨ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮੀਡੀਆ ਸਾਥੀਆਂ ਨੂੰ ਸ਼ਰਧਾਂਜਲੀ ਦਿੱਤੀ ਜਾਂਦੀ ਹੈ। ਕਿਉਂਕਿ ਮੌਜੂਦਾ ਡਿਜੀਟਲ ਯੁੱਗ ਵਿੱਚ, ਇਲੈਕਟ੍ਰਾਨਿਕ ਸੋਸ਼ਲ ਅਤੇ ਪ੍ਰਿੰਟ ਮੀਡੀਆ ਵਿੱਚ ਪਾਰਦਰਸ਼ਤਾ, ਆਜ਼ਾਦੀ, ਨਿਰਪੱਖਤਾ ਅਤੇ ਇਮਾਨਦਾਰੀ ਨਾਲ ਕੰਮ ਕਰਨਾ ਸਮੇਂ ਦੀ ਲੋੜ ਹੈ, ਇਸ ਲਈ ਅੱਜ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ, ਇਸ ਲੇਖ ਰਾਹੀਂ ਅਸੀਂ ਚਰਚਾ ਕਰਾਂਗੇ, ਵਿਸ਼ਵ ਪ੍ਰੈਸ ਆਜ਼ਾਦੀ ਦਿਵਸ 3 ਮਈ 2025, ਵਿਸ਼ਵ ਪ੍ਰੈਸ ਆਜ਼ਾਦੀ ਦਿਵਸ 2025, ਵਿਸ਼ਵ ਪ੍ਰੈਸ ਆਜ਼ਾਦੀ ਦਿਵਸ 2025, ਵਿਸ਼ਵ ਪ੍ਰੈਸ ਆਜ਼ਾਦੀ ਦਿਵਸ 2025, ਵਿਸ਼ਵ ਪ੍ਰੈਸ ਆਜ਼ਾਦੀ ਦਿਵਸ 2025, ਵਿਸ਼ਵ ਪ੍ਰੈਸ ਆਜ਼ਾਦੀ ਦਿਵਸ 2025, ਵਿਸ਼ਵ ਪ੍ਰੈਸ ਆਜ਼ਾਦੀ ਦਿਵਸ 2025, ਵਿਸ਼ਵ ਪ੍ਰੈਸ ਆਜ਼ਾਦੀ ਦਿਵਸ 2025, ਚੌਥੇ ਥੰਮ੍ਹ ਪ੍ਰੈਸ ਦੇ ਸਾਰੇ ਪਲੇਟਫਾਰਮਾਂ ਦੀ ਮਹੱਤਵਪੂਰਨ ਭੂਮਿਕਾ।

